C.53,1.9G1
H9;7

7949

ਸਭ ਹਕ ਰਾਖਵੇਂ (All rights reserved)

੧ ਓ ਸਤਿਗੁਰ ਪ੍ਰਸਾਦਿ ॥

ਪੰਜਾਬੀ, ਪੰਜਾਬੀਓ ! ਫੁਲਵਾੜੀ ਸੱਡੀ ।
ਭੁੱਖੀ ਸੱਤੇ ਪਿਆਰ ਦੀ, ਖਿੜ ਮਹਿਕੇ ਡਾਢੀ।

## ਪੰਜਾਬੀ ਫੁਲਵਾੜੀ

# ਕੋਇਲ ਕੂ

212

ਅਰਥਾਤ

ਪੰਜਾਬੀ ਕਵੀਆਂ ਦੀਆਂ ਮਨੋਹਰ ਰਚਨਾਂ

ਤੇ

ਉਨ੍ਹਾਂ ਦੇ ਸੰਖੇਪ ਹਾਲਾਤ

ਕ੍ਰਿਤ

ਸ੍ਰੀ ਮਾਨ ਬਾਵਾ ਬੁਧ ਸਿੰਘ ਜੀ
ਐਗਜ਼ੈਕਟਿਵ ਇੰਜੀਨੀਅਰ ਪੰਜਾਬ

ਪ੍ਰਕਾਸ਼ਕ:-

ਲਾਹੌਰ ਬੁਕ ਸ਼ਾਪ

1959

੧੯੫੯) ਘੰਟਾ ਘਰ ਲੁਧਿਆਣਾ ਕੀਮਤ ੩)

ਗੁਰਮੁਖੀ ਪ੍ਰਿੰਟਿੰਗ ਪ੍ਰੈਸ ਲੁਧਿਆਣਾ ਵਿਚ ਸ: ਸੁੰਦਰ ਸਿੰਘ ਪ੍ਰਿੰਟਰ
ਦੇ ਯਤਨ ਨਾਲ ਛਪੀ ਤੇ ਸ: ਜੀਵਨ ਸਿੰਘ ਜੀ ਐਮ. ਏ.
ਮਾਲਕ ਫਰਮ ਲਾਹੌਰ ਬੁਕ ਸ਼ਾਪ ਨੇ ਲੁਧਿਆਣੇ ਤੋਂ
ਪ੍ਰਕਾਸ਼ਤ ਕੀਤੀ !!

58758

ੴ ਸਤਿਗੁਰਪ੍ਰਸਾਦਿ ॥

# ਬੇਨਤੀ

## [ਪਹਿਲੀ ਛਾਪ]

ਉਸ ਸੱਚੇ ਪਾਤਿਸ਼ਾਹ, ਸਾਰੇ ਰਸਾਂ ਦੇ ਸੋਮੇ ਦਾ ਕੋਮਲ ਹੁਨਰ ਜਿਸਦੀ ਸੁੰਦਰਤਾ ਦੇ ਝਲਕ ਦਾ ਅਕਸ, ਇਕ ਮੈਲੇ ਦਰਪਨ ਵਾਂਗੂੰ, ਇਸ ਮਨੁੱਖੀ ਚਿੱਤ ਤੇ ਪਾਂਦੇ ਹਨ, ਅਨਗਿਨਤ ਧੰਨਵਾਦ ਹੈ ਜਿਸ ਨੇ ਦਾਸ ਨੂੰ ਫੇਰ ਪਬਲਕ ਦੇ ਸਾਹਮਣੇ, ਇਹ ਭੇਟਾ— **"ਕੋਇਲ ਕੂ"** ਭੇਟ ਕਰਨ ਦੀ ਵੇਹਲ ਬਖਸ਼ੀ ਅਰ 'ਹੰਸਚੋਗ' ਦੀ ਉਥਾਨਕਾ ਵਿਚ ਕੀਤੇ ਕਰਾਰ ਨੂੰ ਪੂਰਾ ਕਰਨ ਦੀ ਤਾਕਤ ਦਿੱਤੀ। ਏਹ ਭੇਟਾ, ਵਿਦਵਾਨਾਂ ਦੇ ਲੈਕ ਤੇ ਨਹੀਂ ਪਰ ਫੇਰ ਵੀ ਇਕ ਪੰਜਾਬੀ ਝੱਲੇ, ਦੀ ਨਾ ਝਲੀ ਜਾਨ ਵਾਲੀ ਉਮੰਗ ਦੀ ਪਦੇਸ਼, "ਕੋਇਲ ਕੂ" ਨੂੰ ਮੇਰੇ ਵਿਦਵਾਨ ਭਰਾ, ਅਰ ਅਪਨੀ ਦੇਸੀ ਬੋਲੀ ਦੇ ਪਿਆਰੇ, ਜ਼ਰੂਰ ਇਕ ਵਾਰੀ ਪੜ੍ਹਨ ਦੀ ਖੇਚਲ ਕਰਨਗੇ।

ਜੇਕਰ ਉਹਨਾਂ ਦੇ ਮਨ ਵਿਚ ਕਦੀ ਇਸ ਪੁਸਤਕ ਦੇ ਪੜ੍ਹਨ ਨਾਲ, ਆਪਨੀ ਭੁੱਲੀ ਬੋਲੀ ਨਾਲ ਪਿਆਰ ਹੋ ਜਾਵੇ, ਤਾਂ ਕਰਤਾ ਨੇ ਸਭੋ ਕੁਝ ਪਾ ਲਿੱਤਾ।

ਇਸ ਗੱਲ ਨੂੰ ਦਾਸ ਸ਼ੋਕ ਨਾਲ ਪ੍ਰਗਟ ਕਰਦਾ ਹੈ ਕਿ "ਹੰਸ ਚੋਗ" ਪੁਸਤਕ ਨੂੰ ਪੰਜਾਬੀ ਭ੍ਰਾਵਾਂ ਨੇ ਬੜੀ ਅਨਗੋਹਲੀ ਨਾਲ ਵੇਖਿਆ ਹੈ ਅਰ ਉਸ ਕਿਤਾਬ ਦੀ ਵਿਕਰੀ ਬੜੀ ਥੋੜੀ ਹੋਈ ਹੈ। ਜਿਸ ਕਰਕੇ ਗ੍ਰੰਥ ਕਰਤਾ ਨੂੰ ਮਾਲੀ ਨੁਕਸਾਨ ਉਠਾਨਾ ਪਿਆ। ਹੁਨ ਛਪਾਈ, ਕਾਗਜ ਆਦਿ ਦਾ ਖਰਚ ਫੇਰ ਵੱਧ ਗਿਆ

ਹੈ ਪਰ ਫੇਰ ਵੀ ਪੰਜਾਬੀ ਬੋਲੀ ਦੀ ਸੇਵਾ ਦੇ ਹਿਤ ਕਰਕੇ ਏਹ ਪੁਸਤਕ ਛਾਪੀ ਜਾਂਦੀ ਹੈ, ਸ਼ੋਕ ਗੁਰਮੁਖੀ ਅੱਖਰਾਂ ਵਿਚ ਹੋਨ ਕਰਕੇ ਇਸ ਦੀ ਪੋਂਚ ਉਹਨਾਂ ਸੱਜਨਾਂ ਤਕ ਨਾ ਹੋਈ ਹੋਵੇ ਜੇਹੜੇ ਗੁਰਮੁਖੀ ਤੋਂ ਅੰਞਾਨ ਹਨ ਪਰ ਦਾਸ, ਜੇਕਰ ਸੱਜਨ ਚਾਹਨ, ਤਾਂ ਇਨ੍ਹਾਂ ਪੁਸਤਕਾਂ ਨੂੰ ਉਰਦੂ ਜਾਂ ਹਿੰਦੀ ਅੱਖਰਾਂ ਵਿਚ ਵੀ ਛਾਪਨ ਦਾ ਪ੍ਰਬੰਧ ਕਰ ਸਕਦਾ ਹੈ। ਐਪਰ ਦਾਸ ਨੂੰ "ਮਾਲੀ" ਨੁਕਸਾਨ ਨਾ ਉਠਾਨਾ ਪਵੇ।

ਏਸੇ ਸਰੇਨੀ ਦੀ ਤੀਜੀ ਪੁਸਤਕ ਦੀ ਉਡੀਕ ਰੱਖੋ। ਪੈਹਲੋਂ ਖ਼ਿਆਲ ਸੀ ਕਿ ਦੋ ਜਿਲਦਾਂ ਵਿਚ ਈ ਪੰਜਾਬੀ ਕਵਿਤਾ ਦਾ ਸੰਖੇਪ ਹਾਲ ਆ ਜਾਏਗਾ, ਪਰ ਜਿਉਂ ਜਿਉਂ ਇਸ ਸਾਗਰ ਦੀ ਖੋਜ ਕੀਤੀ, ਇਸ ਦੇ ਤਲੇ ਵਿਚ ਅਨੇਕ ਅਨਮੁੱਲ ਰਤਨ ਪਾਏ। ਇਸ ਕਰਕੇ ਪੁਸਤਕ ਦਾ ਅਕਾਰ ਵੱਧਦਾ ਗਿਆ, ਖਿਮਾ ਕਰਨੀ। ਇਸ ਵਿਸ਼ੇ ਤੇ, ਮੈਥੋਂ ਕੋਈ ਸੱਜਨਾਂ ਨੂੰ ਵਧੀਕ ਬੋਧ ਹੋਵੇਗਾ। ਕੇਹਾ ਚੰਗਾ ਹੋਵੇ ਜੇ ਉਹ ਅਪਨੀ ਖੋਜਾਂ ਤੋਂ ਮੈਨੂੰ ਵੀ ਜਾਨੂੰ ਕਰਨ ਅਰ ਪੰਜਾਬੀ ਬੋੱਲੀ ਦੀ ਉਨਤੀ ਨੂੰ ਸਾਂਝਾ ਕੰਮ ਜਾਨ ਕੇ ਹੱਥ ਵਟਾਨ। ਪੰਜਾਬੀ ਕੋਈ ਧਾਰਮਕ ਜਾਂ ਮਜ਼ਹਬੀ ਬੋਲੀ ਨਹੀਂ, ਸਭ ਦੀ ਸਾਂਝੀ ਪੂੰਜੀ ਹੈ। ਹਿੰਦੂ, ਮੁਸਲਮਾਨ ਤੇ ਸਿੱਖ ਸਾਰੇ ਹਲਕੇ ਇਸ ਦੀ ਨੀਵੀਂ ਦਿਸ਼ਾ ਨੂੰ ਉਚਾ ਕਰਨ ॥

ਲਾਹੌਰ
ਤਾਰੀਖ ੧ ਜਨਵਰੀ ੧੯੧੬
1916

ਦਾਸ—
ਬਾਵਾ ਬੁਧ ਸਿੰਘ

# ਕੋਇਲਕੂ

(ਦੂਜੀ ਛਾਪ)

## ਬੇਨਤੀ

ਕੋਇਲਕੂ ਦੀ ਪੈਹਲੀ ਛਾਪ ਛਪਿਆਂ ਨੂੰ ਦਸ ਵਰ੍ਹੇ ਬੀਤ ਚੁਕੇ ਨੇਂ, ਕਿਸੇ ਕਦਰ ਨਾ ਪਾਈ। ਹਾਂ ਸਰਕਾਰ ਵਲੋਂ ਤਾਂ ਅਵਲ ਇਨਾਮ ਮਿਲਿਆ। ਗਿਆਨੀ ਦੀ ਕੋਰਸ ਹੋਈ ਤਾਂ ਸਿਖਾਂ ਵਲੋਂ ਹਾਂ, ਜੀ ਸਿੱਖ ਸਕੂਲਾਂ ਦੇ ਪ੍ਰਬੰਧਕਾਂ ਵਲੋਂ ਯੂਨੀਵਰਸਟੀ ਕੋਲ ਸ਼ਕੈਤਾਂ ਪੁਜੀਆਂ ਕਿ ਏ ਇਸ਼ਕੀਆ ਕਵੀਆਂ ਤੇ ਉਹਨਾਂ ਦੀ ਕਵਿਤਾ ਦੀ ਪੁੜੀ ਹੈ, ਇਸ ਨੂੰ ਟੈਕਸਟ ਨਹੀਂ ਬਨਾਣਾ ਚਾਹੀਏ। ਟੈਕਸਟ ਬੰਦ ਹੋ ਗਈ। ਨਾਲ ਈ ਹੰਸ ਚੋਗ ਵੀ। ਵਾਹ ਸਾਡੇ ਸਿੱਖ Educationists ਵਿਦਿਆ ਪਰਚਾਰਕਾਂ ਦੀ ਕਰਤੂਤ! ਜਦ ਉਹ ਪੰਜਾਬੀ ਦੇ ਅਸਲੀ ਕਵਿਤਾ ਭੰਡਾਰ ਤੋਂ ਡਰਦੇ ਰਹੇ ਤਾਂ ਓਹਨਾਂ ਪੰਜਾਬੀ ਦੀ ਉੱਨਤੀ ਕੀ ਕਰਨੀ ਸੀ। ਪਰ ਵੇਲੇ ਨੇ ਅਪਨਾ ਅਸਰ ਵਿਖਾਇਆ ਤੇ ਅੰਤ ਪੁਰਾਤਨ ਕਵਿਤਾ ਵਲ ਝਾਤੀ ਪਾਣੀ ਪਈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਧਾਰਮਕ ਗ੍ਰੰਥ ਹੋਇਆ। ਨਿਰਾ ਓਸੇ ਤੇ ਆਸਰਾ ਰਖ ਕੇ ਪੰਜਾਬੀ ਦੇ ਵਾਧੇ ਦੀ ਕੋਸ਼ਸ਼ ਕਰਨਾ ਕੇਵਲ ਪੰਜਾਬੀ ਨੂੰ ਸਿਖਾਂ ਦੀ ਈ ਬੋਲੀ ਬਨਾਣਾ ਸੀ। ਇਸ ਦਾ ਮਾੜਾ ਅਸਰ ਏਹ ਹੋਇਆ ਕਿ ਹੋਰਨਾਂ, ਹਿੰਦੂ; ਮੁਸਲਮਾਨਾਂ ਸਜਨਾਂ ਨੇ ਵੀ ਪੰਜਾਬੀ ਦਾ ਲੜ ਛੱਡ ਦਿਤਾ ਉਸ ਨੂੰ ਕੇਵਲ ਸਿਖਾਂ ਦੀ ਬੋਲੀ ਜਾਤਾ। ਹੁਣ ਲੋਕ ਇਸ ਗਲਤੀ ਦੇ ਚਿੱਕੜ ਵਿਚੋਂ ਨਿਕਲ

ਰਹੇ ਹਨ। ਕੁਝ ਕੁਝ ਪੁਰਾਣੇ ਸਿੱਖ ਅਜੇ ਵੀ ਧਾਰਮਕ ਵਿਸ਼ੇ ਤੋਂ ਬਿਨਾ ਗੁਰਮੁਖੀ ਵਿਚ ਹੋਰ ਪੁਸਤਕਾਂ ਵੇਖ ਖੁਸ਼ ਨਹੀਂ ਹੁੰਦੇ। ਪਰ ਅਜੇਹੇ ਪ੍ਰੇਮੀ ਹੁਣ ਥੋੜੇ ਨੇਂ। ਸਾਨੂੰ ਆਸ ਹੈ ਕਿ ਪੰਜਾਬੀ ਲਿਟਰੇਚਰ ਵੀ, ਹੋਰਨਾਂ ਬੋਲੀਆਂ ਅੰਗਰੇਜ਼ੀ, ਉਰਦੂ, ਹਿੰਦੀ, ਵਾਂਗੂ ਵੱਧਕੇ ਅਪਨੀ ਅਸਲੀ ਪਦਵੀ ਹਿੰਦ ਦੀਆਂ ਬੋਲਿਆਂ ਵਿਚ ਲਵੇਗੀ।

ਕੋਇਲਕੂ ਦੀ ਪੇਹਲੀ ਛਾਪ ਜਦ ਛਪੀ ਸੀ ਉਸ ਵੇਲੇ ਕਈ ਮੁਗ਼ਲੇਈ ਸਮੇਂ ਕਵੀਆਂ ਦਾ ਪਤਾ ਨਹੀਂ ਸੀ ਪਿਛੋਂ ਖੋਜ ਤੋਂ ਨਵੇਂ ਕਵੀਆਂ ਦੀਆਂ ਰਚਨਾਂ ਮਿਲੀਆਂ, ਜੀਕਨ:-

(੧) ਦਾਮੋਦਰ ਦੀ ਹੀਰ
(੨) ਪੀਲੂ ਦਾ ਮਿਰਜ਼ਾ ਸਾਹਿਬਾਂ
(੩) ਨਿਜਾਬਤ ਦੀ ਵਾਰ ਨਾਦਰਸ਼ਾਹ

ਇਹ ਕਵੀ ਬੰਬੀਹਾ ਬੋਲ ਵਿਚ ਲਿਖੇ ਗਏ ਨੇਂ। ਖਿਆਲ ਸੀ ਕਿ ਨਵੀਂ ਛਾਪ ਵਿਚ ਸਾਰੇ ਮੁਗਲੇਈ ਕਵੀ ਕਠੇ ਕਰ ਦਿਤੇ ਜਾਨਗੇ, ਪਰ ਬੰਬੀਹਾ ਬੋਲ ਛਪਨ ਤੋਂ ਪਿਛੋਂ ਛੇਤੀ ਈ ਕੋਇਲਕੂ ਦੀ ਨਵੀਂ ਦੂਜੀ ਛਾਪ ਦੀ ਲੋੜ ਪਈ। ਇਸ ਕਰਕੇ ਅਦਲੀ ਬਦਲੀ ਨਹੀਂ ਕੀਤੀ ਗਈ। ਕੇਵਲ "ਕਵਿਤਾ" ਦੇ ਭਾਗ ਨੂੰ ਫੇਰ ਵਿਚਾਰ ਕਰਕੇ ਛਾਪ ਦਿਤਾ ਗਿਆ ਹੈ। ਏਹੀ ਹਿਸਾ ਗਿਆਨੀ ਦੀ ਕੋਰਸ ਦਾ ਹੈ। ਅਗਲੀ ਵਾਰੀ ਕੋਇਲਕੂ ਤੇ ਬੰਬੀਹਾ ਬੋਲ ਨੂੰ ਨਵੀਂ ਤਰਤੀਬ ਵਿਚ ਛਾਪਿਆ ਜਾਵੇਗਾ। ਤੇ ਕਵਿਤਾ ਸੰਬੰਧੀ ਨਵੀਂ ਵਿਚਾਰ ਲਿਖੀ ਜਾਸੀ ਭੁਲ ਚੁਕ ਮਾਫ।

ਫੋਰਟ ਮਨਰੋ। ਦਾਸ—ਬਾਵਾ ਬੁਧ ਸਿੰਘ
੧੧-੮-੧੯੨੬

ੴ ਵਾਹਿਗੁਰੂ ਜੀ ਕੀ ਫਤਹ ॥

# ਤਤਕਰਾ


| ਲੇਖ | ਸਫ਼ਾ |
|---|---|
| ਪਹਿਲਾ ਰਸ—ਕਵਿਤਾ | ੯ |
| ਕਵਿਤਾ ਅਸਲ ਕੀ ਹੈ ? | ੧੧ |
| ਕਵਿਤਾ ਦੀ ਕਾਰੀ ਗਰੀ | ੧੧ |
| ਕਵਿਤਾ ਲਈ ਕਿਸ ੨ ਵਸਤ ਦੀ ਲੋੜ ਹੈ | ੧੨ |
| ਸੋਚ ਦੀ ਉਨਤੀ | ੧੩ |
| ਕਵਿਤਾ ਦੇ ਰੰਗ, ਨੰਗੀ ਤੇ ਕੱਜੀ ਕਵਿਤਾ | ੧੯ |
| ਕੁਦਰਤੀ ਕਵਿਤਾ | ੨੧ |
| ਕਵਿਤਾ ਦੇ ਭੂਸ਼ਨ | ੨੨ |
| ਅਲੰਕਾਰ | ੨੪ |
| ਸਬਦਾਲੰਕਾਰ | ੨੫ |
| ਅਰਥਾਲੰਕਾਰ | ੨੯ |
| ਜੇਬੁਲ ਨਿਸ਼ਾ ਤੇ ਸਰੂ | ੩੧ |
| ਮੁਬਾਲਗਾ | ੩੪ |
| ਤਮਸੀਲ ਦ੍ਰਿਸ਼ਟਾਂਤ | ੩੬ |
| ਕਨਾਯਾ | ੩੭ |
| ਨਿੰਦਾਂ ਜਾਂ ਹਜੂ | ੩੮ |

| ਲੇਖ | ਸਫ਼ਾ |
|---|---|
| ਕਵਿਤਾ ਦਾ ਸਬੰਧ ਹੋਰਨਾਂ ਹੁਨਰਾਂ ਨਾਲ | ੩੮ |
| ਚਿਤ੍ਰਕਾਰੀ | ੩੯ |
| ਘਾੜਤ ਵਿਦਿਆ | ੪੦ |
| ਰਾਗ | ੪੧ |
| ਕਵਿਤਾ ਦੀਆਂ ਕਿਸਮਾਂ | ੪੪ |
| ਬੀਰ ਰਸ | ੪੬ |
| ਸ਼ਿੰਗਾਰ ਰਸ | ੪੭ |
| ਕਰਨਾ ਰਸ | ੪੯ |
| ਹਾਸੀ ਜਾਂ ਮਖੌਲ | ੫੨ |
| ਨਿੰਦਾ ਰਸ | ੫੨ |
| ਰੌਦਰ ਰਸ, ਭਿਆਨ ਰਸ | ੫[illegible] |
| ਅਧਭੁਤ ਰਸ | ੫[illegible] |
| ਸ਼ਾਂਤ ਰਸ | ੫੬ |
| ਕਵਿਤਾ ਮਾਤਰੀ ਬੋਲੀ ਵਿਚ ਚਾਹੀਏ | ੫੭ |
| ਪੰਜਾਬੀ ਕਵਿਤਾ ਤੇ ਦੂਜੀਆਂ ਬੋਲੀਆਂ ਦੀ ਕਵਿਤਾ | ੫੮ |

| ਲੇਖ | ਸਫ਼ਾ |
|---|---|
| ਹਿੰਦੀ ਕਵਿਤਾ-ਫ਼ਾਰਸੀ ਕਵਿਤਾ | ੫੯ |
| ਆਜ਼ਾਦ ਦਾ ਖਿਆਲ | ੫੯ |
| ਪੰਜਾਬੀ ਕਵਿਤਾ ਉਪਰ ਦੂਜੀਆਂ ਬੋਲੀਆਂ ਦਾ ਅਸਰ | ੬੪ |
| ਉਰਦੂ ਦਾ ਅਸਰ | ੬੭ |
| ਅੰਗ੍ਰੇਜ਼ੀ ਦਾ ਅਸਰ | ੬੮ |
| ਕਵਿਤਾ ਦਾ ਅਸਰ ਸੁਸੈਟੀ ਤੇ | ੬੯ |
| ਕਵਿਤਾ ਦਾ ਅਸਰ ਪੋਲੀਟੀਕਲ ਹਾਲਤ ਤੇ | ੭੦ |
| ਸੁਸੈਟੀ ਤੇ ਬੁਰਾ ਭਲਾ ਅਸਰ | ੭੨ |
| ਨਾਟਕ | ੭੨ |
| ਤਹਿਜ਼ੀਬ ਦਾ ਅਸਰ ਕਵਿਤਾ ਉਤੇ | ੭੩ |
| ਕਵਿਤਾ ਉਤੇਰਾਜਦਾ ਅਸਰ | ੭੩ |
| ਪੰਜਾਬੀ ਦੀ ਕਵਿਤਾ | ੭੫ |
| ਪੋਲੀਟੀਕਲ ਕਵਿਤਾ | ੮੪ |
| ਰੀਨਾ ਸੈਂਸ-ਨਵਾਂ ਜੀਵਨ | ੮੯ |

| ਲੇਖ | ਸਫ਼ |
|---|---|
| ਦੂਜਾ ਰਸ-ਪ੍ਰੇਮ ਜੰਝ | ੯੧ |
| ਤੀਜਾ ਰਸ-ਹਾਫ਼ਜ਼ ਬਰਖੁਰਦਾਰ | ੧੦੦ |
| ਮੁਕਬਲ ਸ਼ਾਹ | ੧੨੮ |
| ਸੱਯਦ ਵਾਰਸਸ਼ਾਹ | ੧੪੧ |
| ਹੀਰ ਰਾਂਝੇ ਦਾ ਕਿੱਸਾ | ੧੪੭ |
| ਰਾਂਝਾ | ੧੪੮ |
| ਹੀਰ | ੧੫੬ |
| ਸੈਹਤੀ | ੧੭੨ |
| ਮਲਕੀ | ੧੭੭ |
| ਚੂਚਕ-ਕੈਦੋ | ੧੭੮ |
| ਸੋਹਣੀ ਵਾਰਸ | ੧੯੨ |
| ਰਸ ਚੌਥਾ-ਮੁਲਤਾਨੀ ਵੰਡ | ੧੯੭ |
| ਹਾਮਦ | ੨੦੧ |
| ਮੀਆਂ ਅਬਦੁਲ ਹਕੀਮ | ੨੧੨ |
| ਮੀਆਂ ਨੌ ਰੋਜ਼ | ੨੧੬ |
| ਮੀਆਂ ਬਖ਼ਸ਼ | ੨੨੧ |

੧ਓ ਸਤਿਗੁਰ ਪ੍ਰਸਾਦਿ ॥

# ਕੋਇਲ ਕੂ

## ਪੈਹਲਾ ਰਸ

### ਕਵਿਤਾ

**ਕਵਿਤਾ ਕੀ ਹੈ**

ਅਸੀਂ ਰੋਜ਼ ਕਵਿਤਾ ੨ ਆਖਦੇ ਤੇ ਸੁਣਦੇ ਹਾਂ, ਰੋਜ਼ ਛੰਦ, ਬੈਂਤ, ਸ਼ੇਅਰ ਸੁਣਕੇ ਜੀ ਪਰਚਾਨੇ ਹਾਂ । ਕਦੀ ਕਦੀ ਰਾਗੀਆਂ, ਰਬਾਬੀਆਂ ਤੋਂ ਗੌਣ ਸੁਰਾਂ ਨਾਲ ਗਵਾਂਨੇ ਆਂ । ਚਾਰ ਯਾਰ ਮਿਲ ਬੈਠਦੇ ਹਨ ਤਾਂ ਰਾਗ ਤੇ ਗੌਨ ਨੂੰ ਸੱਦਾ ਪੈਂਦਾ ਹੈ । ਜੀ ਨਹੀਂ ਲਗਦਾ ਤਾਂ ਗੌਂ ਕੇ ਈ ਜੀ ਠਰਾਨੇ ਆਂ । ਹੈਂ ਇਹ ਸਭ ਕੀਹ ਹੈ ? ਏਹ ਕੀਹ ਮੰਤਰ ਹੈ ਜਿਸਦਾ ਅਸਰ ਸਾਡੇ ਜੀ ਤੇ ਏਨਾ ਵੱਡਾ ਹੈ, ਲੋਕ ਆਖਦੇ ਹਨ ਕਿ ਰਾਗ ਸੱਪਾਂ ਤੇ ਪੰਛੀਆਂ ਨੂੰ ਵੀ ਮਸਤ ਕਰ ਲੈਂਦਾ ਹੈ । ਏਹ ਡਾਢੀ ਅਚਰਜ ਖੇਡ ਹੈ । ਓਹੀ ਸਾਡੀ ਬੋਲੀ, ਓਹੀ ਅਵਾਜ਼, ਓਹੀ ਅੱਖਰ ਤੇ ਪਦ, ਪਰ ਜਦ ਏਹਨਾਂ ਪਦਾਂ ਨੂੰ ਇੱਕ ਖਾਸ ਤਰੀਕੇ ਨਾਲ ਤਰਤੀਬ ਦੇ ਅਰ ਇੱਕ ਖਾਸ ਸੁਰ ਵਿਚ ਬੋਲਨੇਂ ਆਂ, ਓਹਨਾਂ ਵਿਚ ਇੱਕ ਮਿਕਨਾਤੀਸੀ ਤੇ ਖਿੱਚਵਾਂ ਅਸਰ ਪੈਦਾ ਹੋ ਜਾਂਦਾ ਏ । ਅਜੇਹੀ ਖਿੱਚ ਜੰਮ ਪੈਂਦੀ ਏ ਜੋ ਸਭਨਾਂ ਨਿੱਖੜਿਆਂ ਨੂੰ ਖਿੱਚ ਕੇ ਇੱਕ ਰਸ ਕਰ ਦੇਂਦੀ ਏ ।

ਏਸ ਗੌਣ ਦੇ ਵਿੱਚ ਦੋ ਵਸਤਾਂ ਮਿਲੀਆਂ ਨੇ, ਇਕ ਕਵਿਤਾ ਤੇ ਦੂਆ ਰਾਗ। ਏਹਨਾਂ ਦੇ ਮੇਲ ਤੋਂ ਏਹ ਰਸ ਪੈਦਾ ਹੋਇਆ।

ਹੁਣ ਏਹ ਕਵਿਤਾ ਕੀਹ ਵਸਤੂ ਹੈ। ਇਸਦਾ ਦੱਸਨਾ ਕੋਈ ਸੌਖਾ ਕੰਮ ਨਹੀਂ। ਵੱਡੇ ੨ ਕਵੀ ਤੇ ਸਿਆਨੇ ਏਸ ਦੇ ਨਿਰਨੇ ਕਰਨ ਤੇ ਅਪਨੀ ਅਕਲ ਮੂਜਬ ਹਿੰਮਤ ਲਾ ਚੁਕੇ, ਪਰ ਸਭ ਅੜ ਅੜ ਸਿਟੇ ਤੇ ਪੁਜੇ।

ਸਾਧਾਰਨ ਕਵਿਤਾ ਤਾਂ ਕੇਵਲ ਮਾਨੁਖੀ ਹਿਰਦੇ ਦੇ ਭਾਵ ਦਾ ਉਚਾਰਨ ਇੱਕ ਜੋਸ਼ੀਲੀ ਤੇ ਲੈਅ ਵਾਲੀ ਬੋਲੀ ਵਿਚ ਹੈ। ਗੱਲ ਕੀਹ ਇੱਕ ਮਨ ਦੇ ਖਿਆਲਾਤ ਨੂੰ ਅਜੇਹੀ ਬੋਲੀ ਵਿੱਚ ਦੱਸਨਾ, ਜਿਸ ਵਿੱਚ ਦਿਲ ਦਾ ਜੋਸ਼, ਮਿੱਠੀ ਸੁਰ ਅਰ ਲੈਅ ਹੋਵੇ। ਜਿਸਦਾ ਅਸਰ ਦੂਸਰੇ ਮਨਾਂ ਤੇ ਵੀ ਅਜੇਹਾ ਹੋ ਜਾਵੇ ਜੋ ਇੱਕ ਪਲ ਛਿਨ ਲਈ ਉਸ ਕਵਿਤਾ ਕੈਹਣ ਵਾਲੇ ਦੇ ਮਨ ਦੀ ਹਾਲਤ ਉਨ੍ਹਾਂ ਤੇ ਛਾ ਜਾਵੇ, ਵੇਖੋ:—ਸਾਧਾਰਨ ਆਦਮੀ ਆਖਦਾ ਹੈ ਮੈਨੂੰ ਦਰਦ ਹੈ, ਪੀੜ ਹੈ, ਕੋਈ ਦਵਾ ਦੇਓ ਅਰਾਮ ਆਵੇ। ਪਰ ਜਦ ਏਹੀ ਬਚਨ ਇੱਕ ਪ੍ਰੇਮ ਕੁੱਠੇ ਦੇ ਮਨੋਂ ਨਿਕਲਦੇ ਹਨ ਤਾਂ ਸੁਨਣ ਵਾਲੇ ਦੇ ਹਿਰਦੇ ਨੂੰ ਤੀਰ ਵਾਂਙੂ ਚੀਰ ਜਾਂਦੇ ਹਨ, ਜੀਕਨ:—

'ਨੀ ਮੈਂ ਦਰਦ ਰੰਝੇਟੇ ਨੇ ਮਾਰ ਸੁੱਟੀ, ਦਾਰੂ ਲੱਗਦਾ ਮੂਲ ਨਾ ਕੋਈ ਮਾਏ'

ਏਹ ਤੇ ਛੰਦ ਵਿਚ ਆਖਿਆ ਖਿਆਲ ਹੋਇਆ ਪਰ ਕਵਿਤਾ ਲਈ ਏਹ ਜਰੂਰੀ ਨਹੀਂ ਕਿ ਛੰਦ ਈ ਹੋਵੇ, ਏਹ ਆਖਨਾ "ਹਾਏ ਨੀ ਮਾਏ, ਮੈਨੂੰ ਰੰਝੇਟੇ ਦੇ ਬਿਰਹੋਂ ਦੇ ਤੀਰਾਂ ਨੇ ਵਿੰਨ੍ਹਕੇ ਘੈਲ ਕਰ ਦਿਤਾ ਏਸ ਪ੍ਰੇਮ ਵਿਚ ਕੁਠੀ ਲਹੂ ਲੁਹਾਨ ਹੀਰ ਨੂੰ ਹੁਨ ਮੱਤਾਂ ਨਾ ਦੇ"। ਹੈ ਤੇ ਏਹ ਸਾਧਾਰਨ ਵਾਕ ਪਰ ਹਿਰਦੇ ਦੀ ਲਗਨ ਦੇ ਬਚਨ ਅਜੇਹੇ ਨਿਕਲੇ ਕਿ ਦੂਜੇ ਦੇ ਮਨ ਤੇ ਅਸਰ ਕਰ ਗਏ, ਕਵਿਤਾ ਦੇ ਦਰਜੇ ਤੇ ਜਾ ਪੁਜੇ। ਏਹੀ ਭੇਦ ਕਵਿਤਾ ਤੇ ਛੰਦ ਵਿਚ ਹੈ। ਛੰਦ ਹਮੇਸ਼ ਖਾਸ ਲੈਅ ਤੇ ਸੁਰ ਤੇ ਹੋਸੀ। ਹਾਂ ਜੀ ਕਵਿਤਾ ਨੂੰ ਬੰਨ੍ਹਕੇ

ਇੱਕ ਖਾਸ ਸਾਂਚੇ ਵਿੱਚ ਢਾਲਿਆ ਜਾਂਦਾ ਹੈ, ਪਰ ਸ਼ੁੱਧ ਕਵਿਤਾ ਲਈ ਛੰਦਾ ਬੰਦੀ ਜ਼ਰੂਰੀ ਨਹੀਂ । ਅਜ ਕਲ ਏਸ ਛੰਦਾ ਬੰਦੀ ਦਾ ਨਾਮ ਹੀ ਕਵਿਤਾ ਪੈ ਗਇਆ ਹੈ, ਪਰ ਅਸਲ ਵਿਚ ਨਿਰੋਲ ਕਵਿਤਾ ਏਹਨਾਂ ਪਿੰਗਲੇ ਸੰਗਲਾਂ ਤੋਂ ਬਾਹਰ ਹੈ।

**ਕਵਿਤਾ ਅਸਲ ਕੀ ਹੈ ?**

ਏਸ ਗੱਲ ਤੇ ਵਡੇ ੨ ਕਵੀਆਂ ਦੀ ਅੱਡ ੨ ਰਾਏ ਹੈ, ਯੂਨਾਨੀ ਤੇ ਆਖਦੇ ਹਨ ਕਿ ਕਵਿਤਾ ਲਈ ਇਕ ਖਾਸ "ਸ਼ਕਲ" ਅਥਵਾ-ਛੰਦ--ਦੀ ਲੋੜ ਨਹੀਂ । ਕੇਵਲ ਉੱਚ ਵਿਸ਼ੇ ਦੇ ਖਿਆਲ ਦੀ ਲੋੜ ਹੈ। ਪਰ ਹੀਗਲ ( hegel ) ਕਵੀ (Meter ) ਵਜ਼ਨ ਜਾਂ ਤੋਲ ਨੂੰ ਬੜਾ ਜ਼ਰੂਰੀ ਸਮਝਦਾ ਹੈ। ਅਰ ਹੈ ਵੀ ਸੱਚ, ਬਿਨਾਂ "ਵਜ਼ਨ" (Meter) ਦੇ ਕਵਿਤਾ ਦੀ ਸੋਝੀ ਆਮ ਲੋਕਾਂ ਨੂੰ ਘਟ ਪੈਂਦੀ ਹੈ। ਨਸਰ (ਵਾਰਤਕ) ਤੇ ਨਜ਼ਮ (ਛੰਦਾ ਬੰਦੀ) ਦਾ ਭੇਦ ਉਡ ਜਾਂਦਾ ਹੈ। (Dryden ) ਡਰਾਇਡਨ ਆਦ ਜੈਸੇ ਪ੍ਰਸਿਧ ਅੰਗਰੇਜ਼ ਕਵੀਆਂ ਦੇ ਖਿਆਲ ਵਿੱਚ ਕਵਿਤਾ ਦੀ ਸਾਰ ਜਾਂ ਜੜ (Emotion ) ਜੀ ਦਾ ਉਬਾਲ ਤੇ ਉਭਾਰ ਹੈ। ਕਵਿਤਾ ਲਿਖਨ ਲਈ ਇੱਕ ਮਨੁੱਖ ਨੂੰ ਵੈਰਾਗ ਜਾਂ ਆਨੰਦ ਦੀ ਅਜੇਈ ਉੱਚੀ ਪਦਵੀ ਤੇ ਪੁੱਜਨਾ ਚਾਹੀਦਾ ਹੈ ਜੋ "ਮਹੰਤਾ" (ਆਪਨਿਤ) ਦਾ ਗਿਆਨ (ਸੋਝੀ) ਦੂਰ ਹੋ ਜਾਏ। ਸੋਚ ਵਿਚ ਅਜੇਹੀ ਲੀਣਤਾ ਹੋਵੇ ਕਿ "ਮੈਂ" ਭੁਲ ਜਾਏ॥

**ਕਵਿਤਾ ਦੀ ਕਾਰੀਗਰੀ**

ਏਹ ਤੇ ਕਵਿਤਾ ਦਾ ਨੰਗਾ ਢਾਂਚਾ ਹੋਇਆ, ਪਰ ਅਸਲ ਵਿੱਚ ਕਵਿਤਾ ਇਕ (Art ) ਹੁਨਰ ਹੈ, ਜਿਸ ਵਿਚ ਕਾਰੀਗਰੀ ਦੀ ਲੋੜ ਹੈ, ਉਹ ਕਾਰੀਗਰੀ ਕੀ ਹੈ, ਮਨ ਦੇ ਖਿਆਲ ਤੇ ਚਾ ਨੂੰ ਸੋਹਣੀ, ਸੁਰੀਲੀ ਲੈਅ ਵਿਚ ਦਸਣਾਂ, ਭਾਵੇਂ ਉਹ ਕੁੜੀਆਂ ਵੌਹਟੀਆਂ ਦਾ ਗੌਣ ਹੋਵੇ ਭਾਵੇਂ ਵਾਰਸ ਤੇ ਬੁਲ੍ਹੇ ਦੀ ਲਿਆਕਤ ਦਾ ਸਿੱਟਾ,

ਸਭ ਕਵਿਤਾ ਈ ਹੈ ॥

ਕਵਿਤਾ ਲਈ ਕਿਸ ੨ ਵਸਤ ਦੀ ਲੋੜ ਹੈ

ਕਵਿਤਾ ਕੈਹਣ ਲਈ ਏਹਨਾਂ ਵਸਤਾਂ ਦਾ ਹੋਨਾ ਜਰੂਰੀ ਹੈ:--ਖਿਆਲ ਤੇ ਸੋਚ--ਡੂੰਘੀ ਸੋਚ ( Poetic Imaginatin) ਅਰ ਕਾਰੀਗਰੀ (Art) । ਇਕ ਬੈਂਤ ਲਿਖਨ ਲਈ ਪੈਹਲੇ ਮਜ਼ਮੂਨ ਅਥਵਾ ਖਿਆਲ ਹੋਨਾ ਚਾਹੀਏ ਫੇਰ ਉਸ ਖਿਆਲ ਨੂੰ ਉੱਚੀ ਪਦਵੀ ਤੇ ਪੁਜਾਨ ਲਈ ਸੋਚ ਦੇ ਸਮੁੰਦਰ ਵਿਚ ਟੁੱਬੀ ਮਾਰ ਕੇ ਸੋਹਣੇ ਸੋਹਣੇ ਮੋਤੀ ਤੇ ਜਵਾਹਰ ਕੱਢਨੇ । ਫੇਰ ਕਾਰੀਗਰੀ ਨਾਲ ਉਨ੍ਹਾਂ ਮੋਤੀਆਂ ਤੇ ਜਵਾਹਰਾਂ ਨੂੰ ਥਾਉਂ ਥਾਈਂ ਸੋਹਣੀ ਰੀਤੀ ਨਾਲ ਲਾਕੇ ਇਕ ਸੁੰਦਰ ਗੈਹਣਾ ਬਨਾ ਦੇਨਾ ਯਾ ਇਕ ਮਨ ਰਿਝਾਂਵਾਂ ਬੈਂਤ ਸਜਾ ਦੇਨਾ, ਏਹ ਇਕ ਚੰਗੇ ਕਵੀ ਦਾ ਕੰਮ ਹੈ । ਹੁਨ ਖਿਆਲ ਕਿੱਥੋਂ ਆਵੇ, ਏਹ ਤੇ ਕੇਵਲ ਮਨੁਖ ਦੇ ਤਜਰਬੇ ਤੇ ਵਿਦਿਆ ਨਾਲ ਈ ਸੰਬੰਧਤ ਹੈ । ਜਿਤਨਾ ਤਜਰਬਾ ਤੇ ਵਿਦਿਆ, ਓਨਾ ਈ ਖਿਆਲ ਚੰਗਾ ਤੇ ਵਡਾ । ਇਸ ਤੋਂ ਛੁਟ ਜਗ ਵਿਚ ਅਜੇਹੀਆਂ ਗੱਲਾਂ ਵੀ ਹੁੰਦੀਆਂ ਹਨ ਜੋ ਮਨੁਖ ਦੇ ਮਨ ਨੂੰ ਅਪਨੇ ਵਲ ਇਕ ਵਾਰਗੀ ਖਿੱਚ ਲੈਂਦੀਆਂ ਹਨ, ਅਰ ਏਹ ਇਕ ਖਿਆਲ ਸੁਝਾ ਦੇਦੀਆਂ ਹਨ । ਹੁਣ ਰਿਹਾ ਮਨੁਖ ਦੇ ਮਨ ਦੀ ਅਵਸਥਾ ਤੇ ਸੋਚ ਦੀ ਉਡਾਰੀ, ਚਾਹੇ ਤੇ ਏਸ ਖਿਆਲ ਤੋਂ ਇਕ ਸੋਹਣਾ ਸ਼ੇਅਰ (ਬੈਂਤ) ਪੈਦਾ ਹੋ ਜਾਏ, ਤੇ ਚਾਹੇ ਏਹ ਖਿਆਲ ਇਕ ਪਹਾੜ ਨਲ ਪਾਨੀ ਦੀ ਲੈਹਰ ਵਾਂਗਰ ਥੈਹੜੇ ਪਰੇ ਹਟ ਜਾਏ । ਜੀਕਨ ਇਕ ਮਨੁੱਖ ਸੂਰਜ ਦੇ ਚੜ੍ਹਨ ਨੂੰ ਵੇਖ, ਜਾਂ ਲੜਾਈ ਦਾ ਘਮਸਾਨ, ਹਥਿਆਰਾਂ ਦੀ ਕਟਾ ਕੱਟ, ਜੋਧਿਆਂ ਦੀ ਫਟਾ ਫੱਟ ਨੂੰ ਤਕ । ਅਥਵਾ ਕਾਲ, ਬੀਮਾਰੀ, ਗਰਮੀ, ਭੌਂਚਾਲ ਆਦ ਰੱਬੀ ਕਾਰੇ, ਜਾਂ ਇਕ ਸੁੰਦਰ ਇਸਤਰੀ ਦੇ ਨੈਨਾਂ ਦੇ ਕਟਾਖ, ਅਰ ਕੁਦਰਤੀ ਨਜ਼ਾਰਿਆਂ ਤੋਂ

ਇਕ ਮਨੁੱਖ ਦੇ ਮਨ ਵਿਚ ਖਿਆਲ ਤਾਂ ਪੈਦਾ ਹੋ ਜਾਂਦੇ ਨੇ ਅਰ ਇਕ ਛਿਨ ਪਲ ਲਈ ਹਰ ਇਕ ਮਨੁੱਖ ਹੈਰਾਨ ਵੀ ਹੋ ਜਾਂਦਾ ਹੈ, ਪਰ ਹਜ਼ਾਰ ਵਿਚੋਂ ਇਕ ਈ ਮਸਾਂ ਅਜੇਹਾ ਹੁੰਦਾ ਹੋਊ ਜਿਸ ਦੇ ਮਨ ਤੇ ਇਨ੍ਹਾਂ ਨਜ਼ਾਰਿਆਂ ਦਾ ਕੁਝ ਡੂੰਘਾ ਅਸਰ ਪੈਂਦਾ ਏ, ਤੇ ਜੋ ਇਸ ਖਿਆਲ ਨੂੰ ਸੋਚ ਨਾਲ ਰਲਾ ਕੇ ਦੂਜੇ ਮਨੁਖਾਂ ਦੇ ਮਨਾਂ ਤੇ ਉਸਦੇ ਅਕਸ ਨੂੰ ਪਾਨ ਦੀ ਹਿੰਮਤ ਕਰਦਾ ਹੈ। ਇਸ ਕਰਕੇ ਕੁਦਰਤ ਦੇ ਚਮਤਕਾਰੇ, ਸੁਹਪਨ ਦੇ ਨਜ਼ਾਰੇ, ਜੁੱਧ ਭੂਮੀ ਦੇ ਡੰਕਾਰੇ, ਮੌਤ ਤੇ ਜ਼ੁਲਮ ਦੇ ਦੁਖ ਭਰੇ ਹਾੜ੍ਹੇ, ਬਿਰਹਾਂ ਤੇ ਹਿਜਰ ਦੇ ਦਰਦ ਭਰੇ ਹਾਉਕੇ, ਗੁੱਸੇ ਤੇ ਬਦਲੇ ਦੀਆਂ ਕਚੀਚੀਆਂ, ਕਦੀ ਖੁਸ਼ੀ ਵਿਚ ਹਸਨਾ ਕਦੀ ਗ਼ਮੀ ਵਿਚ ਰੋਨਾ, ਕਿਧਰੇ ਸ਼ਿੰਗਾਰ, ਕਿਧਰੇ ਸਵਾਰ, ਕਿਧਰੇ ਯਾਰ ਦੀ ਉਡੀਕ, ਕਿਧਰੇ ਵਿਛੋੜੇ ਦਾ ਪਛਤਾਵਾ, ਕਿਧਰੇ ਮੇਲ, ਕਿਧਰੇ ਵਿਛੋੜਾ। ਏਹ ਸਭ ਗਲ਼ਾਂ ਇਕ ਕਵੀ ਦੇ ਮਨ ਤੇ ਹੀ ਆਪਨਾ ਪ੍ਰਭਾਉ ਜਾਂ ਅਸਰ ਰਖਦੀਆਂ ਹਨ, ਅਰ ਉਹ ਮਨ ਇਕ ਮੋਮ ਵਾਂਗੂੰ ਨਰਮ ਹੋਇਆ ਹੋਇਆ, ਇਨ੍ਹਾਂ ਨਾਜ਼ਕ ਤੋਂ ਨਾਜ਼ਕ ਤੇ ਸਖਤ ਤੋਂ ਸਖਤ ਖਿਆਲਾਂ ਦੇ ਨਕਸ਼ ਨੂੰ ਲੈਕੇ ਅਪਨੀ ਸੋਚ ਤੇ ਦਮਾਗ ਦੀ ਟਕਸਾਲ ਵਿਚ ਲੈਜਾ ਕੇ ਅਜੇਹਾ ਸਾਂਚਾਂ ਢਲਦਾ ਹੈ ਕਿ ਵੇਖਨ ਵਾਲੇ ਹੈਰਾਨ ਪਰੇਸ਼ਾਨ, ਕਿ ਹੈਂ! ਇਹ ਖਿਆਲ ਕਿਥੋਂ ਆਇਆ, ਅਸਮਾਨ ਦੀ ਟਾਕੀ ਲਈ ਜਾਂ ਪਤਾਲ ਦੀ ਖਾਨੋਂ ਕੱਢ ਲਿਆਇਆ। ਵਾਹ ਕਵੀਓ ਧੰਨ ਹੋ ਤੁਸੀਂ ਅਰ ਧੰਨ ਤੁਹਾਡੀ ਕਮਾਈ।

**ਸੋਚ ਦੀ ਉਨਤੀ**

ਖਿਆਲ ਤਾਂ ਅਸਾਂ ਨੂੰ ਕੁਦਰਤ ਅਰ ਸਮੇਂ ਦੇ ਬਜ਼ਾਰ ਤੋਂ ਮਿਲੇ, ਪਰ ਸੋਚਦੀ ਟਕਸਾਲ ਵਿਚ ਕੇਹੜੀ ਮਸ਼ੀਨ ਹੈ ਜੋ ਇਸ ਖਿਆਲ ਨੂੰ ਅਸਚਰਜ ਸਾਂਚੇ ਵਿਚ ਢਾਲ ਦੇਂਦੀ ਹੈ। ਇਹ ਮਸ਼ੀਨ ਰੱਬੀ ਦਾਤ ਹੈ। ਇਕ ਕਵੀ

ਅਪਨੀ ਮਾਂ ਦੇ ਪੇਟ ਵਿਚੋਂ ਈ "ਸੋਚ" (Imagination) ਨੂੰ ਲੈਕੇ ਜੰਮਦਾ ਹੈ । ਹਾਂ ਬਾਹਰਲੇ ਤਜਰਬੇ, ਮੁਸ਼ਾਹਦੇ (ਦਰਸ਼ਨਾਂ) ਆਦਿ ਨਾਲ ਵੀ ਸੋਚ ਵੱਧਦੀ ਹੈ, ਅਰ ਉਸਨੂੰ ਰਬੀ ਰਚਨਾਂ ਵੇਖ ਵੇਖ ਇਕ ਰੱਬੀ ਈ ਰੰਗ ਚੜ੍ਹਦਾ ਹੈ । ਹੁਨ ਕੋਈ ਪੁਛੇ ਜੀ ਏ ਸੋਚ ਕੀ ਬਲਾ ਹੈ, ਇਹ ਕਿਸਤਰ੍ਹਾਂ ਦੀ ਮਸ਼ੀਨ ਹੈ ਇਹ ਦੱਸਨਾ ਤੇ ਔਖਾ ਹੈ। ਹਾਂ, ਪਰ ਇਹ ਕੈਹ ਸਕਦੇ ਹਾਂ ਕਿ ਇਹ ਇਕ ਅਜੇਹੀ ਮਸ਼ੀਨ ਹੈ ਜਿਸ ਵਿਚ ਖਿਆਲ ਜਾ ਕੇ ਜਦ ਬਾਹਰ ਨਿਕਲਦਾ ਹੈ ਤਾਂ ਉਸ ਨੂੰ ਮਨੁੱਖੀ ਤਜਰਬੇ ਤੇ ਮੁਸ਼ਾਹਦੇ (ਦਰਸ਼ਨਾਂ ਦੀ) ਸਾਰ ਦਾ ਇਕ ਨਿਆਰਾ ਹੀ ਰੰਗ ਚੜ੍ਹਿਆ ਹੁੰਦਾ ਹੈ। ਕੁਲ ਤਜਰਬੇ ਤੇ ਰਚਨਾਂ ਦੇ ਦਰਸ਼ਨਾਂ ਦੇ ਅਕਸ ਸਾਡੇ ਦਮਾਗ਼ ਵਿਚ ਬੰਦ ਹੁੰਦੇ ਨੇ, ਜਦ ਇਕ ਖਿਆਲ ਸੋਚ ਦੀ ਮਸ਼ੀਨ ਵਿਚ ਪਾਇਆ ਜਾਂਦਾ ਹੈ ਤਾਂ ਸੋਚ ਏਸ ਭੰਡਾਰ ਵਿਚੋਂ, ਸੋਭਦੇ ਤੇ ਭਾਂਵਦੇ ਰੰਗਾਂ ਨਾਲ ਉਸ ਸਾਦੇ ਖਿਆਲ ਨੂੰ ਰੰਗ ਕੇ ਬਾਹਰ ਕਢਦੀ ਹੈ, ਜੋ ਸਭ ਨੂੰ ਚੰਗਾ ਲਗਦਾ ਹੈ ।

ਹੁਨ ਸੋਚ ਤੇ ਹੋਈ ਰਬੀ, ਪਰ ਰੰਗਾਂ ਦਾ ਭੰਡਾਰ ਤੇ ਅਸਾਂ ਅਕੱਠਾ ਕਰਨਾ ਹੈ । ਏਸ ਕਰਕੇ ਕਵੀ ਲਈ ਜ਼ਰੂਰੀ ਹੈ ਜੋ ਰਚਨਾ ਦੇ ਰੰਗ ਵੇਖੇ। ਮਨੁਖੀ ਮਨ ਦੀਆਂ ਤ੍ਰੰਗਾਂ ਤੋਂ ਤਜਰਬਾ ਸਿੱਖੇ। ਇਕ ਵਗਦੀ ਨਦੀ ਦੀਆਂ ਲੈਹਰਾਂ ਨਾਲ ਲੈਹਰ ਬਨ ਕੇ ਵਗੇ, ਇਕ ਭੌਰੇ ਨੂੰ ਫੁੱਲ ਦਵਾਲੇ ਵੇਖ ਅਪਨੇ ਮਨ ਨੂੰ ਉਸ ਸੁਹੱਪਨ ਦੇ ਗਿਰਦ ਭੌਰੇ ਵਾਂਗ ਫਰਾਏ । ਕੋਇਲ ਦੀ ਕੂਕੂ ਸੁਨ ਕਵੀ ਦੇ ਜੀ ਵਿਚ ਬਿਰਹਾਂ ਦੀ ਸਾਂਗ ਫਿਰ ਜਾਏ, ਆਪਣਾ ਸਜਨ ਯਾਦ ਆਏ। ਪੰਛੀਆਂ ਦੀ ਉਡਾਰੀ ਨਾਲ ਮਨ ਉਡਾਰੀ ਮਾਰੇ। ਕਿਸੇ ਦਰਦ ਭਰੇ ਦੀ ਆਹ ਸੁਣਕੇ ਉਸ ਨੂੰ ਵੀ ਦਰਦ ਉਠੇ। ਬਸ ਗੱਲ ਕੀ ਕੁਦਰਤ ਦੀ ਤਾਰ ਨਾਲ ਸੁਰ ਜੁੜ ਜਾਏ। ਜਦ ਮਨ ਦੀ ਅਵਸਥਾ ਅਜੇਹੀ ਹੋ ਜਾਏ, ਜੀਕਨ ਇਕ ਰਾਗੀ ਦੀ ਸੁਰ ਸਾਜ਼ ਦੀ ਅਵਾਜ਼

ਨਾਲ ਇਕ ਲੈਅ ਹੋ ਜਾਂਦੀ ਹੈ, ਤਾਂ ਜਾਨੋ ਕਵੀ ਕਵਿਤਾ ਦੀ ਉਚੀ ਪਦਵੀ ਤੇ ਪੁਜ ਗਿਆ, ਅਰ ਏਸ ਅਵਸਥਾ ਦੀ ਕਹੀ ਹੋਈ ਕਵਿਤਾ ਨੂੰ ਰੱਬੀ ਵਾਕ ਜਾਨੋ, ਰਚਨਾ ਈ ਬੋਲਦੀ ਸਮਝੋ। ਪਰ ਇਹ ਗੱਲ ਹਰ ਇਕ ਵਿਚ ਕਿੱਥੋਂ ? ਅਜ ਕਲ ਤੇ ਬਨਾਵਟੀ ਗੱਲਾਂ ਤੇ ਬਨਾਵਟੀ ਖਿਆਲ। ਕਿਸੇ ਜ਼ੁਲਫ ਨੂੰ ਸੰਬਲ ਬਨਾਇਆ ਕਿਸੇ ਨੈਨਾਂ ਨੂੰ ਨਰਗਸ ਵਖਾਇਆ। ਅਜੇਹੇ ਖਿਆਲ ਆ ਗਏ ਜਿਨ੍ਹਾਂ ਦਾ ਸਿਰ ਨਾ ਪੈਰ। ਕਵੀਆਂ ਨੇ ਅਪਨਾ "ਮਾਸ਼ੂਕ" ਬਾਜ਼ਾਰੀ ਕੰਜਰੀਆਂ ਨੂੰ ਆ ਜਾਤਾ, ਬਸ ਉਨ੍ਹਾਂ ਦੇ ਨਖਰੇ, ਉਨ੍ਹਾਂ ਦੇ ਬਨਾਓ ਸ਼ਿੰਗਾਰ, ਉਹੀ ਗਲੀ ਉਹੀ ਬਾਜ਼ਾਰ। ਇਨ੍ਹਾਂ ਗੰਦੀਆਂ ਵਾਸ਼ਨਾਂ ਵਿਚ ਈ ਫਾਸੇ। ਅਜੇਹੇ ਫਸੇ ਕਿ ਅਸਲੀ ਰਚਨਾਂ ਤੇ ਰੱਬੀ ਨਜ਼ਾਰਾ ਦੂਰ ਹੋ ਗਿਆ। ਬਨਾਂ, ਪਹਾੜਾਂ ਤੇ ਦਰਿਆਵਾਂ ਦੀ ਥਾਂ ਬਾਗ, ਮਹਿਲ ਮਹਿਫਲਾਂ, ਹੌਜ਼ ਤੇ ਤਾਲਾਬ ਭਾਸੇ। ਗੱਲ ਕੀ ਕੁਦਰਤ ਤੋਂ ਦੂਰ੨ ਹੁੰਦੇ ਗਏ। ਏਹ ਰੋਗ ਈਰਾਨ ਤੋਂ ਆਇਆ ਅਰ ਉਸਨੇ ਪੰਜਾਬੀ ਤੇ ਉਰਦੂ ਕਵਿਤਾਂ ਨੂੰ ਵੀ ਰੋਗੀ ਕਰ ਦਿਤਾ। ਪੰਜਾਬੀ ਤੇ ਫੇਰ ਵੀ ਸੰਤਾਂ, ਫਕੀਰਾਂ ਦੀ ਹਿੰਮਤੀ ਨਾਲ ਸੰਭਲੀ ਪਰ ਉਰਦੂ ਜਿਸਦਾ ਅਪਨਾ ਵਿਤ ਕੁਝ ਵੀ ਨਹੀਂ ਸੀ, ਅਰ ਮੰਗ ਪਿੰਨ ਕੇ ਈ ਗੁਜ਼ਾਰਾ ਕਰਦੀ ਸੀ, ਉਸਨੇ ਈਰਾਨੀ ਛਨਾਰ ਨੂੰ ਜੀਉ ਸਦਕੇ ਆਖ, ਅਪਨੇ ਕੋਲ ਬਹਾਇਆ ਅਰ ਫੇਰ ਉਸ ਦੇ ਹਾਰ ਸ਼ਿੰਗਾਰ ਪੈਹਰਾਵੇ ਤੇ ਗੈਹਣਿਆਂ ਦੀ ਐਸੀ ਰੀਸ ਕੀਤੀ, ਕਿ ਕੁਝ ਚਿਰ ਪਿਛੋਂ* ਈਰਾਨੀ ਤੇ ‡ਦਿੱਲੀ ਦੀ ਨਾਰ ਵਿਚ ਕੁਝ ਫਰਕ ਨਾ ਰਿਹਾ। ਹਾਂ ਪਿੰਡਾਂ ਤੇ ਨਹੀਂ ਵੱਟ ਜਾਨਾ ਸੀ, ਪਰ ਉਹੋ ਜੇਹੇ ਕੱਪੜੇ ਉਹੋ ਜੇਹੇ ਗੈਹਨੇ ਪਾਏ ਅਰ ਰਬ ਦਾ ਭਾਣਾ ਨਵੇਂ ਪੈਹਰਾਵੇ ਵਿਚ ਏਹ ਉਰਦੂ ਦੀ ਕਵਿਤਾ ਲਗੀ ਵੀ ਸੋਹਨੀ, ਜੀਕਨ ਇਕ ਕੰਜਰੀ ਛਿਨ ਮਾਤ੍ਰ ਲਈ ਮਨ ਨੂੰ ਖਿਚ ਲੈਂਦੀ ਏ, ਆਪਨੇ ਕੱਪੜਿਆਂ ਗੈਹਣਿਆਂ ਅਰ ਪੌਡਰ

---

*ਫਾਰਸੀ। ‡ਉਰਦੂ॥

ਦਾ ਚਮਕਾਰਾ ਵਖਾ ਜੀ ਨੂੰ ਮੋਹਤ ਕਰ ਲੈਂਦੀ ਏ। ਏਸੇ ਤਰਾਂਹ ਉਰਦੂ ਸ਼ਾਇਰੀ ਨੇ ਆਪਨੀ ਮੈਹਫਲ ਜਮਾਈ ਪਰ ਪੰਜਾਬੀ ਵਿਚਾਰੀ ਪਾਸੋਂ ਨਾ ਤੇ ਅਪਨੀ ਪਿਛਲੀ ਰੀਤ ਛੱਡੀ ਗਈ, ਨਾ ਈ ਨਵੇਂ ਫੈਸ਼ਨ ਨੂੰ ਪੂਰੀ ਤਰਾਂ ਨਭਾ ਸਕੀ। ਇਸ ਕਰਕੇ ਇਸਦੀ ਬੁਰੀ ਈ ਗਤੀ ਰਹੀ। ਰੂਪਵਤੀ ਹੋਕੇ ਵੀ ਲੋਕਾਂ ਨੂੰ ਨਾਂ ਭਾਈ।।

ਅਸੀਂ ਅਪਨੇ ਅਸਲ ਵਿਸ਼ੇ ਤੋਂ ਕੁਝਕੁ ਪਰੇ ਚਲੇ ਗਏ ਆਂ। ਸਾਡਾ ਅਸਲ ਮੰਤਵ ਤਾਂ "ਸੋਚ" ਦੀ ਉਨਤੀ ਦਾ ਸੀ, ਸੋ ਅਸੀ ਦਸਿਆ ਏ ਕਿ "ਸੋਚ" ਦੀ ਉਨਤੀ ਰਚਨਾਂ ਦੇ ਦਰਸ਼ਨਾਂ, ਅਰ ਮਨੁਖੀ ਮਨ ਦੀ ਤ੍ਰੰਗਾਂ ਦੀ ਸੋਝੀ ਤੋਂ ਕਰਨੀ ਲੋੜੀਏ, ਬਨਾਵਟ ਤੇ ਝੂਠੀਆਂ ਗੱਲਾਂ ਵੱਲ ਨਹੀਂ ਜਾਨਾ। ਹਾਂ ਪਰ ਕਦੀ ਕਦੀ "ਚਟਖਾਰਾ" (ਸਵਾਦ) ਕਰਨ ਲਈ ਓਪਰਾ ਲੂਨ ਮਿਰਚ ਵੀ ਲਾਨਾ ਪੈ ਜਾਂਦਾ ਏ। ਪਰ ਏਹ ਓਪਰਾ ਈ ਰਹਵੇ ਤਾਂ ਚੰਗਾ। ਕਵੀ ਆਪੇ ਸੋਚਕੇ ਵੇਖ ਲਏਗਾ। ਜੀਕਨ ਫਿਰਨੀ ਦੀ ਪਿਆਲੀ ਤੇ ਚਾਂਦੀ ਦਾ ਵਰਕ ਲਾ ਦੇਈ ਦਾ ਹੈ ਏਹ ਵਰਕ ਓਪਰਾ ਈ ਹੁੰਦਾ ਹੈ ਅਸਲੀ ਸੁਵਾਦ ਤੇ ਫਿਰਨੀ ਦਾ ਈ ਹੈ।

ਹੁਨ ਅਸੀਂ ਹੋਰ ਨਿਰਨਾ ਕਰਕੇ ਦਸਦੇ ਹਾਂ। "ਸੋਚ" ਇਕ ਖਿਆਲ ਨੂੰ ਕਈ ਤਰਾਂਹ ਦੀ ਰੰਙਨ ਚੜ੍ਹਾਂਦੀ ਹੈ। ਕਦੀ ਤੇ ਖਿਆਲ ਨੂੰ ਅਦਲ ਬਦਲ ਕੇ ਸਵਾਰਦੀ ਹੈ। ਕਦੀ ਪਦਾਂ ਅਰ ਤੁਕਾਂ ਨੂੰ ਅਜੇਹੀ ਰੀਤ ਅਨੁਸਾਰ ਅਕੱਠਾ ਕਰਦੀ ਹੈ, ਕਿ ਅਚਰਜ ਅਸਰ ਪੈਦਾ ਹੋ ਜਾਂਦਾ ਹੈ, ਜੀਕਨ:--

ਨਾਜ਼ਕ ਪੈਰ ਮਲੂਕ ਸਸੀ ਦੇ ਮੈਂਹਦੀ ਨਾਲ ਸ਼ੰਗਾਰੇ।
ਬਾਲੂ ਰੇਤ ਤਪੇ ਵਿਚ ਥਲ ਦੇ ਜਿਉਂ ਜੌਂ ਭੁੰਨਣ ਭਠਿਆਰੇ।।
ਸੂਰਜ ਭਜ ਵੜਿਆ ਵਿਚ ਬਦਲੀ, ਡਰਦਾ ਲਿਸ਼ਕ ਨਾ ਮਾਰੇ।
ਹਾਸ਼ਮ ਵੇਖ ਯਕੀਨ ਸਸੀ ਦਾ ਸਿਦਕੋਂ ਮੂਲ ਨਾਂ ਹਾਰੇ।।
ਸੁਰਖੀ ਲਾਲ ਲਬਾਂ ਪਰ ਰੈਂਹਦੀ, ਲਾਡ ਹੁਸਨ ਦੇ ਥੀਂਦੀ।

ਦਰਦ ਮੰਦਾਂ ਦੇ ਦਿਲ ਦਾ ਲਹੂ, ਭਰ ਭਰ ਚੁਲੀਆਂ ਪੀਂਦੀ ॥
ਤਨ ਦੀ ਚਿਖਾ ਬਨਾਵੇ ਦੀਪਕ, ਤਾਂ ਆ ਜਲਨ ਪਰਵਾਨੇ ॥
ਭਾਂਬੜ ਹੋਰ ਹਜ਼ਾਰਾਂ ਦਿਸਦੇ ਪਰ ਓਸ ਪਤੰਗ ਦੀਵਾਨੇ ॥
ਅਪਨਾ ਆਪ ਬਨਾਵੇ ਕੋਲੇ, ਸੋ ਕਰੇ ਕਬਾਬ ਬਿਗਾਨੇ ॥
ਹਾਸ਼ਮ ਰਹੇ ਦਿਲਾਂ ਦੀ ਦਿਲ ਵਿਚ, ਹੋਰ ਜਾਦੂ ਸੇਹਰ ਬਹਾਨੇ ॥
ਦੂਰ ਨਿਕਾਬ ਕੀਤਾ ਦਿਲਬਰ ਨੇ, ਅਤੇ ਚਮਕੀ ਤੇਗ ਮਿਆਨੋਂ ॥
ਯਾਂ ਉਹ ਬਰਕ ਅਬਰ ਤੋਂ ਨਿਕਲੀ, ਯਾ ਹੂਰ ਡਿੱਗੀ ਅਸਮਾਨੋਂ ॥

"ਹਾਸ਼ਮ"

* * * * * *

ਰੇ ਰੰਗ ਨਹੀਂ ਮੇਰਾ ਕਤਨੇ ਦਾ, ਜੋਰੀ ਬੰਨ੍ਹਕੇ ਭੋਰੇ ਨਾ ਘਤ ਮਾਏ। ਪੀੜ੍ਹਾ ਪੀੜਕੇ ਰੱਤ ਨਪੀੜ ਲਈਆ, ਬੈਠਾਂ ਵਿਚ ਸਈਆਂ ਕੋਹੜੀ ਸਤ ਮਾਏ। ਚਰਖਾ ਵੇਖਕੇ ਰੰਗ ਕੁਰੰਗ ਹੋਇਆ, ਮਾਸ ਨਹੀਂ ਜੁੱਸੇ ਰੱਤੀ ਰੱਤ ਮਾਏ। ਅਤੇ ਇਸ਼ਕ ਹੁਸੈਨ ਸੁਮਤ ਸਮਝੇ, ਮਤੀ ਦੇਂਦੀਆਂ ਦੀ ਮਾਰੀ ਮੱਤ ਮਾਏ ॥

"ਹੁਸੈਨ"

‡ * ‡ ‡ ‡ †

ਲਕੜੀ ਹੋਵਾਂ ਬਲ ਬੁਝਾਂ ਲੂਨ ਹੋਵਾਂ ਗਲ ਜਾਂ।
ਤੇਰੀ ਜੰਮਨ ਰਾਤ ਤੋਂ ਸਾਂਈਆਂ ਬਲ ਬਲ ਜਾਂ ॥

"ਮੁਕਬਲ"

ਫੇਰ—ਚਸ਼ਮ ਸਿਆਹ ਵਿਚ ਰਮਜ਼ਾਂ ਕਾਤਲ ਖੋਲਨ ਜ਼ਖਮ ਨਿਹਾਨੀ।
ਚਮਕ ਸਤਾਰੇ ਅਨਵਰ ਵਾਂਗੂ ਝਾਤ ਘੱਤੇ ਜਗ ਫਾਨੀ।
ਬੀਨੀ ਨੇਜ਼ਾ ਨੂਰ ਉਛਾਲਾਂ ਵੇਖ ਨਜ਼ਰ ਜਲ ਜਾਂਦੀ।
ਦੋ ਅਬਰੂ ਪੈਵਸਤਾ ਦੇ ਵਿਚ ਹਸ਼ਕੋਂ ਝੜਦੀ ਚਾਂਦੀ।

ਨੂਰ ਰੁਖੋ ਲਸ਼ਕਾਰ ਦੇਂਦਾਂ ਥੀਂ ਲੈਨ ਉਧਾਰ ਸਤਾਰੇ।
ਕੌਸ ਕਜ਼ਾ ਦੇ ਅਬਰੂ ਅੱਗੇ ਖਾਵੇ ਕੋਲ ਹੁਲਾਰੇ।

(ਮੌ: ਗੁਲਾਮ ਰਸੂਲ)

ਉਸਦੇ ਤਿੱਖੇ ਨੈਨ ਕਟਾਰੀਆਂ ਬਿਰਹੋਂ ਚੜ੍ਹਾਈ ਸਾਨ।
ਅਤੇ ਧੁਪੇ ਡਿੱਠੀ ਲਿਸ਼ਕਦੀ ਜਿਉਂ ਬਿਜਲੀ ਅਸਮਾਨ॥

(ਹਾਫ਼ਜ਼ ਬਰਖ਼ੁਰਦਾਰ

ਕਿਹਾ ਸੋਹਣਾ ਅਲੰਕਾਰ, ਸੂਰਜ ਜੇਹਾ ਮੁਖੜਾ ਅਰ ਨਜ਼ਰ ਬਿਜਲੀ। ਗੱਲ ਕੀ ਕਵੀ ਨੇ ਧੁੱਪ ਵਿੱਚ ਬਿਜਲੀ ਵਖਾਈ, ਅਨਹੋਨੀ, ਹੋਨੀ ਬਨਾਈ॥

ਛਾਤੀ ਠਾਠ ਦੀ ਉੱਭਰੀ ਪੱਟ ਖੇਨੂੰ, ਸੇਉ ਬਲਖ ਦੇ ਚੁਨੇ ਅਨਾਰ ਵਿਚੋਂ। ਬਾਹਾਂ ਵੇਲਨੇ ਵੇਲੀਆਂ ਗੁੰਨ੍ਹ ਮੱਖਨ, ਛਾਤੀ ਸੰਗ ਮਰ ਮਰ ਗੰਗ ਦੀ ਧਾਰ ਵਿਚੋਂ। ਸੁਰਖੀ ਹੋਠਾਂ ਦੀ ਲੋੜ ਦੰਦਾਸੜੇ ਦਾ, ਖੋਜਾ ਖੱਤ੍ਰੀ ਕਤਲ ਬਜ਼ਾਰ ਵਿਚੋਂ।

(ਵਾਰਸ

ਬਾਜ਼ੇ ਕੈਹਨ ਪਿਸਤਾਨ ਦੋ ਮਾਹੀਆਂ ਸਨ, ਜ਼ੁਲਫਾਂ ਕੁੰਡੀਆਂ ਮੀਰ ਸ਼ਕਾਰ ਪਿਆਰੇ। ਬਾਜ਼ੇ ਕੈਹਨ ਦੋ ਗੰਜ ਰਖਸਾਰ ਆਹੇ, ਅਬਰੂ ਚੂੰਡੀਆਂ ਦੇ ਦੋਵੇਂ ਮਾਰ ਪਿਆਰੇ। ਗਰਦਨ ਕੂੰਜਦੀ ਗੂੰਜਦੀ ਵਿਚ ਸਈਆਂ, ਹੀਰ ਡਾਰ ਕੂੰਜਾਂ ਸਰਦਾਰ ਪਿਆਰੇ॥

(ਫ਼ਜ਼ਲ

ਏਸ ਵਨਗੀ ਤੋਂ ਪਤਾ ਲੱਗਾ ਕਿ ਇਕ ਸਾਦੇ ਖਿਆਲ ਨੂੰ ਕਵੀ ਕੇਹੀ ਸੋਹਣੀ ਤੇ ਮਨ ਖਿਚਵੀਂ ਬੋਲੀ ਵਿਚ ਦਸ ਸਕਦਾ ਹੈ।

ਪਦਾਂ ਦੀ ਪਵਿਤ੍ਰਤਾ ਤੇ ਚੋਣ ਅਜੇਹੀ ਹੋਨੀ ਚਾਹੀਦੀ ਹੈ ਜੋ

**ਕਵਿਤਾਦਾ ਕੁਦਰਤੀ ਤੇ ਬਨਾਉਟੀ ਢੰਗ, ਨੰਗੀ ਤੇ ਕੱਜੀ ਕਵਿਤਾ**

ਅੱਜ ਕੱਲ ਦੀ ਸਭ੍ਯ ਸਭਾ ਜਾਂ ਮੁਹੱਜ਼ਬ ਲੋਕਾਂ ਵਿਚ ਬੁਰੀ ਨਾ ਲੱਗੇ। ਪਦਾਂ ਦੀ ਚੋਣ ਕਵਿਤਾ ਲਈ ਇਕ ਕਪੜਿਆਂ ਦਾ ਕੰਮ ਦੇਂਦੀ ਹੈ। ਨਿਰਾ ਖਿਆਲ ਤੇ ਸੋਚ ਇਕ ਨੰਗੀ ਕਵਿਤਾ ਹੈ। ਜੀਕਨ ਇਕ ਮੁਸੱਵਰ ਨੰਗੀ ਤਸਵੀਰ ਖਿਚ ਅੰਗ ਅੰਗ ਨੂੰ ਅਨਾਟੋਮੀ (Anatomy) ਵਿਦਿਆ ਦੇ ਅਨੁਸਾਰ ਵਖਾਏ ਤਾਂ ਉਸਦੀ ਕਾਰੀਗਰੀ ਦੀ ਤਾਂ ਹੱਦ ਹੋ ਗਈ, ਪਰ ਉਹ ਨੰਗੀ ਤਸਵੀਰ ਸੁਸੈਟੀ ਤੇ ਚੰਗਾ ਅਸਰ ਨਹੀਂ ਕਰ ਸਕਦੀ। ਹਾਂ ਦੂਜੇ ਕਾਰੀਗਰ ਜ਼ਰੂਰ ਉਸ ਤਸਵੀਰ ਨੂੰ ਵੇਖਕੇ ਖੁਸ਼ ਹੋਨਗੇ ਅਰ ਕਰਤਾ ਦੀ ਮੇਹਨਤ ਨੂੰ ਸਲਾਹੁਣਗੇ। ਪਰ ਆਮ ਲੋਕਾਂ ਲਈ ਏਹ ਤਸਵੀਰ ਕੁਝ ਚੰਗੀ ਨਹੀਂ, ਕਿਉਂਕਿ ਲੋਕਾਂ ਦਾ ਖਿਆਲ ਉਸ ਮੁਸੱਵਰ ਦੀ ਕਾਰੀਗਰੀ ਵਲ ਨਹੀਂ ਜਾਨਾ ਪਰ ਤਸਵੀਰ ਦੇ ਨੰਗੇਜ ਵਲ ਉਨ੍ਹਾਂ ਦਾ ਮਨ ਖਿਚਿਆ ਜਾਏਗਾ ਅਰ ਵਿਸ਼ਾ ਪੈਦਾ ਕਰੇਗਾ। ਏਸ ਕਰਕੇ ਨੰਗੀ ਤਸਵੀਰ ਨੂੰ ਆਮ ਲੋਕਾਂ ਵਿਚ "ਗੰਦਾ" ਆਖਿਆ ਜਾਂਦਾ ਹੈ। ਏਸੇ ਤਰ੍ਹਾਂ ਜਦ ਕਵਿਤਾ ਵਿਚ ਅਸੀਂ ਅਜੇਹੇ ਖਿਆਲ ਤੇ ਪਦ ਵਰਤ ਦੇਈਏ ਜੋ ਕਈ ਵਾਰੀ ਅਸੀਂ ਗੁੱਸੇ, ਲੜਾਈ, ਝੇੜਾ ਆਦਿ ਦੇ ਸਮੇਂ ਵਰਤਦੇ ਹਾਂ। ਉਹ ਕਵਿਤਾ ਨੰਗੀ ਹੋਨ ਕਰਕੇ ਦੋਸ਼ੀ ਹੋ ਜਾਸੀ। ਏਸੇ ਤਰ੍ਹਾਂ ਜੇ ਜੰਗਲ ਵਿਚ ਗਏ ਅਰ ਵੱਟੇ ਤੇ ਮੁੱਖ ਵੇਖਕੇ ਐਵੇਂ ਭਿਆ-ਨਕ ਜੇਹੇ ਸ਼ਬਦਾਂ ਵਿਚ ਲਿਖ ਦਿਤਾ, ਜਿਸ ਦਾ ਅਸਰ ਸੁਨਣ ਵਾਲੇ ਦੇ ਦਿਲ ਤੇ ਨਾ ਹੋਇਆ, ਏਹ ਵੀ ਨੰਗੀ ਕਵਿਤਾ ਹੀ ਰਹੀ। ਬਸ ਇਸ ਤੋਂ ਏਹ ਗੱਲ ਸਿੱਧ ਹੋਈ, ਜੋ ਕਵਿਤਾ ਨੂੰ ਪਦਾਂ ਦੀ ਚੋਣ ਅਰ ਅਲੰਕਾਰ ਦੇ ਕਝਕੁ ਬਸਤਰ ਗੈਹਨੇ ਲੋੜੀਏ, ਐਸੇ ਵੀ ਨਾ ਹੋਨ ਕਿ ਉਨ੍ਹਾਂ ਦੇ ਭਾਰ ਹੇਠ ਕਵਿਤਾ ਦੀ ਅਸਲੀ ਸੂਰਤ ਦਬੀ ਜਾਏ। ਜੀਕਨ ਪੁਰਾਣੇ ਸਮੇਂ ਵਿਚ ਇਕ ਸੁੰਦਰ ਵੌਹਟੀ ਨੂੰ ਦਰਿਆਈ ਦੇ ਕਪੜੇ ਕਨਾਰੀ ਨਾਲ ਲੱਦੇ ਪਵਾ, ਅਰ ਸੋਨੇ ਚਾਂਦੀ ਦੇ ਭਾਰੇ ੨

ਗਹਿਣਿਆਂ ਨਾਲ ਇਸ ਤਰ੍ਹਾਂ ਸਜਾਉਂਦੇ ਸਨ ਕਿ ਵਚਾਰੀ ਨੂੰ ਕਦਮ ਤੁਰਨਾ ਤੇ ਗਿੱਚੀ ਫੇਰਨੀ ਇਕ ਔਖ ਹੋ ਜਾਂਦਾ ਸੀ। ਅਜੇਹੀ ਸਜੀ ਸਜਾਈ ਨਾਰ ਨੂੰ ਜੇ ਕੋਈ ਹਿੱਕ ਨਾਲ ਲਾਵੇ ਤਾਂ ਗਹਿਣਿਆਂ ਅਰ ਕੱਪੜਿਆਂ ਦੀ ਚੋਭ ਤੋਂ ਛੁੱਟ ਕੀ ਸਵਾਦ ਪਾਵੇ। ਉਹ ਸਮਾਂ ਸੀ ਜਦ ਏਹ ਗਲਾਂ ਸ਼ੋਭਦੀਆਂ ਸਨ। ਅਜ ਕਲ ਸਮਾ ਬਦਲ ਗਿਆ। ਹੁਨ ਨਾਜ਼ਕ ਨਾਰੀਆਂ ਨੂੰ ਨਾਜ਼ਕ ਗਹਿਣੇ ਤੇ ਕਪੜੇ ਲੋੜੀਏ। ਹੁਨ ਭਾਰ ਨਾਲ ਗੱਦੋਂ ਵਾਂਗ ਲੱਦਨ ਦੀ ਲੋੜ ਨਹੀਂ। ਏਹੀ ਹਾਲ ਅੱਜ ਕੱਲ ਦੀ ਕਵਿਤਾ ਦਾ ਹੈ। ਓਹ ਸਮਾ ਗਿਆ ਜਦ (ਮੁਬਾਲਗੇ) ਚੀਚੀ ਦਾ ਪਹਾੜ ਕਰਨਾ ਤੇ ਇਸਤਆਰੇ (Metaphor) ਜ਼ਿਲਾ ਜੁਗਤ ਨਾਲ ਕਵੀ ਅਪਨੀ ਕਵਿਤਾ ਨੂੰ ਲੱਦ ਦੇਂਦੇ ਸਨ, ਅਰ ਚੀਚੀ ਦਾ ਪਹਾੜ ਬਨਾਂਦੇ ਸਨ। ਇਕ ਜੌਂ ਜਿੰਨੇ ਖਿਆਲ ਨੂੰ ਤੂੜੀ ਦੇ ਢੇਰ ਹੇਠ ਲੁਕਾਂਦੇ ਸਨ। ਹੁਨ ਉਹ ਗੱਲ ਨਹੀਂ ਰਹੀ। ਹੁਨ ਸਾਨੂੰ ਇਕ ਖਿਆਲ ਨੂੰ ਚੋਣਵੇਂ ਪਦਾਂ ਵਿਚ ਇਸ ਤਰ੍ਹਾਂ ਦੱਸਨਾ ਲੋੜੀਏ ਜੋ ਸੁਨਣ ਵਾਲੇ ਦੇ ਚਿੱਤ ਵਿਚ ਘਰ ਕਰ ਜਾਏ। ਸੁਨਦੇ ਸਾਰ ਹੀ ਅਸਰ ਹੋ ਜਾਵੇ। ਜੇ ਇਕ ਤੁੱਕ ਸੁਨ ਉਸਦੇ ਅਰਥ ਕੱਢਨ ਲਈ ਸੋਚ ਦੀ ਲੋੜ, ਅਰ ਕੋਸ਼ ਫੋਲਨਾ ਪਿਆ, ਤਾਂ ਕਵਿਤਾ ਦਾ ਸਵਾਦ ਕੀ ਰਿਹਾ ਇਕ ਬੁਝਾਰਤ ਹੋਈ, ਜੀ ਪਰਚਾਵਾ ਕੀ, ਸਿਰ ਖਪਾਵਾ ਬਨ ਗਈ। ਏਸ ਗੱਲ ਨੂੰ ਚੰਗੀ ਤਰ੍ਹਾਂ ਸਮਝਾਨ ਲਈ ਕਵਿਤਾ ਦੀ ਵੰਨਗੀ ਲਿਖਦੇ ਹਾਂ, ਸੋਚੋ ਤੇ ਮਸਾਂ ਸਮਝ ਆਵੇ:—

ਨਿਜ ਜਨੀ ਜਿਨ ਜਨੀ ਤੱਤੀ ਨੇ, ਬਖਤ ਪੱਟੀ ਬੁੱਤ ਚੀਨੀ।
ਸ਼ਬ ਖੇਜ਼ੀ ਬੇ ਚੈਨੀ ਤੇਜ਼ੀ ਜੈਂ ਤਨ ਨਕਸ਼ ਜਬੀਨੀ॥

(ਮੌ: ਗੁਲਾਮ ਰਸੂਲ

ਇਸ ਦਾ ਮਤਲਬ ਏਹ ਹੀ ਨਹੀਂ ਕਿ ਪਹਾੜਾਂ ਜੰਗਲਾਂ,

**ਕੁਦਰਤੀ ਯਾਂ ਨੇਚਰਲ ਕਵਿਤਾ**

ਦਰਿਆਵਾਂ ਆਦਿ ਦੇ ਦਰਸ਼ਨਾਂ ਤੇ ਜੋ ਕਵਿਤਾ ਫੁਰਦੀ ਹੈ ਉਹੀ ਕੁਦਰਤੀ ਹੈ। ਪਰ ਇਸ ਤੋਂ ਛੁਟ ਹੋਰ ਵੀ ਜਿਸ ਕਵਿਤਾ ਵਿਚ ਮੁਬਾਲਗਾ ਤੇ ਤਸ਼ਬੀਹ ਦਾ ਰੰਗ ਨਾਂ ਮਿਲਾਇਆ ਗਿਆ ਹੋਵੇ। ਇਕ ਵਸਤੂ ਨੂੰ ਜੇਹੀ ਉਹ ਦਿਸਦੀ ਹੈ ਉਜੇਹਾ ਦੱਸਿਆ ਜਾਏ, ਤਾਂ ਕਵਿਤਾ ਨੇਚਰਲ ਜਾਂ ਕੁਦਰਤੀ ਹੁੰਦੀ ਹੈ। ਪੰਜਾਬੀ ਵਿੱਚ ਨੇਚਰਲ ਕਵਿਤਾ ਦਾ ਜ਼ੋਰ ਹੈ। ਮੁਬਾਲਗਾ, ਇਸਤਅਰਾ ਤੇ ਤਸ਼ਬੀਹ ਪੁਰਾਣਿਆਂ ਕਵੀਆਂ ਨੇ ਘੱਟ ਵਰਤੀਆਂ ਹਨ। ਪਰ ਜਦ ਸਿੱਖਾਂ ਦੇ ਰਾਜ ਪਿਛੋਂ, ਉਰਦੂ ਆ ਵੜੀ ਅਰ "ਗ਼ਜ਼ਲ" ਦਾ ਚਮਕਦਾ ਮੂੰਹ ਵੇਖਿਆ, ਤਦ ਕਵੀਆਂ ਨੇ (ਫ਼ਜ਼ਲ, ਗੁਲਾਮ ਰਸੂਲ ਆਦਿ) ਏਹ ਗੈਹਣੇ ਵੀ ਪੰਜਾਬੀ ਕਵਿਤਾ ਨੂੰ ਪਵਾਏ ॥

ਇਹ ਗੱਲ ਅਸੀਂ ਜ਼ਰੂਰ ਮੰਨਣ ਨੂੰ ਤਿਆਰ ਹਾਂ, ਕਿ ਪੰਜਾਬੀ ਕਵਿਤਾ ਵਿਚ ਰਚਨਾਂ ਜਾਂ ਕੁਦਰਤ ਦੇ ਨਜ਼ਾਰਿਆਂ ਨੂੰ ਚੰਗੀ ਤਰਾਂ ਕਿਸੇ ਕਵੀ ਨੇ ਦੱਸਿਆ ਨਹੀਂ ਤੇ ਨਾਂ ਹੀ ਨਜ਼ਾਰਿਆਂ ਦਾ (ਜੰਗਲ, ਪਹਾੜ, ਨਦੀ ਨਾਲੇ ਯਾ ਰੁੱਤਾਂ) ਉਤੇ ਰੰਗ ਦਖਾਇਆ ਹੈ ਜੋ ਕਾਲੀਦਾਸ ਜਾਂ (Scot) ਸਕਾਟ ਨੇ ਬੱਧਾ ਹੈ ਕਿਧਰੇ ੨ ਲੋੜ ਅਨੁਸਾਰ ਕਿਸੇ ਕਵੀ ਨੇ ਥੋੜਾ ਬਹੁਤ ਲਿਖਿਆ ਤਾਂ ਉਹ ਇਸ ਅਤੁਟ ਘਾਟੇ ਨੂੰ ਪੂਰਾ ਨਹੀਂ ਕਰਦਾ। ਹਾਂ ਹੋਰ ਮਨੁਖੀ ਗੱਲਾਂ ਤੇ ਜੀ ਦੇ ਵਲਵਲ ਤੇ ਜੋਸ਼ ਦਸਨ ਵਿਚ ਮੁਬਾਲਗਾ ਨਹੀਂ ਵਰਤਿਆ ਉਹੀ ਰੰਗ ਰੋਹਨ ਦਿੱਤਾ ਹੈ, ਜੋ ਸਾਮਨੇ ਦਿੱਸਿਆ। ਪੰਜਾਬੀ ਆਸ਼ਕ ਮਿਜਾਜ਼ ਕਵੀਆਂ ਨੇ, ਮਾਨੁੱਖੀ ਚਿੱਤ ਦੇ ਤੇ ਅੰਦਰ ਵੜਕੇ ਖਿਆਲ ਕੱਢੇ ਪਰ ਕੁਦਰਤ ਵਿਚ ਜੋ ਸੁਹੱਪਨ ਤੇ ਰੂਪ ਹੈ ਉਸਨੂੰ ਨਾਂ ਵੇਖਿਆ ਤੇ ਨਾਂ ਹੀ ਦੂਜਿਆਂ ਨੂੰ ਆਪਨੀ ਕਵਿਤਾ ਦਵਾਰਾ ਉਸ "ਸੁੰਦਰਤਾਈ" ਦੇ ਦਰਸ਼ਨ ਕਰਾਏ । ਕਿਸੇ ੨ ਕਵੀ ਨੂੰ ਤੇ ਏਸ ਸੁੰਦਰਤਾਈ ਦਾ ਝੌਲਾ ਪਿਆ ਪਰ ਵਿਰਲਾ। ਇਕ ਕਵੀ ਲਈ ਰਚਨਾਂ ਦੇ ਸੁਹੱਪਨ ਦਾ

ਜਾਨੂ ਹੋਨਾ ਜ਼ਰੂਰੀ ਹੈ, ਤਾਂ ਹੀ ਉਹ ਅਪਨੀ ਕਵਿਤਾ ਵਿਚ ਉਸ ਸੁੰਦਰਤਾਈ ਦਾ ਜੋੜ੍ਹੀ ਸੁਨਣ ਵਾਲਿਆਂ ਨੂੰ ਮੋਹਤ ਕਰ ਲੈਂਦੀ ਏ ਦਰਸ਼ਨ ਕਰਾ ਸਕਦਾ ਹੈ। ਪਰ ਇਹ ਦੋਸ਼ ਪੰਜਾਬੀ ਦੇ ਸੰਤਾਂ ਫਕੀਰਾਂ ਦੀ ਕਵਿਤਾ ਵਿਚ ਨਹੀਂ। ਉਹ ਤੇ ਰਬ ਤੇ ਰਬੀ ਨਜ਼ਾਰੇ ਤੇ ਮੋਹਤ ਹੁੰਦੇ ਨੇ ਫੇਰ ਰੱਬੀ ਰਚਨਾਂ ਨਾ ਵੇਖਣ ਤੇ ਤਕਨ ਕੀ? ਅਰ ਓਹੀ ਉੱਚੀ ਪਦਵੀ ਦੀ ਕਵਿਤਾ ਹੈ ਜਿਸ ਦਾ ਮਾਨ ਪੰਜਾਬੀ ਜਿਨਾਂ ਕਰਨ ਥੋੜਾ ਹੈ ॥

**ਕਵਿਤਾ ਦੇ ਭੂਸ਼ਨ** ਕਵਿਤਾ ਦੇ ਗਹਣੇ ਇਹ ਹਨ:-

੧—ਚੰਗਾ ਖਿਆਲ।
੨—ਚੰਗੇ ਤੇ ਚੋਨਵੇਂ ਪਦ, ਅਰ ਉਨ੍ਹਾਂ ਦੀ ਸੋਹਣੀ ਤਰਤੀਬ ਤੇ ਚਾਲ।
੩— ਅਲੰਕਾਰ।
੪—ਦੇਸ ਤੇ ਸਮੇਂ ਦਾ ਪ੍ਰਭਾਉ।

੧—ਖਿਆਲ ਜਾ ਸੋਚਦੇ ਵਿਸ਼ੇ ਤੇ ਅਸੀਂ ਪੈਹਲੇ ਲਿਖ ਆਏ ਹਾਂ।
੨—ਚੰਗੇ ਪਦਾਂ ਦੀ ਲੋੜ ਕਵਿਤਾ ਲਈ ਜ਼ਰੂਰੀ ਹੈ। ਲਫਜ਼, ਹੋਨ ਵੀ ਸੁਚੇ ਤੇ ਵਰਤਨ ਵਿਚ ਆਨ ਵਾਲੇ ॥

ਇਕ ਖਿਆਲ ਨੂੰ ਦੱਸਨ ਲਈ ਪਦ ਹੁੰਦੇ ਹਨ ਪਰ ਕਵਿਤਾ ਵਿੱਚ ਉਹੀ ਪਦ ਵਰਤਨੇ ਚਾਹੀਏ ਜੇਹੜੇ ਸ੍ਰਭ "ਸੁੱਚੇ" ਹੋਣ। ਉਨ੍ਹਾਂ ਵਿੱਚ "ਸਭਯਤਾ" (ਤੈਹਜ਼ੀਬ) ਤੋਂ ਡਿਗੀ ਹੋਈ ਕੋਈ ਗੱਲ ਨਾ ਹੋਵੇ, ਹਰ ਰੋਜ ਦੇ ਵਰਤਨ ਵਿੱਚ ਆਂਵਦੇ ਹੋਨ। ਅੱਜ ਕੱਲ ਦੀ ਕਵਿਤਾ ਵਿੱਚ ਜੇ ਬਾਬਾ ਫ਼ਰੀਦ ਜਾਂ ਛੱਜੂ ਭਗਤ ਦੇ ਵੇਲੇ ਦੇ ਪਦ ਪਾਏ ਤਾਂ ਉਹ ਅੱਜ ਕੱਲ ਸਮਝ ਵਿਚ ਨਹੀਂ ਆਵਨਗੇ। ਕਵੀਆਂ ਦਾ ਕੰਮ ਹੈ ਬੋਲੀ ਮਾਂਢਨਾ। ਬੱਸ ਜੇ ਪੁਰਾਨੀ ਮੈਲ ਲੱਗੀ ਹੋਵੇ ਤਾਂ

ਉਹ ਦੂਰ ਕਰਕੇ, ਬੋਲੀ "ਮੁਹਾਵਰੇ" "ਤੈਹਜ਼ੀਬ ਦੀ" ਮਾਂਦਨੀ ਨਾਲ ਮਾਂਦਕੇ ਲਿਸ਼ਕਾ ਦੇਉ।

ਧਨ = ਇਸਤ੍ਰੀ, ਬਾੜਾ = ਖਾਰਾ, ਨੀਰ = ਪਾਨੀ, ਦਾਮਨ = ਬਿਜਲੀ, ਚੀਰੀ = ਚਿਠੀ, ਡੋਡਨਾ = ਭੋਛਨ, ਡੂਮਨਾ = ਦੁਚਿਤਾ।

ਅਜੇਹੇ ਕਈ ਪਦ ਪੈਹਲੇ ਵਰਤੇ ਜਾਂਦੇ ਸਨ ਅਰ ਪੁਰਾਨੀਆਂ ਕਵਿਤਾਂ ਵਿੱਚ ਮਿਲਦੇ ਹਨ, ਪਰ ਅੱਜ ਕੱਲ ਨਹੀਂ ਵਰਤੇ ਜਾਂਦੇ। ਏਸ ਕਰਕੇ ਛਡੀਨੇ ਲੋੜੀਏ। ਅਰ ਅੱਜ ਕੱਲ ਨਵੇਂ ਵਰਤਨ ਵਾਲੇ ਲਫ਼ਜ਼ ਅਪਨੇ ਲੇਖਾਂ ਵਿਚ ਵਾੜਨੇ ਚਾਹੀਏ। ਹਾਂ ਇੱਕ ਗੱਲ ਜ਼ਰੂਰੀ ਚੇਤੇ ਰੱਖਨੀ, ਕਿ ਸਮੇਂ ਤੇ ਦੇਸ਼ ਦਾ ਖਿਆਲ ਜਰੂਰ ਰਖਨਾ। ਜੇ ਕੋਈ ਕਵਿਤਾ, ਪਿਛਲੇ ਸਮੇਂ ਦਾ ਨਕਸ਼ਾ ਖਿੱਚਨ ਵਾਲੀ ਹੋਵੇ, ਤਾਂ ਉਸ ਵਿਚ ਜੇ ਉਸ ਸਮੇਂ ਦੇ ਪਦ ਵਰਤੇ ਜਾਨ ਤਾਂ ਉਹ ਇਕ ਭੂਸ਼ਨ (ਗੈਹਣੇ) ਹੋ ਜਾਨਗੇ। ਡਰਾਮੇ ਜਾਂ ਬੀਰ ਰਸ ਵਿਚ ਇਸਦਾ ਧਿਆਨ ਜਰੂਰੀ ਹੈ॥

ਚੰਗੇ ਲਫ਼ਜ਼ਾਂ (ਪਦਾਂ) ਦਾ ਖ਼ਜ਼ਾਨਾ ਕੱਠਾ ਕਰਨ ਲਈ ਜ਼ਰੂਰੀ ਹੈ ਕਿ ਸਾਰਾ ਕਵਿਤਾ ਦਾ ਭੰਡਾਰ ਖੋਜਿਆ ਜਾਏ। ਜੋ ਜੋ "ਮੁਹਾਵਰੇ" ਤੇ ਅਲੰਕਾਰ ਪੁਰਾਨੇ ਕਵੀਆਂ ਨੇ ਵਰਤੇ ਹਨ ਉਹ ਸਭ ਠਨਕਾਏ ਜਾਨ ਜੋ ਅਜ ਕਲ ਦੇ ਸਿੱਕੇ ਦਾ ਹੋਵੇ ਵਰਤਿਆ ਜਾਏ। ਵਰਤਮਾਨ ਲਿਟ੍ਰੇਚਰ ਦਾ ਵੀ ਜਾਨੂ ਹੋਨਾ ਲੋੜੀਏ, ਅਰ ਪੰਜਾਬੀ ਬੋਲੀ ਲਈ ਤਾਂ ਏਹ ਵੀ ਜ਼ਰੂਰੀ ਹੈ, ਕਿ ਕਵੀ ਅਪਨੀ ਸੋਚ ਵਿਚੋਂ ਨਵੇਂ ਮੁਹਾਵਰੇ ਤੇ ਪਦ ਘੜ ਵੀ ਸਕੇ। ਪੰਜਾਬੀ ਦਾ ਪਦ ਭੰਡਾਰ ਬੜਾ ਥੋੜਾ ਹੈ ਇਸ ਨੂੰ ਵਧਾਨਾ ਕਵੀਆਂ ਤੇ ਲਿਟ੍ਰੇਚਰ ਬਨਾਨ ਵਾਲੇ ਗ੍ਰੰਥਕਾਰਾਂ ਦਾ ਈ ਕੰਮ ਹੈ। ਜਦ ਲਿਖਦੇ ੨ ਇਕ ਖਿਆਲ ਆ ਜਾਏ ਜਿਸ ਨੂੰ ਪ੍ਰਗਟ ਕਰਨ ਲਈ ਪੰਜਾਬੀ ਵਿਚ ਲਫ਼ਜ਼ ਨਾ ਹੋਵੇ ਤਾਂ ਲੇਖਕ ਨੂੰ ਕੀ ਕਰਨਾ ਚਾਹੀਏ। ਸਭ ਤੋਂ ਪੈਹਲੇ

ਤਾਂ ਪੰਜਾਬੀ ਇਸਤ੍ਰੀਆਂ ਦੀ ਸਰਨ ਲੈਨੀ ਲੋੜੀਏ, ਕਿਉਂ ਜੋ ਇਸਤ੍ਰੀਆਂ ਦੀ ਬੋਲੀ ਤੇ ਮੁਹਾਵਰਾ ਸ਼ੁਧ ਹੁੰਦਾ ਹੈ। ਉਹ ਹਮੇਸ਼ਾਂ ਅਪਨੇ ਦਿਲ ਦੇ ਖਿਆਲ ਅਪਨੀ ਸ਼ੁਧ ਬੋਲੀ ਵਿਚ ਦਸਦੀਆਂ ਹਨ। ਜੇ ਏਥੋਂ ਵੀ ਘਾਟਾ ਪੂਰਾ ਨਾ ਹੋਵੇ, ਤਾਂ ਪੰਜਾਬ ਦੀਆਂ ਵਰਤਮਾਨ ਦੇਸੀ ਬੋਲੀਆਂ (ਉਰਦੂ, ਹਿੰਦੀ) ਵਲ ਜਾਏ ਅਰ ਉਹੀ ਪਦ ਚੁਨੇ ਜੇਹੜਾ ਫੇਰ ਵਰਤਿਆ ਜਾਂਦਾ ਹੋਵੇ, ਤੇ ਹਰ ਇਕ ਸਮਝ ਸਕੇ, ਹਿੰਦੂ ਤੇ ਮੁਸਲਮ ਦਾ ਤਅੱਸਬ ਛੱਡ ਦੇਵੇ। ਜੇ ਕਦੀ ਹਿੰਦੂ ਕਵੀ ਜਾਂ ਗ੍ਰੰਥਾਕਾਰ ਧਿੰਗੋਜ਼ੋਰੀ ਅਜੇਹੀ ਸੰਸਕ੍ਰਿਤ ਜਾਂ ਭਾਸ਼ਾ ਨਾ ਵਾੜਨ ਜੇਹੜੀ ਕਿਸੇ ਨੂੰ ਸਮਝ ਨਾ ਆਵੇ, ਤੇ ਮੁਸਲਮਾਨ ਫ਼ਾਰਸੀ ਅਰਬੀ ਨੂੰ ਜੋਰ ਧਿਙਾਨੇ ਨਾ ਦਾਖਲ ਕਰਨ ਤਾਂ ਬੋਲੀ ਛੇਤੀ ਹੀ ਸਾਫ਼ ਸੁਧਰ ਜਾਏਗੀ।

ਹੁਨ ਅੰਗਰੇਜ਼ੀ ਦਾ ਵਰਤਾਰਾ ਹੋਨ ਕਰਕੇ, ਪੱਛਮੀ ਵਿਦਿਆ ਦੇ ਨਾਲ ਅਜੇਹੇ ਨਵੇਂ ਖਿਆਲ ਆ ਗਏ ਹੈਨ, ਜਿਨ੍ਹਾਂ ਦਾ ਉਲਥਾ, ਪੰਜਾਬੀ ਛੱਡ ਉਰਦੂ ਫਾਰਸੀ ਵਿੱਚ ਵੀ ਨਹੀਂ ਮਿਲਦਾ। ਸਾਨੂੰ ਸੰਸਕ੍ਰਿਤ ਜਾਂ ਅਰਬੀ ਦਾ ਬੂਹਾ ਭੰਨਣਾ ਪੈਂਦਾ ਹੈ ਅਰ ਮੰਗ ਪਿੰਨ ਕੇ ਅਜੇਹੇ ਲਫ਼ਜ਼ ਲਿਆਉਨੇ ਆਂ ਜੇਹੜੇ ਅੰਗਰੇਜ਼ੀ ਨਾਲੋਂ ਮੁਸ਼ਕਲ ਹੁੰਦੇ ਨੇ ਅਤੇ ਪੰਜਾਬੀਆਂ ਲਈ ਇਕੋ ਜਿਹੇ ਔਖੇ, ਤਾਂ ਤੇ ਸਾਨੂੰ ਅੰਗਰੇਜ਼ੀ ਪਦਾਂ ਨੂੰ ਹੀ ਆਪਨੀ ਬੋਲੀ ਵਿੱਚ ਥਾਂ ਦੇਨੀ ਚਾਹੀਏ, ਜੀਕਨ: ਲਿਟ੍ਰੇਚਰ, ਨਾਵਲ, ਹੀਰੋ, ਗੈਸ, ਪ੍ਰੋਗ੍ਰਾਮ, ਬੋਤਲ, ਸਕੂਲ, ਅਫ਼ਸਰ, ਗ਼ਲਾਸ।

## ਅਲੰਕਾਰ

ਇਕ ਕਵਿਤਾ (ਨਜ਼ਮ) ਨੂੰ ਸੰਗਾਰਨ ਤੇ ਸੁਵਾਰਨ ਲਈ ਅਲੰਕਾਰ ਦੇ ਗੈਹਣਿਆਂ ਦੀ ਲੋੜ ਹੈ। ਅਲੰਕਾਰ ਕੇਵਲ ਗੈਹਣੇ ਹੀ ਸਮਝਨੇ ਚਾਹੀਏ। ਅਸਲ ਸੁੰਦਰਤਾ ਤੇ ਕਵਿਤਾ ਵਿਚ ਖਿਆਲ ਦੀ

ਤੇ ਕਥਨੀ ਦੀ ਹੈ । ਅਲੰਕਾਰ ਤਿੰਨਾਂ ਕਿਸਮਾਂ ਦਾ ਹੁੰਦਾ ਹੈ:--

(੧) ਸ਼ਬਦਾਲੰਕਾਰ (੨) ਅਰਥਾਲੰਕਾਰ (੩) ਉਭਯਾਲੰਕਾਰ ।

**ਸ਼ਬਦਲੰਕਾਰ** | ਲਫਜ਼ਾਂ ਦੀ ਤਰਤੀਬ ਦੇ ਨਾਲ "ਨਜ਼ਮ" ਛੰਦ ਵਿਚ ਸੁੰਦਰਤਾਈ ਤੇ ਰਸ ਪਾ ਦੇਣਾ ।

ਸੋਚ ਦੇ ਨਾਲੋਂ ਨਾਲ ਪਦਾਂ ਤੇ ਲਫ਼ਜ਼ਾਂ ਦੀ ਤਰਤੀਬ ਬੜੀ

**ਸ਼ਦਬਾਲੰਕਾਰ** | ਲੋੜੀਦੀ ਹੈ, ਕਵੀ ਦੇ ਦਮਾਗ਼ ਵਿੱਚੋਂ ਨਿਕਲੀ ਹੋਈ ਤਰਤੀਬ (ਮਲਾਉਨੀ) ਜੇ ਅਸੀਂ ਹਲਾ ਜੁਲਾ ਦੇਈਏ ਤਾਂ ਉਹ ਅਸਰ ਨਹੀਂ ਰੈਂਹਦਾ । ਜੇ ਕਦੇ ਕਿਸੇ ਵੱਡੇ ਕਵੀ ਦਾ ਕਵਿਤਾ ਵਿੱਚੋਂ ਇੱਕ ਅੱਖਰ ਅੱਗੇ ਪਿੱਛੇ ਕਰ ਦੇਓ ਤਾਂ ਸਾਰਾ ਸੁਆਦ ਸਾਰਾ ਮਜ਼ਾ ਮਾਰਿਆ ਜਾਂਦਾ ਹੈ । ਜੀਕਨ ਅਗੇ ਲਿਖੇ ਬਚਨਾਂ ਵਿਚੋਂ ਪਦ ਵੱਧ ਘੱਟ ਕਰ ਵੇਖੋ ਸਾਰਾ ਰਸ ਚਲਾ ਜਾਸੀ :—

ਰੰਗ ਬਰੰਗੀ ਸੂਲ ਏਥੇ ਜੋ ਚੰਬੜ ਜਾਂਦੇ ਜੇਹਨੂੰ ॥
ਏਥੇ ਦੇ ਦੁਖ ਨਾਲੇ ਜਾਂਦੇ ਅਗਲੇ ਸੌਂਪਾਂ ਕੇਹਨੂੰ ॥

ਫੇਰ:-ਫਰੀਦਾ, ਗਲੀਏ ਚਿਕੜ ਦੂਰ ਘਰ ਨਾਲ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥

ਅਥਵਾ—ਜੋ ਸਿਰ ਸਾਂਈ ਨਾ ਨਿਵੈ ਸੋ ਸਿਰ ਦੀਜੈ ਡਾਰ ॥
ਨਾਨਕ ਜਿਸ ਪਿੰਜਰ ਮੈ ਬਿਰਹਾ ਨਹੀਂ ਸੋ ਪਿੰਜਰ ਲੈ ਜਾਰ ।

ਏਹਨਾਂ ਵਿੱਚੋਂ ਇਕ ਪਦ ਵਟਾਓ ਜਾਂ ਤਰਤੀਬ ਬਦਲੋ ਤਾਂ ਕਵੀ ਦੀ ਮੇਹਨਤ ਸਾਰੀ ਅਜਾਂਈ ਜਾਂਦੀ ਹੈ । ਜੀਕਨ ਇਕ ਮਾਲੀ ਸੋਹਣੇ ੨ ਫੁਲਾਂ ਨੂੰ ਕਾਰੀਗਰੀ ਨਾਲ ਸਜਾ, ਥਾਉਂ ਥਾਈਂ ਰਖ ਗੁਲਦਸਤਾ ਜਾਂ ਹਾਰ ਬਨਾਂਦਾ ਹੈ, ਜੋ ਸਭਨਾਂ ਦੇ ਜੀ ਨੂੰ ਸੁਖਾਂਦਾ ਹੈ, ਜੇ ਤੁਸੀਂ ਉਸ ਦਾ ਇਕ ਫੁੱਲ ਵੀ ਬਦਲ ਦੇਓ ਜਾਂ ਵਟਾ ਦਿਓ ਤਾਂ ਸਾਰਾ ਰਸ ਨਾਸ ਹੋ ਜਾਂਦਾ ਹੈ। ਜੀਕਨ ਇਕ ਮੁਸੱਵਰ (ਮੂਰਤ ਬਨਾਨ ਵਾਲਾ) ਅਪਣੀ ਤਸਵੀਰ ਵਿੱਚ ਵੰਨ ਸਵੰਨੇ ਰੰਗ

ਥਾਂਓ ਥਾਂਈ ਭਰਕੇ ਇਕ ਅਸਚਰਯ ਚਿੱਤਰ ਬਨਾਕੇ ਲਿਆਉਂਦਾ ਹੈ ਜਿਸ ਨੂੰ ਵੇਖ ਸਭ ਸਲਾਹਉਂਦੇ ਨੇ ਪਰ ਜੇ ਇੱਕ ਬੇਸਮਝ ਅਪਨੀ ਕਾਰਾਗਰੀ ਸਾੜਨ ਲਈ ਇਕ ਰੰਗ ਨੂੰ ਬਦਲ ਦੇਵੇ। ਲਾਲ ਤੇ ਚਿੱਟਾ, ਜਾਂ ਸਾਵੇ ਤੇ ਪੀਲਾ ਲਾ ਦੇਵੇ ਤਾਂ ਸਾਰਾ ਚਿੱਤ੍ਰ ਨਾਸ ਹੋ ਜਾਂਦਾ ਏ। ਏਸੇ ਤਰ੍ਹਾਂ ਇੱਕ ਕਵੀ ਦੇ ਮਿਥੇ ਹੋਏ ਥਾਂਓ ਥਾਂਈ ਰੱਖੇ ਹੋਏ ਪਦਾਂ ਨੂੰ ਵਟਾਨ ਨਾਲ ਇਕ ਸ਼ਲੋਕ ਜਾਂ ਛੰਦ ਦਾ ਸਾਰਾ ਰਸ ਮਾਰਿਆ ਜਾਂਦਾ ਏ। ਤੁਸੀ ਸ਼ੇਕਸਪੀਅਰ, ਮਿਲਟਨ ਕਾਲੀਦਾਸ, ਸਾਦੀ; ਨਜ਼ਾਮੀ ਜਾਂ ਗ਼ਲਾਬ, ਜ਼ੌਕ, ਵਾਰਸ, ਹਾਫਜ਼ ਆਦਿ ਕਿਸੇ ਕਵੀ ਦੀ ਕਵਿਤਾ ਵਿਚ ਰਤੀ ਵੀ ਅਦਲ ਬਦਲ ਕਰੋ ਉਹ ਗੱਲ ਨਹੀਂ ਰੈਂਹਦੀ ਜੋ ਕਵੀ ਨੇ ਰੱਖੀ ਸੀ।

ਪਦਾਂ ਦੀ ਤਰਤੀਬ ਵੀ ਦੋ ਤ੍ਰੀਕੇ ਤੇ ਹੁੰਦੀ ਹੈ। ਇੱਕ ਤੇ ਸਾਧਾਰਨ ਦਮਾਗੋਂ ਨਿਕਲੀ, ਦੂਜੀ ਪਿੰਗਲ ਦੀ ਰੀਤੀ ਨਾਲ ਬਨਾਈ।

ਖਿਆਲ ਤੇ ਸੋਚ ਦੀ ਉਡਾਰੀ ਦੇ ਨਾਲ ਨਾਲ ਹੀ ਕਵੀ ਦੇ ਦਮਾਗੋਂ ਲੈਯ ਤੇ ਸੁਰ ਨਿਕਲਦੀ ਹੈ, ਜੋ ਸੁਚੀ ਲੈਯ ਹੁੰਦੀ ਹੈ। ਪਰ ਇਸ ਦੀ ਕਸੌਟੀ ਪਿੰਗਲ ਹੈ। ਪਿੰਗਲ ਇਕ ਕਾਨੂੰਨ ਹੈ ਜੋ ਕਵੀਆਂ ਨੂੰ ਇਕ ਸੰਗਲ ਨਾਲ ਜਕੜਦਾ ਹੈ। ਇਸ ਤੋਂ ਛੁਟਕਾਰਾ ਹੀ ਚੰਗਾ ਪਰ ਫੇਰ ਕਾਨੂੰਨੋਂ ਬਾਹਰਾ ਡੰਡ ਦਾ ਭਾਗੀ। ਪਰ ਏਹ ਜ਼ਰੂਰੀ ਸਮਝਨਾ ਕਿ ਪਿੰਗਲ ਦੀ ਸ਼ਰਨ ਅਸਲ ਕਵੀ ਸਭ ਤੋਂ ਪਿੱਛੋਂ ਲੈਂਦੇ ਨੇ ਪੈਹਲੋਂ ਹੀ ਮੁਖ ਰੱਖਕੇ ਜੇ ਇਸ ਇੰਦਰ ਜਾਲ ਵਿਚ ਫਸੇ ਤਾਂ ਨਿਕਲਨਾ ਮੁਸ਼ਕਲ, ਸੋਚ ਨੂੰ ਡੱਕਾ ਪੈ ਗਿਆ ਪਰ ਕਵੀਆਂ ਨੂੰ ਬਥੇਰੀ ਖੁਲ੍ਹ ਹੈ। ਪਿੰਗਲ ਉਹਨਾਂ ਦਾ ਦਾਸ ਹੋਏ, ਉਹ ਪਿੰਗਲ ਦੇ ਦਾਸ ਨਾ ਬਨਣ ਪਰ ਅੰਤ ਪਿੰਗਲ ਬਿਨਾਂ ਛੁਟਕਾਰਾ ਨਹੀਂ। ਖਿਆਲ ਅੰਤ ਅਡ ਬਦਲਾਂ ਵਾਕਰ ਹਵਾ ਦੇ ਵੇਗ ਨਾਲ ਅਕਾਸ਼ ਵਿਚ ਉਡਦੇ ਫਿਰਦੇ ਅਕਠੇ ਹੋ ਇਕ ਘਟਾ ਬਨ ਵਸਦੇ ਨਹੀਂ। ਏਹੀ ਇਕ ਲੜੀ ਹੈ ਜਿਸ ਵਿਚ ਸੋਚ ਦੇ ਮੋਤੀ ਪ੍ਰੋਏ ਜਾਂਦੇ ਨੇ ਤੇ ਸੋਹਣਾ ਹਾਰ ਬਨਦੇ ਨੇ।

ਇਸ ਦਾ ਨਾਮ ਨਜ਼ਮ ਨਿਯਮਨੁਸਾਰ ਬਧੇ ਖਿਆਲ ਹੈ। ਪਿੰਗਲ ਤੋਂ ਛੁਟ ਲਫਜ਼ਾਂ ਦੀ ਜੋੜ ਤੋੜ ਹੋਰ ਵੀ ਕਿੰਨੀ ਤਰ੍ਹਾਂ ਦੀ ਹੁੰਦੀ ਹੈ, ਜੀਕਨ ਜੁਗਤ ਜ਼ਿਲਾ ਆਦਿ:–

ਇੱਕ ਲਫ਼ਜ਼ ਲਈ ਉਸਦਾ ਸਾਥੀ ਦੂਸਰਾ ਲਫ਼ਜ਼ ਲਿਆਨਾ ਬੁਲਬੁਲ ਲਈ ਫੁੱਲ, ਜ਼ੁਲਫ ਲਈ ਨਾਗਨ, ਸੁੰਬਲ ਆਦਿ। ਚੰਦ ਲਈ ਚਕੋਰ, ਚਾਤ੍ਰਿਕ ਬੰਬੀਹੇ ਲਈ ਤੂਹੀ ਜਾਂ ਸਵੇਤੂ ਬੂੰਦ ਦਰਿਆ ਲਈ ਮੱਛੀ, ਹੰਸ ਆਦਿ, ਕੰਵਲ ਲਈ ਭੌਰਾ, ਹੰਸ ਲਈ ਮੋਤੀ।

(੨) ਇਕ ਪਦ ਨੂੰ ਕਈ ਅੱਡ ਅੱਡ ਅਰਥਾਂ ਵਿਚ ਵਰਤਨਾਂ।

ਜੀਕਨ:–

ਸੀਨੋਂ ਸਾਥ ਲੱਦੀ ਬਿਨ ਸਾਹੋਂ ਬਲੋਚਾ ਬਲੀਆਂ ਤਾਂ ਬੀ ਬਲੀਆਂ। ਮੁੱਠੀ ਜਾਨ ਮੁੱਠੀ ਵਿਚ ਗਲੀਆਂ, ਹੋਤਾਂ ਮਿਠੀਆਂ ਗਲੀਆਂ, ਸੁਨ ਸੁਨ ਗਲੀਆਂ। ਪਾਸ ਮਰੋੜਾਂ ਪਾਸ ਨਾ ਪਿਆਰਾ ਖ੍ਵਾਬੋ ਅੱਖੀਂ ਮਲੀਆਂ ਵਾਟਾਂ ਮਲੀਆਂ। ਫਜ਼ਲ ਪੁੰਨੂੰ ਕਰਵਾਨਾਂ ਖੜਿਆ ਭਠ ਚਰਖਾ ਭੱਠ ਛਲੀਆਂ, ਹਾਏ ਮੈਂ ਛਲੀਆਂ।

(ਫਜ਼ਲ

(੩) ਇਕ ਵਜ਼ਨ ਦੇ ਪਦਾਂ ਨੂੰ ਕੋਲ ਕੋਲ ਲਿਆਉਣਾ ਜਿਸ ਨਾਲ ਲੈਅ ਵਿਚ ਸਵਾਦ ਹੋ ਜਾਏ। ਜੀਕਨ:–

ਕੇਈ ਨਾਲ ਤੁੱਕੜੀ ਤੁੱਲ ਗਈਆਂ ਹੋਈਆਂ ਸਾਹਿਬਾਂ ਦੇ ਨਹੀਂ ਤੁੱਲ ਲੋਕੋ। ਰੰਗ ਅੰਗ ਦਾ ਸੁੱਰਖ ਸੁਫ਼ੈਦ ਸੋਹਣਾ ਹੋਵੇ ਜਿਵੇਂ ਗੁਲਾਬ ਦਾ ਫੁੱਲ ਲੋਕੋ।

ਜ਼ੁਲਫ ਵਾਲ ਕਾਲੇ ਕਾਲੇ ਹੋ ਕਾਹਲੇ, ਵਾਂਗ ਮਾਰ ਦੇ ਮਾਰਦੇ

ਤੰਗ ਆਹੇ। ਉੱਪਰ ਤਖ਼ਤ ਪਿਸਤਾਨ ਸੁਲਤਾਨ ਦੋਵੇਂ ਬਾਦਸ਼ਾਹ ਫਰੰਗ ਫ਼ਰੰਗ ਆਹੇ।

(੪) ਅਜੇਹੇ ਪਦ ਵਰਤਨੇ ਜਿਨ੍ਹਾਂ ਦੇ ਪ੍ਰਤਖ ਅਰਥ ਕੁਝ ਤੇ ਨਾਲ ਗੁਝ ਅਰਥ ਹੋਰ ਹੋਨ, ਅਰ ਸਾਰੇ ਛੰਦ ਵਿਚ ਇਕ ਖਾਸ ਸ੍ਰੇਨੀ ਦੀਆਂ ਵਸਤਾਂ ਦੇ ਨਾਮ ਜਾਂ ਗੁਣ ਵਖਾਈ ਦੇਨ। ਜੀਕਨ:-

ਕ:-ਗੁਲਾਨਾਰੀ ਤੇਰੇ ਹੇਤ ਸੋਸਨੀ ਨਾ ਸਿਆਮਸੇਤ ਤੁਮ
ਨਰੰਗੀ ਅਸਮਾਨੀ ਹਿਤ ਲਾਇਕੇ। ਕੇਸਰੀ ਪਿਆਜੀ, ਐਸੇ
ਕਰੇ ਨਾ ਗੁਲਾਬੀ ਲਾਲ, ਸੋਸਨੀ ਬਸੰਤੀ ਤੂੰ ਬਿਦਾਮੀ ਰਹੇਓ
ਜਾਇਕੇ। ਕਿਰਮਚੀ ਕਟੋਈ ਸੂਏ ਲਾਖੀ ਜੋ ਸੁਖੀ, ਪਾਇਗਾ
ਕਪੂਰੀ ਕੁਲਫੀ ਕੋਤੇ ਬਨਾਇਕੇ। ਜੋ ਮੁਰਤੀਆ ਤੇਂ ਮੋਰ
ਨਾਫਰਮਾਨੀ ਕਰ ਜੋਰ ਸੁਰਮੇਈ ਕੌਨ ਕੀਨੀ ਤੂੰ ਅੰਗੂਰੀ
ਕੋ ਸੁਕਾਇਕੇ।

ਕਬਿੱਤ ਦਾ ਅਰਥ ਤੇ ਹੋਰ ਪਦਾਂ ਦੀ ਚਾਲ ਤੇ ਰੂਪ ਅਜੇਹੇ ਕਿ ਰੰਗਾਂ ਦੇ ਨਾਵਾਂ ਨੇ ਛੰਦ ਨੂੰ ਇਕ ਨਵੀਂ ਈ ਰੰਙਨ ਚੜ੍ਹਾ ਦਿਤੀ। ਪੰਜਾਬੀ ਦਾ ਨਮੂਨਾ ਵੇਖੋ:-

ਨਹੀਂ ਵਾਂਗ ਪਾਨੀ ਪਤ ਡੋਲ ਹਰਗਿਜ਼, ਦਿਲੋਂ ਡੋਲ ਕੇ
ਡੋਲ ਮਿਸਾਲ ਧੀਆ। ਸ਼ਮਲਾ ਵੇਖ ਅਮੀਰ ਸ਼ਾਹਮੀਰ
ਸੰਦਾ, ਖੀਵੇ ਬਾਬਲੇ ਦਾ ਅਕਬਾਲ ਧੀਆ। ਤੇਰੀ ਗੱਲ ਬੀ
ਮਸਖਰੀ ਕਰਨ ਹਾਂਸੀ, ਲੋਕ ਲੋਕ ਸਭ ਝੰਗ ਸਿਆਲ
ਧੀਆ। ਕੀਤੀ ਚੌੜ ਚੰਬਾ ਤੁੱਧ ਬੁੱਧ ਹਾਰੀ, ਦਿਤੋ ਕੂੜੇ ਦਾ
ਭੇਰਾ ਗਾਲ ਧੀਆ। ਡਿੰਗਾ ਛੋਡ ਕੇ ਰਾਹ ਲਾਹੌਲ ਪੜ੍ਹ ਤੂੰ,
ਬਖਸ਼ੇ ਰਬ ਕਸੂਰ ਵਬਾਲ ਧੀਆ॥

ਏਹਨਾਂ ਬੈਂਤਾਂ ਵਿਚ ਪਾਨੀਪਤ, ਸ਼ਮਲਾ ਖੀਵਾ, ਹਾਂਸੀ,

ਚੰਬਾ, ਭੇਰਾ, ਡਿੰਗਾ, ਕਸੂਰ ਆਦਿ ਸ਼ੈਹਰਾਂ ਦੇ ਨਾਮ ਲਿਆਂਦੇ ਹਨ ਪਦਾਂ ਦੇ ਵਖਰੇ ਅਰਥ ਵੀ ਹੈਨ ॥

**ਅਰਥਾਲੰਕਾਰ**

ਇਸ ਅਲੰਕਾਰ ਦਾ ਮਤਲਬ, ਕਵਿਤਾ ਵਿਚ ਇਕ ਇਲਮੀ ਰਸ ਪੈਦ ਕਰ ਦੇਣ ਦਾ ਹੈ । ਕਿਧਰੇ ਮਿਸਾਲ, ਕਿਧਰੇ ਤਿਸ਼ਬੀਹ, ਕਿਧਰੇ ਚੀਚੀ ਦਾ ਪਹਾੜ, ਕਿਧਰੇ ਅਸਮਾਨੋਂ ਸਟ ਹਿਠਾਰ। ਬਸ ਇਸ ਅਲੰਕਾਰ ਨੂੰ ਕਾਰੀਗਰੀ ਨਾਲ ਵਰਤਨਾ, ਛੰਦਾ ਬੰਦੀ ਜਾਂ ਨਜ਼ਮ ਦੀ ਕਾਰੀਗਰੀ ਹੈ। ਇਸ ਅਲੰਕਾਰ ਦੇ ਵਡੇ ਵਡੇ ਭਾਗ ਅਗੇ ਦਸਦੇ ਹਾਂ।

(ੳ) ਸਭ ਤੋਂ ਪੈਹਲੋਂ ਜੋ ਜੋ ਤਸ਼ਬੀਹ ਤੇ ਇਸਤਆਰੇ ਪੁਰਾਨੇ ਕਵੀ ਵਰਤ ਆਏ ਹੈਨ ਉਨ੍ਹਾਂ ਦੀ ਪੜਤਾਲ ਕਰਕੇ ਅਪਨੇ ਮਤਲਬ ਦੇ ਚੁਣਨੇ ਚਾਹੀਏ। ਫੇਰ ਹੋਰਨਾਂ ਬੋਲੀਆਂ ਤੋਂ ਸਹੈਤਾ ਲੈਨੀ ਚਾਹੀਏ। ਕਵੀ ਨੂੰ ਸਭ ਤੋਂ ਵਧੀਕ ਅਪਨੀ ਅਕਲ ਤੇ ਸੋਚ ਦੇ ਘੋੜੇ ਨੂੰ ਕੁਦਰਤ ਦੇ ਮੈਦਾਨ ਵਿਚ ਦੁੜਾ ਨਵੀਆਂ ਤਸ਼ਬੀਹਾਂ ਤੇ ਇਸਤਆਰੇ ਕੱਢਨੇ ਲੋੜੀਏ। ਜੋ ਕਵੀ ਪੁਰਾਨਿਆਂ ਕਵੀਆਂ ਦੇ ਖਿਆਲਾਂ ਤੇ ਸੋਚਾਂ ਦੀ ਚੋਰੀ ਕਰਕੇ ਅਪਨੀ ਕਵਿਤਾ ਸੰਵਾਰਦਾ ਹੈ। ਉਹ ਕਦੀ ਵਧਦਾ ਫੂਲਦਾ ਨਹੀਂ । ਪੁਰਾਨਿਆਂ ਦੀ ਮੇਹਨਤ ਸਾਨੂੰ ਰਾਹ ਵਖਾਵੇ ਤਾਂ ਚੰਗਾ ਹੈ, ਜੇ ਅਸੀਂ ਉਨ੍ਹਾਂ ਦੀ ਕਮਾਈ ਤੇ ਹੀ ਬੈਠ ਰਹੇ ਤਾਂ ਸਾਡੀ ਤੁੱਕੀ ਬੰਦ ਹੋ ਜਾਏਗੀ, ਜੂਠੇ ਪ੍ਰਸ਼ਾਦੇ ਈ ਛਕਨੇ ਪੈਸਨ । ਕਵੀ ਲਈ ਜ਼ਰੂਰੀ ਹੈ ਨਵੀਂ ਕਾਢ ਕੱਢੇ ਅਪਨੀ ਕਵਿਤਾ ਵਿਚ ਨਵਾਂ ਰੰਗ ਰੱਖੇ। ਏਸ ਕਰਕੇ ਪੁਰਾਨੇ ਤੇ ਘਸੇ ਹੋਏ ਇਸਤਆਰੇ ਤਸ਼ਬੀਆਂ ਛੱਡਨੀਆਂ ਲੋੜੀਏ ਨਹੀਂ ਤੇ ਕੰਨ ਸੁਨ ਸੁਨ ਕੇ ਥਕ ਜਾਂਦੇ ਹਨ, ਅਰ ਕਵਿਤਾ ਦਾ ਰਸ ਮਾਰਿਆ ਜਾਂਦਾ ਹੈ ॥

(ਅ) ਤਸ਼ਬੀਹ ਜੋ ਹੋਵੇ ਬਨਦੀ ਫਬਦੀ ਹੋਵੇ, ਦੋਹਾਂ ਦੇ ਗੁਨ ਮਿਲਦੇ ਹੋਨ। ਅਜੇਹੀ ਇਕ ਅੰਗੀ ਵੀ ਨਾ ਹੋਵੇ ਕਿ ਅਸਲੀ ਵਸਤੂ ਦੀ ਦੂਈ ਨਾਲ ਨਾ ਸ਼ਕਲ ਮਿਲੇ ਨਾ ਵਕਲ। ਫ਼ਾਰਸੀ ਕਵੀ ਅੱਖ ਨੂੰ ਨਰਗਸ ਆਖਦੇ ਹੈਨ ਪਰ ਜਦ ਨਰਗਸ ਦੇ ਫੁੱਲ ਨੂੰ ਵੇਖੋ ਤਾਂ ਉਸ ਵਿਚ ਕੁਝ ਵੀ ਅਖ ਜੇਹਾ ਨਹੀਂ, ਹਾਂ ਇਕ ਨਿੰਮੀ ਨਿੰਮੀ ਖੁਸ਼ਬੂ ਅੰਠ ਨਿੰਮੋਝ਼ਾਨ ਜੇਹਾ ਫੁੱਲ ਹੈ। ਕਿਸੇ ਕਵੀ ਨੇ ਤੇ ਖਬਰੇ ਪੈਹਲੋਂ ਪੈਹਲ ਆਪਨੇ ਯਾਰ ਦੀਆਂ ਮੇਲ ਵਲੇ ਅੱਖਾਂ ਨੀਂਵੀਆਂ ਪਾ ਲੈਨ ਦੇ ਗੁਨ ਨੂੰ ਨਰਗਸ ਨਾਲ ਤਸ਼ਬੀਹ ਦਿਤੀ ਹੋਨੀਏ, ਪਰ ਹੁਨ ਅਖ ਈ ਨਰਗਸ ਵਾਂਗਰ ਹੋ ਗਈ। ਏਸ ਤਰ੍ਹਾਂ ਗੱਲ੍ਹ ਦੀ ਲਾਲੀ ਨੂੰ ਫੁਲ ਦੀ ਜਾਂ ਸੇਉ ਦੀ ਲਾਲੀ ਨਾਲ ਮਿਲਾਇਆ ਪਰ ਕਵੀਆਂ ਨੇ ਲਾਲੀ ਦੇ ਗੁਣ ਛੱਡ ਗੱਲ੍ਹ ਨੂੰ ਫੁੱਲ ਤੇ ਸੇਉ ਕਸ਼ਮੀਰੀ ਈ ਆਖਨਾ ਆਰੰਭ ਦਿਤਾ। ਮਥਾ ਚੰਨ ਤੇ ਗੁੱਤ ਸਪ ਬਨ ਗਈ। ਹੁਣ ਕਵਿਤਾ ਵਿਚ ਏਸੇ ਤਰ੍ਹਾਂ ਦੀਆਂ ਤਸ਼ਬੀਹਾਂ ਵਰਤੀਆਂ ਜਾਂਦੀਆਂ ਹਨ ਜੀਕਨ:- ਮੂੰਹ ਨੂੰ ਹੁਬਾਬ, ਜ਼ੁਲਫ਼ ਨੂੰ ਸੁੰਬਲ, ਠੋਡੀ ਨੂੰ ਖੂਹ, ਇਨ੍ਹਾਂ ਵਸਤਾਂ ਦੇ ਗੁਨਾਂ ਨੂੰ ਲੈਕੇ ਜਿਸ ਸ਼ੈ ਦੀ ਵਡਾਈ ਕਰਨੀ ਹੋਵੇ ਉਸਦੇ ਗੁਣਾ ਨਾਲ ਮਿਲਾਨਾ ਚਾਹੀਏ ਤਾਂ ਫੇਰ ਸਚਾਈ ਤੇ ਸੁੰਦਰਤਾਈ ਹੈ।

(ੲ) ਜੇ ਅਸੀਂ ਇਕ ਵਸਤ ਨੂੰ ਦੂਈ ਨਾਲ ਤਸ਼ਬੀਹ ਦੇਈਏ, ਤਾਂ ਏ ਵੀ ਸੋਚ ਲੈਨਾ ਚਾਹੀਏ ਕਿ ਉਨ੍ਹਾਂ ਦੇ ਗੁਨ ਮਿਲਦੇ ਹਨ ਕਿ ਨਹੀਂ। ਸਾਰੇ ਨਹੀਂ ਤੇ ਥੋੜੇ ਹੀ ਸਹੀ॥ ਜੀਕਨ ਇਕ ਉਰਦੂ ਦਾ "ਚਰਕੀਨ" ਕਵੀ ਹੋਇਆ ਹੈ, ਜਿਸ ਦੇ ਦਿਮਾਗ਼ ਵਿੱਚ ਗੰਦਗੀ ਹੀ ਘਰ ਕਰ ਗਈ ਸੀ। ਉਸ ਨੇ

ਯਾਰ ਦੇ ਕੱਦ ਨੂੰ "ਲੋਂਡੀ" ਨਾਲ ਤਸ਼ਬੀਹ ਦਿੱਤੀ। ਏਧਰ ਤੇ ਏਹ ਉੱਧਰ ਜ਼ੇਬਉਲਨਸਾ ਜੇਹੀ ਨਾਜ਼ਕ ਖਿਆਲ ਸ਼ਾਹਜ਼ਾਦੀ ਜਿਸ ਨੇ ਯਾਰ ਦੇ ਕੱਦ ਨੂੰ "ਸਰਵ" ਨਾਲ ਤਸ਼ਬੀਹ ਦੇਨ ਤੇ ਕਵੀਆਂ ਨੂੰ ਗਾਲਾਂ ਸੁਨਾਈਆਂ। ਜ਼ੇਬਉਲਨਸਾ ਨੂੰ ਕਿਉਂ ਏਹ ਤਸ਼ਬੀਹ ਬੁਰੀ ਲੱਗੀ, ਇਸ ਦੀ ਕਹਾਨੀ ਇਉਂ ਹੈ:-

### ਜ਼ੇਬਉਲਨਸਾ ਸ਼ਾਹਜ਼ਾਦੀ ਤੇ ਸਰੂ ਦਾ ਬੂਟਾ

ਜ਼ੇਬਉਲਨਸਾ ਸ਼ਾਹਿਨਸ਼ਾਹ ਔਰੰਗਜ਼ੇਬ ਦੀ ਪਿਆਰੀ ਪੁੱਤ੍ਰੀ ਸੀ। ਇਸ ਨੂੰ ਵਿਆਹ ਕਰਨ ਦਾ ਹੁਕਮ ਨਹੀਂ ਸੀ। ਸਾਰੀ ਉਮਰ ਕਵਾਰ ਪਨ ਵਿਚ ਹੀ ਬਤਾਈ। ਜਵਾਨੀ ਦੇ ਦਿਨ ਤੇ ਏਹ ਲਾਹੌਰ ਦੇ ਸ਼ਾਲਾਬਾਗ ਵਿੱਚ ਨਿਵਾਸ ਕਰਦੀ ਸੀ। ਇਸ ਰਾਜ ਕੁਮਾਰੀ ਨੂੰ ਕਵਿਤਾ ਦਾ ਸ਼ੌਕ ਸੀ। ਇਸ ਨੇ ਇਕ ਗ੍ਰੰਥ ਵੀ ਕਵਿਤਾ ਦਾ ਲਿਖਿਆ।

ਇਕ ਦਿਨ ਵਿਚਾਰੀ ਅਕੱਲੀ ਬਾਗ ਵਿਚ ਬੈਠੀ, ਫੁੱਲਾਂ ਦੇ ਰੰਗ ਅਰ ਨੈਹਰ ਦੀਆਂ ਲੈਹਰਾਂ ਵੇਖ ਰਹੀ ਸੀ। ਕੁਝ ਬੜੀ ਡੂੰਘੀ ਸੋਚ ਵਿਚ ਡੁੱਬੀ ਸੀ। ਇਕ ਜਵਾਨੀ ਦਾ ਜ਼ੋਸ਼, ਦੂਜਾ ਬਾਗ ਦਾ ਨਜ਼ਾਰਾ ਅਰ ਨਾਲ ਹੀ ਨਾ ਕਾਬੂ ਦਿਲ ਦੇ ਵਲਵਲੇ, ਖਵਰੇ ਵਿਚਾਰੀ ਤੇ ਕੀ ਗੁਜ਼ਰਦੀ ਸੀ। ਕਦੀ, ਵੇਲਾਂ ਨੂੰ ਬੂਟਿਆਂ ਨਾਲ ਜੱਫੀ ਪਾਇਆ ਵੇਖ, ਕਦੀ ਫੁੱਲ ਦਾ ਹਵਾ ਨਾਲ ਹਿਲ ਹਿਲ, ਇਕ ਦੂਜੇ ਦਾ ਮੂੰਹ ਚੁਮਨਾ ਵੇਖ, ਰੱਬ ਜਾਨੇ ਜੀ ਵਿਚ ਕੀ ਤ੍ਰੰਗ ਉਠਦੇ ਸਨ। ਇਸ ਸੋਚ ਵਿਚ ਬੈਠੀ ਸੀ, ਕਿ ਇਸ ਦੀ ਨਜ਼ਰ ਇਕ ਕਿਆਰੀ ਵਿਚ ਸਰੂ ਦੇ ਸੋਹਨੇ ਬੂਟੜੇ ਤੇ ਪਈ। ਸਰੂ ਵੀ ਸਿੱਧਾ ਕੱਦ, ਸਾਵੀ ਪੌਸ਼ਾਕ ਪਾਏ ਚੁਪ ਚਾਪ ਖੜਾ ਸੀ। ਇਸ ਰਾਜ ਕੁਮਾਰੀ ਨੇ, ਫਾਰਸੀ ਕਵਿਤਾ ਵਿਚ ਪੜ੍ਹਿਆ ਸੀ, ਸਰੂ ਨੂੰ

ਯਾਰ ਦੇ ਕੱਦ ਨਾਲ ਤਸ਼ਬੀਹ ਦੇਂਦੇ ਹਨ। ਲੱਖਾਂ ਕਵੀਆਂ ਨੇ ਏਹ ਤਸ਼ਬੀਹ ਦਿਤੀ ਸੀ। ਰਾਜ ਕੁਮਾਰੀ ਸੋਚਿਆ ਕਿ ਐਨੇ ਸਿਆਨੇ ਕਵੀਆਂ ਨੇ ਜੋ ਏਹ ਲਿਖਿਆ ਹੈ, ਤਾਂ ਜ਼ਰੂਰ ਇਸ ਸਰੂ ਵਿਚ ਪਿਆਰੇ ਦੇ ਕੁਝ ਗੁਨ ਤਾਂ ਹੋਨਗੇ। ਤਸ਼ਬੀਹ ਦਾ ਮਸ਼ਬਹੁ ਨਾਲ ਜ਼ਰੂਰੀ ਕੁਝ ਮੇਲ ਹੁੰਦਾ ਹੈ। ਏਹੀ ਸੋਚ, ਉੱਠੀ। ਮਨ ਦੇ ਖਿਆਲਾਂ ਨੇ ਇਸ ਸੋਹਣੀ ਨਾਜ਼ਕ ਬਦਨ ਸ਼ਾਹਜ਼ਾਦੀ ਦੇ ਅੰਗਾਂ ਤੇ ਕਾਬੂ ਪਾ ਲੀਤਾ। ਉੱਠੀ, ਜੀ ਵਿਚ ਇਕ ਖਾਸ ਮੰਤਵ ਲੈ ਟੁਰੀ। ਉਹ ਕੀ ਸੀ? ਏਹ ਰੱਬ ਜਾਨੇ। ਪਿਆਰੀ ਸੂਰਤ ਜ਼ੇਬਉਲਨਸਾ, ਜੁਵਾਨੀ ਦੇ ਸਵਾਦਾਂ ਤੋਂ ਵਾਂਝੀ ਜ਼ੇਬਉ-ਲਨਸਾ, ਉੱਠੀ ਅਰ ਝੂੰਦੇ ਝੂੰਦੇ ਫੁੱਲਾਂ ਦੀਆਂ ਕਿਆਰੀਆਂ ਨੂੰ ਆਪਨੇ ਮੈਂਹਦੀ ਰੰਗੇ ਪੈਰਾਂ ਨਾਲ ਲਤਾੜਦੀ, ਅਰ ਨਿਮਾਨਿਆਂ ਫੁੱਲਾਂ ਦਾ ਲਹੂ ਵੀਟਦੀ ਏਹ ਸਰੂ, ਹਾਏ ਜੀ ਭਾਂਵਦੇ ਸਰੂ, ਦੇ ਪਾਸ ਜਾ ਪੁੱਜੀ। ਅਪਨੇ ਮਨ ਦੇ ਮਨੋਰਾਜ ਵਿਚ ਡੁੱਬੀ ਅਪਨੀਆਂ ਗੋਰੀਆਂ ਤੇ ਨਾਜ਼ਕ ਬਾਹਵਾਂ ਉਲਾਰਦੀ ਹੈ, ਜੀਕਨ ਕਿਸੇ ਪਿਆਰੇ ਨੂੰ ਚਿਰੀਂ ਵਿਛੜਿਆਂ ਮਿਲਨਾ ਹੁੰਦਾ ਹੈ। ਪਲ ਦੀ ਪਲ ਵਿਚ ਸਰੂ ਦੇ ਬੂਟੇ ਨੂੰ ਆਪਨੇ ਕਲਾਵੇ ਵਿਚ ਫੜ ਦਬਾਵੰਦੀ ਹੈ ਓਦਰੋਂ ਸਰੂ ਵੀ ਆਪਨੇ ਖਰਵੇ ਪਤਰਾਂ, ਤੇ ਤਿੱਖਿਆਂ ਸੂਲਾਂ ਨਾਲ ਅਜੇਹੇ ਸੁੰਦਰ ਸੱਜਨ ਦੀ ਮਨ ਦੀ ਆਸ ਪੂਰੀ ਕਰਦਾ ਹੈ, ਗੱਲ ਕੀ ਆਪਨੇ ਪੱਤ੍ਰਾਂ ਦੇ ਹਥਾਂ ਅਰ ਸੂਲਾਂ ਦੀਆਂ ਉਂਗਲੀਆਂ ਨਾਲ ਇਸ ਜਵਾਨੀ ਮੱਤੀ, ਰੂਪਵਤੀ ਸ਼ਾਹਜ਼ਾਦੀ ਦੇ ਅਗ ਅੰਗ ਨੂੰ ਮਰਦਨ ਕਰਦਾ ਹੈ। ਇਸ ਮੇਲ ਹੁੰਦਿਆਂ ਹੀ ਸ਼ਾਹਜ਼ਾਦੀ ਦੀ ਨੀਂਦਰ ਖੁਲ੍ਹੀ। ਅਪਨੇ ਕਲਾਵੇ ਵਿਚ ਇਕ ਸੁੰਦਰ ਸਜਨ ਦੀ ਥਾਂ ਇਕ ਖਰਵਾ ਬੂਟਾ ਵੇਖ, ਝਟ ਪਰ੍ਹੇ ਹਟਦੀ ਹੈ। ਪਰ ਕਿੱਥੋਂ ਹੁਨ ਯਾਰ ਨਹੀਂ ਛੱਡਦਾ, ਕੁਝ ਤੇ ਥਾਂ ਥਾਂ ਤਿੱਖੀਆਂ ਨੋਕ੍ਰਾਂ ਚੁੰਭੀਆਂ, ਕੁਝ ਕੱਪੜੇ ਪਾਟੇ ਨਾਜ਼ਕ ਪਿੰਡਾ ਝਰੀਟੋ ਝਰੀਟ ਹੋ ਗਿਆ। ਬੜੇ ਕ੍ਰੋਧ ਵਿਚ ਆਈ ਇਸ ਕਵੀ

ਸ਼ਾਹਜ਼ਾਦੀ ਨੂੰ ਪੁਰਾਨੇ ਕਵੀਆਂ ਤੇ ਜਿਨ੍ਹਾਂ ਨੇ ਸਰੂ ਨੂੰ ਯਾਰ ਦੇ ਕੱਦ ਨਾਲ ਤਸ਼ਬੀਹ ਦਿੱਤੀ ਸੀ ਬੜਾ ਗੁੱਸਾ ਆਇਆ, ਅਨੇਕ ਗਾਲ੍ਹਾਂ ਕੱਢੀਆਂ, ਅਰ ਏਹ ਸ਼ੇਅਰ ਲਿਖਕੇ ਉਹਨਾਂ ਨੂੰ ਸਾਰਟੀਫਿਕੇਟ ਦਿੱਤਾ: -

Haif bar shairan nadida-
galti rabakhud pasandida
Saroora kad yar men goind-
saroo choist na trashida

ਉਲਥਾ:—ਲਾਨਤ ਉਹਨਾਂ ਕਵੀਆਂ ਤਾਈਂ, ਝੂਠ ਬੋਲਨ ਵਰਤਾਰਾ ॥
ਪਿਆਰੇ ਦਾ ਕੱਦ "ਸਰੂ" ਬਤਾਵਨ (ਜੁ) ਖਰਵਾ ਕਾਠ ਨਕਾਰਾ'

ਜ਼ੇਬਉਲਨਸਾ ਦਾ ਸਰੂ ਵਿਚ ਇਕ ਸਰੂ ਕੱਦ ਯਾਰ ਦੇ ਸਾਰੇ ਗੁਨ ਨਿਰੂਪਨ ਕਰ ਲੈਨਾ ਭੁਲ ਸੀ, ਅਰ ਉਸ ਭੁਲ ਦਾ ਸਵਾਦ ਉਸਨੇ ਕੰਡਿਆਂ ਦੀਆਂ ਚੋਭਾਂ ਵਿਚ ਪਾਇਆ । ਤਸ਼ਬੀਹ ਹਮੇਸ਼ਾਂ ਇਕ ਅੰਗੀ ਹੁੰਦੀ ਹੈ । ਜ਼ੇਬਉਲਨਸਾਂ ਆਪ ਕਾਮ ਦੇ ਵੱਸ ਹੋਸੀ, ਉਸਦੇ ਜੀ ਵਿਚ ਕਿਸੇ ਸੱਜਨ ਦੇ ਮਿਲਨ ਦੀ ਆਸ ਸੀ, ਪਰ ਚਾਰ ਦੀਵਾਰੀ ਵਿਚ ਬੰਦ, ਇਸ ਕਵੀ ਇਸਤ੍ਰੀ ਨੇ ਆਪਨੀ ਸੋਚ ਦੀ ਉਡਾਰੀ ਨਾਲ ਸਰੂ ਨੂੰ ਯਾਰ ਸਮਝਿਆ ਅਰ ਜਫਾ ਜਾ ਪਾਇਆ । ਇਸ ਤੋਂ ਕੋਈ ਸਰੂ ਦੀ ਤਸ਼ਬੀਹ ਵਿਚ ਘਾਟਾ ਨਹੀਂ ਆਇਆ, ਐਪਰ ਜ਼ੇਬਉਲਨਸਾ ਦਾ ਭੁਲੇਖਾ ਦਿਸਦਾ ਹੈ । ਹਿੰਦੀ ਵਾਲੇ "ਕੱਦ" ਦਾ ਦ੍ਰਿਸ਼ਟਾਂਤ ਤਾੜ ਦੇ ਰੁਖ ਨਾਲ ਦੇਂਦੇ ਹਨ ।

ਕਵੀ ਨੂੰ ਏਹ ਵੀ ਵੇਖਨਾ ਲੋੜੀਏ ਜੋ ਉਸ ਦੀਆਂ ਤਸ਼ਬੀਹਾਂ "ਕੁਦਰਤ" ਤੋਂ ਪਰੇ ਨਾ ਹੋਨ, ਅਰ ਨਾ ਹੀ ਅਨਹੋਨੀਆਂ

ਹੋਨ । ਜੀਕਨ:—ਲੱਕ ਨੂੰ ਵਾਲ ਬਨਾਨਾ ।

ਇਸਤਆਰਾ:-ਜੋ ਗੁਣ ਤਸ਼ਬੀਹ ਦੇ ਹੋਨੇ ਦੱਸੇ ਹਨ ਓਹੀ ਇਸਤਆਰੇ ਲਈ ਲੋੜੀਦੇ ਹਨ। ਏਥੇ ਵੀ ਅਨਹੁੰਦਾ ਦ੍ਰਿਸ਼ਟਾਂਤ ਨਾ ਹੋਵੇ ਅਰ ਨਾ ਹੀ ਇਸਤਆਰੇ ਨੂੰ ਇਕ ਅਜੇਹੇ ਦਰਜੇ ਤੋਂ ਅੱਗੇ ਲਜਾਨਾ ਚੰਗਾ ਹੈ । ਜਿਥੇ ਜਾਕੇ ਅਨਹੋਨਾ ਹੋ ਜਾਏ। ਏਹ ਕਵੀ ਦੀ ਸੋਚ ਦੀ ਉਡਾਰੀ ਹੈ। ਕਿ ਇਕ ਖਿਆਲ ਦੀ ਬੰਦਸ਼ ਨੂੰ ਕਈ ਦਰਜੇ ਉਚਾ ਲੈ ਜਾਏ, ਜੀਕਨ:—ਬਿਰਹਾ ਵਿਚ ਜੀ ਦਾ ਭੁਜਨਾ, ਜਾਂ ਤਪਨਾ, ਹਵਾੜ੍ਹਾ ਉਠਨਾ, ਨਿੱਗਰ ਜੀ ਦਾ ਗਲ ਕੇ ਪਾਨੀ ਜਾਂ ਲਹੂ ਬਨਣਾ, ਫੇਰ ਧੂਆਂ ਬਨਕੇ ਉਡ ਜਾਨਾ। ਸਭ ਅਨਹੋਨੀਆਂ ਗੱਲਾਂ, ਪਰ ਕਵੀ ਨੇ ਅਤਿ ਕਰ ਵਖਾਈ। ਏਡੇ ਲਮ ਚੁੜਾ ਤੋਂ ਬਚਨਾ ਹੀ ਚੰਗਾ ਹੈ ।

ਮੌਲਾਨਾ ਹਾਲੀ ਵੀ ਇਸ ਦੇ ਵਿਰੁਧ ਹਨ ਅਰ ਮੌਲਾਨਾ ਅਜ਼ਾਦ ਵੀ। ਜਦ ਉਰਦੂ ਵਿਚ ਵੀ ਅਜੇਹੇ ਦ੍ਰਿਸ਼ਟਾਂਤ ਹੁਨ ਦੋਸ਼ ਯੋਗ ਗਿਨੇ ਜਾਨ ਲਗ ਪਏ ਹਨ, ਤਾਂ ਤੇ ਪੰਜਾਬੀ ਵਿਚ ਤੇ ਵਰਤਨੇ ਹੀ ਨਹੀਂ ਲੋੜੀਏ ॥

੪—ਇਸ ਨੂੰ ਹਿੰਦੀ ਵਿਚ ਅਤਿਯੁਕਤ ਆਖਦੇ ਨੇ ।

**ਮੁਬਾਲਗ਼ਾ** ਇਕ ਗਲ ਨੂੰ ਵਡਿਆ ਕੇ ਕਰਨਾ, ਰੀਚੀ ਦਾ ਪਹਾੜ ਕਰ ਦਖਾਨਾ, ਏਹ ਕਵੀਆਂ ਦਾ ਵਡਾ ਦੋਸ਼ ਹੈ। ਪਰ ਵਿਚਾਰੇ ਕਰਨ ਵੀ ਕੀ, ਜਦ ਕਿਸੇ ਦੀ ਵਡਿਆਈ ਕਰਨ ਲਗਦੇ ਹਨ ਤਦ ਉਸਨੂੰ ਵਡਿਆਨਾ, ਅਸਮਾਨ ਤੇ ਚੜ੍ਹਾਨਾ ਪੈਂਦਾ ਈ ਹੈ। ਕਿਉਂ ? ਪੇਟ ਦੀ ਖਾਤਰ । ਜੇ ਏਹ ਨਾ ਕਰਨ ਤਾਂ ਪੇਟ ਪਾਲਨਾ ਕੀਕਨ ਹੋਵੇ ਅਰ ਜੇ ਸਚ ਸਚ ਤਾਰੀਫ਼ ਕਿਸੇ ਨਵਾਬ, ਰਾਜੇ ਦੀ ਕਰਨ ਤਾਂ ਜੁਤੀਆਂ ਖਾਨ ॥

ਮੁਬਾਲਗ਼ਾ ਇਕ ਹਦ ਤੀਕ ਠੀਕ ਹੈ, ਕਿ ਵਡਿਆਈ

ਹੋਵੇ ਪਰ ਸਮਝ ਤੇ ਸੋਚੋਂ ਬਾਹਰੀ ਨਾ ਹੋਵੇ। ਜੀਕਨ ਫਲਾਨਾ ਹਾਤਮ ਹੈ, ਕੀ ਮਤਲਬ ਕਿ ਫਲਾਨਾ ਹਾਤਮ ਵਾਂਗਰ ਪਰਉ-ਪਕਾਰੀ ਹੈ ਪਰ ਜੇ ਹੋਰ ਵਡਿਆਈਏ ਤੇ ਆਖੀਏ ਹਾਤਮ ਉਸਦੀ ਪੈਰਾਂ ਦੀ ਧੂੜ ਵੀ ਨਹੀਂ। ਜਾਂ ਫਲਾਨਾ ਉਸਦੀ ਬਖਸ਼ੀਸ਼ ਦੇ ਇਕ ਤੁਛ ਟੁਕੜੇ ਤੋਂ ਲਾਭ ਉਠਾਕੇ ਹਾਤਮ ਬਨ ਗਿਆ, ਆਦਿ ਵਡਿਆਈ ਨੂੰ ਢੇਰ ਵਡਿਆਨਾ ਹੈ। ਜਾਂ ਆਖੀਏ ਕਿ ਲੱਕ ਏਡਾ ਪਤਲਾ ਜੋ ਵਾਲੋਂ ਨਿੱਕਾ, ਅਥਵਾ ਉਸਦਾ ਥੌਹ ਨਹੀਂ ਲਗਦਾ। ਏਹ ਮਬਾਲਗਾ ਬੜਾ ਬੁਰਾ ਹੈ। ਵਾਲੋਂ ਨਿੱਕਾ ਲੱਕ ਕੀ ਹੋਸੀ ਅਰ ਜਦ ਉਸਦਾ ਥੌਹ ਨਹੀਂ ਤਾਂ ਇਕ ਖਿਆਲ ਵੈਹਮ ਹੋਇਆ। ਪਰ ਲੱਕ ਤੇ ਚੰਗੀ ਭਲੀ ਦਿਸਦੀ, ਜੱਫੀ ਪਾਨ ਵਾਲੀ ਵਸਤ ਹੈ, ਉਸ ਨੂੰ ਅਨਹੋਂਦਾ ਬਨਾਨਾ, ਕਵੀਆਂ ਦੀ ਭੁਲ ਅਰ ਮੁਬਾਲਗ਼ੇ ਦੀ ਅੱਤ ਹੈ। ਏਸੇ ਤਰ੍ਹਾਂ ਆਖਨਾ ਕਿ ਭੀਮ ਨੇ ਹਾਥੀ ਅਕਾਸ਼ ਤੇ ਸੁਟੇ ਜੋ ਉਥੇ ਈ ਘੁੱਮਦੇ ਰਹੇ। ਭੀਮ ਦੀ ਤਾਕਤ ਤੇ ਬਲ ਦੀ ਅਨਹੋਨੀ ਵਡਿਆਈ ਹੈ। ਕਿਸੇ ਮੂੰਹ ਨੂੰ ਵੇਖ ਸੂਰਜ ਤੇ ਚੰਨ ਦਾ ਸ਼ਰਮਾਨਾ। ਮੂੰਹ ਛਡ ਪੈਰ ਦੀ ਲਿਸ਼ਕ ਨੂੰ ਤਕ ਸੂਰਜ ਦਾ ਬਦਲੀਂ ਜਾ ਵੜਨਾ (ਸੂਰਜ ਭੱਜ ਵੜਿਆ ਵਿਚ ਬਦਲੀ ਤਣਦਾ ਲਿਸ਼ਕ ਨਾ ਮਾਰੇ) ਸਭ ਅਨਹੋਨੀਆਂ ਵਡਿਆਈਆਂ ਹਨ ਏਹਨਾਂ ਦਾ ਰਵਾਜ ਤਾਂ ਹੋਗਿਆ ਹੈ, ਪਰ ਏਡਾ ਮੁਬਾਲਗ਼ਾ ਕੋਈ ਰਸਦਾਇਕ ਨਹੀਂ। ਮੁਬਾਲਗਾ ਅਕਸਰ ਕਿਸੇ ਰਾਜੇ, ਮਹਾਰਾਜੇ ਆਦਿ ਦੀ ਉਸਤਤੀ ਵਿਚ ਵਰਤਿਆ ਜਾਂਦਾ ਹੈ ਜਾਂ ਬੀਰ ਰਸ ਦੀ ਕਵਿਤਾ ਵਿਚ। ਰਾਵਨ ਦੇ ਕੱਦ ਦੀ ਭਿਆਨਕ ਵਡਿਆਈ ਕਰਦੇ ੨ ਆਖਨਾ ਕਿ ਸਮੁੰਦਰ ਰਾਵਨ ਦੇ ਗਿਟੇ ਗਿਟੇ ਸੀ। ਜਾਂ ਉਸਦੇ ਦੱਬਦਬੇ ਅਰ ਬਲ ਦੀ ਵਡਿਆਈ ਕਰਦੇ ਆਖਨਾ ਅੱਗ ਉਸਦੇ ਕੱਪੜੇ ਧੋਂਦੀ ਸੀ ਸਭ ਤਿਲ ਦਾ ਪਹਾੜ ਬਨਾਨਾ ਹੈ।

ਜੇ ਕੋਈ ਕਵੀ ਕਹੇ ਕਿ ਮੁਬਾਲਗਾ ਨਾ ਵਰਤਿਆ ਜਾਵੇ ਤਾਂ

ਵੀ ਠੀਕ ਨਹੀ । ਮੁਬਾਲਗੇ ਬਿਨਾ ਵਡਿਆਈ ਨਹੀਂ ਹੁੰਦੀ, ਅਰ ਵਡਿਆਈ ਬਿਨਾ ਉਸਤਤੀ ਕੀ? ਮੁਬਾਲਗੇ ਵਿਚ ਏਨਾਂ ਖਿਆਲ ਕਰ ਲੈਣਾ ਚਾਹੀਏ ਕਿ ਅਨਹੁੰਦਾ ਨਾ ਹੋ ਜਾਵੇ। ਛਟਾਂਕ ਦੇ ਸੇਰ ਜਾਂ ਮਨ ਦਾ ਡਰ ਨਹੀਂ ਪਰ ਤਿਲ ਦਾ ਪਹਾੜ ਨਾ ਬਨਾਨਾ ਚਾਹੀਏ। ਜੀਕਨ :-

ਨਾਜ਼ਕ ਪੈਰ ਮਲੂਕ ਸੱਸੀ ਦੇ ਮੈਂਹਦੀ ਨਾਲ ਸ਼ਿੰਗਾਰੇ।
ਸੂਰਜਭੱਜ ਵੜਿਆ ਵਿਚ ਬੱਦਲੀ ਡਰਦਾ ਲਿਸ਼ਕ ਨਾ ਮਾਰੇ ॥

**ਤਮਸੀਲ ਦ੍ਰਿਸ਼ਟਤਾਂ**

ਕਿਸੇ ਗਲ ਨੂੰ ਸਮਝਨ ਲਈ ਪੁਰਾਤਨ ਸਿਆਨੇ ਦ੍ਰਿਸ਼ਟਾਂਤ ਨੂੰ ਵਰਤਦੇ ਆਏ ਹੈਨ! ਜੀਕਨ ਆਖਨਾ ਕਿ ਜਿਸ ਤਰ੍ਹਾਂ ਜੀਭ ਨੂੰ ਗੁੜ ਤੇ ਮਾਖਿਓਂ ਲੱਗਦੀਆਂ ਹਨ ਓਸੇ ਤਰ੍ਹਾਂ ਮੇਰਾ ਪਿਆਰਾ ਮੈਨੂੰ ਮਿੱਠਾ ਹੈ।

ਸ਼ਕਰ ਖੰਡ ਨਬਾਤ ਗੁੜ, ਮਾਖਿਓ ਮਾਝਾ ਦੁੱਧ ॥
ਫ਼ਰੀਦਾ ਸਭੇ ਵਸਤਾਂ ਮਿਠੀਆਂ ਰਬ ਨਾ ਪੁੱਜਨ ਤੁੱਧ ॥

ਤਮਸੀਲ ਕਵਿਤਾ ਵਿਚ ਵੀ ਵਰਤੀ ਜਾਂਦੀ ਹੈ ਅਰ ਸੋਹਣੀ, ਵਿਓਂਤ ਨਾਲ ਰੱਖੀਏ ਤਾਂ ਕਵਿਤਾ ਵਿਚ ਜ਼ੋਰ ਪੈਦਾ ਕਰਦੀ ਹੈ ਕਵੀ ਦੇ ਆਸ਼ੇ ਦੀ ਪੁਸ਼ਟੀ ਹੈ। ਭਾਈ ਗੁਰਦਾਸ ਨੇ ਇਸ ਨੂੰ ਬੜੀ ਕਾਰੀਗਰੀ ਨਾਲ ਵਰਤਿਆ ਹੈ, ਜੀਕਨ:-

ਰੰਗ ਮਜੀਠ ਕਸੁੰਭ ਦਾ ਕੱਚਾ ਪੱਕਾ ਇਹ ਵਿਚਾਰੇ ॥
ਧਰਤੀ ਉੱਖਣ ਕੱਢੀਏ ਮੂਲ ਮੰਜੀਠ ਜੜੀ ਜੜ ਤਾਰੇ ॥
ਉੱਖਲ ਮੋਹਲੇ ਕੁੱਟੀਏ ਪੀਹਨ ਪੀਸੇ ਚੱਕੀ ਭਾਰੇ ॥
ਸਹੇ ਆਵਟੱਨ ਅਗ ਦਾ ਹੋਏ ਪਿਆਰੀ ਮਿਲੇ ਪਿਆਰੇ ॥
ਪੈਹਲੀਅਹੁ ਸਿਰ ਕੱਢਕੇ ਫੁੱਲ ਕਸੁੰਭ ਚੁਲੰਭ ਖਿਲਾਰੇ ॥
ਖਟ ਤੁਰਸੀ ਦੇ ਰੰਗੀਐ ਕਪਟ ਸਨੇਹੁ ਰਹੇ ਦਿਨ ਚਾਰੇ ॥
ਨੀਵਾਂ ਜਿਣੇ ਉਚੇਰਾ ਹਾਰੇ ॥ (ਵਾਰ ੪ ਪੌ: ੬

ਏਹ ਅਲੰਕਾਰ ਕਵੀ ਅਕਸਰ ਅਪਨੀ ਕਵਿਤਾ ਵਿਚ

ਕਨਯਾ, ਇਸ਼ਾਰਾ

ਵਰਤਦੇ ਹਨ, ਇਸ ਦਾ ਮਤਲਬ ਇਕ ਗੱਲ ਨੂੰ ਇਸ਼ਾਰੇ ਨਾਲ ਦੱਸਨਾ ਹੈ। ਅਸਲੀ ਆਸ਼ੇ ਨੂੰ ਪ੍ਰਤਖ ਨਾ ਕੇਹਨਾ, ਗਲੇਫ ਕੇ, ਲੁਕਾ ਕੇ ਦਸਨਾ । ਸੂਫੀਆਂ ਆਰਫਾਂ ਤੇ ਫਕੀਰਾਂ ਨੇ ਏਹ ਅਲੰਕਾਰ ਅਕਸਰ ਵਰਤਿਆ ਹੈ ਆਪਨੇ ਪਿਆਰੇ ਮਾਹਬੂਬ ਰਬ ਯਾਂ ਗੁਰੂ ਨੂੰ ਦੁਨਿਆਵੀ ਮਾਹਬੂਬ ਦਾ ਰੰਗ ਚੜ੍ਹਾਇਆ ਅਰ ਅਪਨੇ ਆਪ ਨੂੰ, ਉਸਦੇ ਨਖਰੇ, ਸੈਨਤ ਜਾਂ ਅੰਖ ਦੇ ਇਸ਼ਾਰੇ ਤੋਂ ਕੁਹਾਇਆ । ਕਦੀ ਦਰਸ ਦੀ ਅਭਿਲਾਖਾ ਕਦੀ ਵਸਲ ਦੀ ਚਾਹ । ਫ਼ਾਰਸੀ ਵਿਚ ਹਾਫਜ਼ ਅਰ ਪੰਜਾਬੀ ਵਿਚ ਬੁਲ੍ਹੇ ਨੇ ਇਸ ਅਲੰਕਾਰ ਨੂੰ ਸੋਹਣਾ ਨਿਭਾਇਆ ਹੈ। ਇਸਦਾ ਵਰਤਨਾ ਕਵਿਤਾ ਨੂੰ ਇਕ ਰੱਬੀ ਰੰਗ ਦੇ ਦੇਂਦਾ ਹੈ ।

ਇਸੇ ਅਲੰਕਾਰ ਨੂੰ ਰਤੀ ਹੋਰ ਲੰਮਾ ਚੌੜਾ ਕਰ ਦੇਈਏ ਤਾਂ (Allegory) (ਅਲੰਕਾਰ) ਬਨ ਜਾਂਦਾ ਹੈ, ਜੋ ਇਕ ਕਹਾਨੀ ਹੁੰਦੀ ਹੈ ਜਿਸ ਦਾ ਅਸਲ ਆਸ਼ਾ ਲੁਕਿਆ ਹੁੰਦਾ ਹੈ । ਪ੍ਰਤਖ ਮਨੁਖ ਆਪਨੇ ੨ ਕੰਮ ਧੰਦੇ ਕਰਦੇ ਵਖਾਲੀ ਦੇਂਦੇ ਹਨ, ਪਰ ਅੰਤ੍ਰੀਵ ਅਰਥ ਤੇ ਸਿਖਿਆ ਹੋਰ । ਦੁਨੀਆਂ ਦੀ ਮਸ਼ਹੂਰ (Pilgrim's Progress) ਇਸਾਈਆਂ ਦੀ ਕਿਤਾਬ ਹੈ, ਅਰ ਰਾਨਾ ਸੂਰਤ ਸਿੰਘ, ਪੰਜਾਬੀ ਦੇ ਮਸ਼ਹੂਰ ਕਵੀ ਭਾਈ ਵੀਰ ਸਿੰਘ ਜੀ ਰਚਿਤ, ਅਰ ਹਿੰਦੀ ਦੀ ਚੰਦ੍ਰ ਪ੍ਰਬੋਧ ਨਾਟਕ ਵੀ ਏਸੇ ਸ਼੍ਰੇਨੀ ਦੀਆਂ ਪੁਸਤਕਾਂ ਹਨ । ਕਬੀਰ ਭਗਤ ਦੀ ਬਾਨੀ ਵੀ ਬਾਜੀ ਵਾਰੀ ਅਜੇਹੀ ਪ੍ਰਤੀਤ ਹੁੰਦੀ ਹੈ ਜੀਕਨ ਕਿਸੇ ਆਸ਼ਕ ਦੀ ਬਿਰਹਾਂ ਭਰੀ ਕਵਿਤਾ ਹੈ । ਐਪਰ ਏਹ ਇਕ ਭਗਤ ਦੇ ਅਪਨੇ ਰੱਬ ਦੇ ਨਾਲ ਨੇਹੁ ਦੀ ਕਹਾਨੀ ਹੁੰਦੀ ਹੈ ॥

ਅੰਗਰੇਜ਼ੀ ਵਿਚ (Sarcasm) ਆਖਦੇ ਹੈਨ ਤੇ ਉਰਦੂ ਵਿਚ

**ਨਿੰਦਾ ਜਾਂ ਹਜੂ** "ਹਜੂ" (Hajju) ਨਾਲ ਮਿਲਦੀ ਹੈ। ਕਿਸੇ ਦੀ ਝੂਠੀ ਉਸਤਤੀ ਕਰਨਾ ਜਦ ਅਸਲ ਮਤਲਬ ਉਸਦੀ ਨਿੰਦਾ ਕਰਨ ਦਾ ਹੋਵੇ। ਜਾਂ ਇਸਨੂੰ ਗਲੇਫ਼ੀ ਹੋਈ ਨਿੰਦਾ ਆਖੋ। ਜੀਕਨ:-

> ਖਾਨ ਸੂਰਮੇ ਚੜ੍ਹੇ ਸ਼ਿਕਾਰ। ਮੱਖੀ ਘੇਰੀ ਵਿਚ ਬਜ਼ਾਰ।
> ਮਾਰੀ ਨਹੀਂ ਪਰ ਲੰਗੜੀ ਕੀਨੀ। ਇਹ ਫ਼ਤੇਹ ਉਨ ਧੁਰ
> ਤੋਂ ਲੀਨੀ।

ਕਿਸੇ ਕਮਜ਼ੋਰ ਬੁਜ਼ਦਿਲ ਨੂੰ, ਰੁਸਤਮ ਤੇ ਸ਼ੇਰ ਆਖਣਾ ਕਸੋਹਣੀ ਨੂੰ 'ਹੂਰ ਪਰੀ' ਕੈਹ ਸ਼ਰਮਿੰਦਾ ਕਰਨਾ। ਇਸਦਾ ਅਸਰ ਛੇਰ ਉਸ ਮਨੁਖ ਤੇ ਹੁੰਦਾ ਏ। ਜਿਸਦੀ ਨਿੰਦਾ ਕੀਤੀ ਜਾਏ, ਜਾਂ ਜੇਹੜੇ ਉਸਦੇ ਘਾਟਿਆਂ ਤੋਂ ਵਾਕਫ਼ ਹੋਣ। ਆਮ ਲੋਕਾਂ ਨੂੰ ਇਸਦਾ ਸੁਆਦ ਘਟ ਆਉਂਦਾ ਹੈ।

ਅੰਤ ਵਿਚ ਏਹ ਦਸਨਾ ਵੀ ਜ਼ਰੂਰੀ ਏ ਕਿ ਸਾਰੇ ਉਪ੍ਰੋਕਤ ਗੇਹਨੇ ਹੈਨ ਤੇ ਕਵਿਤਾ ਦੇ ਸ਼ਿੰਗਾਰ ਲਈ। ਅੱਗੇ ਕਵੀ ਦੀ ਕਾਰੀਗਰੀ ਏਹਨਾਂ ਗੈਹਣਿਆਂ ਨੂੰ ਸੋਹਣੀ ਤਰ੍ਹਾਂ ਵਰਤਨ ਵਿਚ ਹੈ। ਗੈਹਣੇ ਅਪਣੇ ਥਾਂਓ ਥਾਂਈ ਸੋਹਨੇ ਲਗਦੇ ਹਨ। ਕਵਿਤਾ ਵਿਚ "ਨਾਜ਼ਕ ਖਿਆਲੀ" ਅਥਵਾ ਸੋਚ ਦੀ ਉਚਤਾ ਤੇ ਪਦਾਂ ਦਾ ਸੁਹੱਪਨ ਜ਼ਰੂਰੀ ਹੈ, ਏਹੀ ਕਵਿਤਾ ਦੀ ਜਾਨ ਹੈ। ਜਦ ਰੂਪ ਹੋਇਆ ਤਾਂ ਗੈਹਣੇ ਭਾਵੇਂ ਹੋਨ ਨਾ ਹੋਨ, ਅਸਲ ਦੁਨੀਆਂ ਨੂੰ ਰੂਪ ਦੀ ਈ ਲੋੜ ਹੈ।

# ਕਵਿਤਾ ਦਾ ਸਬੰਧ ਹੋਰਨਾਂ ਕੋਮਲ ਹੁਨਰਾਂ ਨਾਲ

## (FINE ARTS)

ਇਸ ਤੋਂ ਪੈਹਲਾਂ ਅਸੀਂ ਕਵਿਤਾ ਨੂੰ ਇਕ ਆਰਟ

(ਕਾਰੀਗਰੀ) ਦੱਸ ਆਏ ਹਾਂ। ਕਵਿਤਾ ਕੇਵਲ ਇਕ "ਆਰਟ' ਈ ਨਹੀਂ, ਐਪਰ ਆਰਟਾਂ ਵਿਚੋਂ ਸ੍ਰੋਮਨੀ ਸੋਹਣਾ ਆਰਟ ਹੈ। ਉਹ ਆਰਟ ਜੇਹੜਾ ਸੁੰਦਰਤਾ ਦਾ ਨਰੂਪਨ ਕਰਦਾ ਤੇ ਨਕਸ਼ਾ ਖਿੱਚਦਾ ਹੈ। ਸਿਆਣਿਆਂ ਨੇ ਤਿੰਨ ਪ੍ਰਸਿੱਧ ਕੋਮਲ ਹੁਨਰ ਰਖੇ ਹਨ:-

(੧) ਕਵਿਤਾ, (੨) ਰਾਗ, (੩) ਚਿੱਤ੍ਰਕਾਰੀ। ਚਿੱਤ੍ਰਕਾਰੀ ਦੇ ਵਿਚ ਈ, ਪੱਥਰ ਅਰ ਲੱਕੜ ਦੀਆਂ ਮੂਰਤਾਂ ਘੜਨੀਆਂ ਆ ਗਈਆਂ।

ਹੁਨ ਏਹਨਾਂ ਹੁਨਰਾਂ ਵਿਚ ਮੁੱਢ ਨਿਯਮ [Harmony] *ਹਾਰਮਨੀ ਜਾਂ "ਮਿਲਾਉਨੀ" ਹੈ। ਰੱਬ ਦੀ ਰਚਨਾਂ ਦਾ ਵੀ "ਹਾਰ-ਮਨੀ" ਈ ਨਿਯਮ ਹੈ। ਕੋਮਲ ਹੁਨਰਾਂ [ Fine Arts ] ਦਾ ਧਰਮ ਹੈ ਕਿ ਅਪਨੇ ਅਸਰ ਦ੍ਵਾਰਾ ਮਨੁਖੀ ਮਨ ਦੀ ਹਾਰਮਨੀ ਨੂੰ ਰਚਨਾ ਦੀ ਹਾਰਮਨੀ ਨਾਲ ਜੋੜ ਦੇਣ। ਹੁਣ ਅਸਾਂ ਵੇਖਨਾ ਏਹ ਹੈ ਕਿ ਏਹਨਾਂ ਤਿੰਨਾਂ ਆਰਟਾਂ ਵਿਚੋਂ ਕੇਹੜਾ ਮਨ ਤੇ ਢੇਰ ਖਿੱਚਵਾਂ ਅਸਰ ਕਰਦਾ ਹੈ ਅਰ ਮਾਨੁਖ ਦੇ ਅੰਦਰ ਦੇ ਸਾਜ਼ ਨੂੰ ਕੁਦਰਤ ਦੇ ਸਾਜ਼ ਨਾਲ ਇਕ ਸੁਰ ਬਨਾਂਦਾ ਹੈ।

### ਚਿੱਤ੍ਰ ਕਾਰੀ

ਚਿੱਤ੍ਰ ਕਾਰੀ ਇਕ ਨਜ਼ਾਰੇ ਦੀ ਮੂਰਤ ਬਨਾਕੇ ਦੱਸ ਦੇਂਦੀ ਹੈ ਜਿਸਦਾ ਅਸਰ ਅਖਾਂ ਤੋਂ ਮਨ ਤੇ ਹੁੰਦਾ ਹੈ। ਵੇਖੋ ਇਕ ਮੂਰਤ ਵਿਚ ਸੁਕੰਤਲਾ ਦੀ ਤਸਵੀਰ ਖਿੱਚੀ ਹੈ, ਸੁਹਾਨੇ ਜੰਗਲ ਵਿਚ ਲੇਟੀ ਅਪਨੇ ਪਿਆਰੇ ਨੂੰ ਕੰਵਲ ਦੇ ਪੱਤੇ ਤੇ ਚਿੱਠੀ ਲਿਖਦੀ ਹੈ। ਚੇਹਰਾ ਸੋਚ

---

*ਇੱਕ ਵਸਤ ਦੇ ਹਿਸਿਆਂ ਨੂੰ ਐਸੀ ਤਰ੍ਹਾਂ ਤਰਤੀਬ ਦੇਨੀ ਕਿ ਉਹ ਮਨ ਅਰ ਇੰਦ੍ਰੀਆਂ ਤੇ ਅਪਨਾ ਸੋਹਨਾ ਤੇ ਲੁਭਾਵਨਾ ਅਸਰ ਪਾ ਸਕਨ ਅਰ ਇਕ ਦੂਜੇ ਨਾਲ ਮਿਲਦੇ ਹੋਨ ਇਸ ਇਕ ਰੱਸ ਮਿਲਤ ਦਾ ਨਾਮ ਹਾਰਮਨੀ ਹੈ।

ਵਿਚ ਮਗਨ ਸਹੇਲੀਆਂ ਕੋਲ ਬੈਠੀਆਂ ਹੈਨ। ਘੜੇ ਜਿਨ੍ਹਾਂ ਨਾਲ ਫੁਲਾਂ ਦੀਆਂ ਕਿਆਰੀਆਂ ਸੇਂਚਦੀ ਸੀ ਕੋਲ ਪਏ ਨੇ। ਹਰਨ ਦਾ ਬਚਾ ਕੋਲ ਈ ਖੜਾ ਹੈ। ਕੇਹਾ ਸੋਹਨਾ ਸੋਚ ਤੇ ਚੁੱਪ ਚਾਂਤ ਦਾ ਸਮਾਂ ਹੈ। ਏਹ ਅਸਰ ਅੱਖਾਂ ਦੀ ਰਾਹੀਂ ਸਾਡੇ ਮਨ ਤੇ ਹੋਇਆ ਪਰ ਅਸੀਂ ਸਕੁੰਤਲਾ ਦੇ ਮਨ ਦੀ ਹਾਲਤ ਨਹੀਂ ਜਾਨਦੇ, ਕਿ ਉਹ ਅਪਨੇ ਪਿਆਰੇ ਨੂੰ ਅਪਨੇ ਜੀ ਦਾ ਉਬਾਲ ਕਿਨ੍ਹਾਂ ਲਫ਼ਜ਼ਾਂ ਜਾਂ ਵਾਕਾਂ ਵਿਚ ਪੁਚਾਂਦੀ ਹੈ। ਏਹੀ ਸਾਰੇ ਨਕਸ਼ੇ ਦਾ ਮੂਲ ਹੈ। ਉਹ ਖਿਆਲ ਜੇਹੜਾ ਸਕੁੰਤਲਾ ਦੇ ਜੀ ਵਿਚ ਓਸ ਵੇਲੇ ਸੀ, ਸਾਰੇ ਡਰਾਮੇ ਦਾ ਹੀਰੋ ਹੈ। ਤਸਵੀਰ ਵਿਚ ਉਹੀ ਖਿਆਲ ਗੁੱਮ, ਪਰ ਕਵਿਤਾ ਸੋਹਣੇ ਵਾਕਾਂ ਵਿਚ, ਸਾਡੇ ਸਾਮਨੇ, ਸੁਕੁੰਤਲਾ ਦੇ ਜੀ ਦੇ ਉਬਾਲ ਅਰ ਪਿਆਰੇ ਦੇ ਵਿਛੋੜੇ ਦਾ ਬਿਰਹਾ, ਰਖ ਦੇਂਦੀ ਹੈ। ਜਿਸਦਾ ਅਸਰ ਸਾਡੇ ਮਨ ਤੇ ਅਚਰਜ ਹੁੰਦਾ ਹੈ। ਸਾਡੇ ਮਨ ਦੀ "ਹਾਰਮਨੀ" ਕੁਝ ਚਿਰ ਲਈ ਸਕੁੰਤਲਾ ਦੇ ਮਨ ਦੀ ਹਾਰਮਨੀ ਨਾਲ ਜੜ ਜਾਂਦੀ ਹੈ ਅਰ ਸਾਨੂੰ ਉਹੀ ਬਿਰਹਾ ਤੇ ਪ੍ਰੇਮ ਸਤਾਂਦਾ ਹੈ ਜੋ ਸਕੁੰਤਲਾ ਨੂੰ ਕੋਂਹਦਾ ਸੀ।

Selulpture and Engraving'

ਫੇਰ ਵੇਖੋ–[Sculpture] ਘੜੀਆਂ ਹੋਈਆਂ ਜਾਂ ਉਖਣੀਆਂ ਹੋਇਆਂ ਮੂਰਤਾਂ ਦੀ ਵਿਦਯਾ ਵਲ:–

ਅਜ ਕਲ ਘਾੜਤ ਦੀ ਥਾਂ ਢਾਲਵੇਂ ਬੁਤ ਵੀ ਬਨਦੇ ਹਨ। ਇਸ ਕਾਰੀਗਰੀ ਨਾਲ ਅਸੀਂ ਇਕ ਕੁਦਰਤ ਦਾ ਨਜ਼ਾਰਾ ਜੋ ਸਾਮਨੇ ਨਜ਼ਰ ਆਉਂਦਾ ਹੈ ਵਖਾ ਸਕਦੇ ਹਾਂ, ਪਰ ਕੁਦਰਤ ਦਾ ਰੰਗ ਨਹੀਂ ਦਸ ਸਕਦੇ। ਤਸਵੀਰ ਤੇ ਸਿਰਫ ਦੋ ਪਾਸਿਆਂ ਦਾ ਪਤਾ ਦੇਂਦੀ ਹੈ ਪਰ [Sculpture] ਤਿੰਨਾਂ ਦਾ ਬੋਹ ਦਸੇਂਦੀ ਹੈ। ਤਸਵੀਰ ਵਿਚ ਕੇਵਲ ਲੰਮਾਨ ਤੇ ਚੌੜਾਨ ਦਾ ਹੀ ਬੋਧ ਹੁੰਦਾ ਹੈ। ਇਸ ਵਿਚ ਮੁਟਾਈ ਵੀ ਆ ਜਾਂਦੀ ਹੈ। ਫੁੱਲ ਪੱਤਰ, ਹਾਥੀ, ਘੋੜੇ, ਤੋਤੇ, ਤਿਤਰ ਤਾਂ ਸਭ ਲੱਕੜੀ ਜਾਂ

ਪੱਥਰ ਤੇ ਉਖਨੇ ਗਏ ਪਰ ਬੋਲੇ ਕੌਨ? ਤੁਸੀਂ ਵੇਖਦੇ ਹੋਸੋ ਕਿ ਲਾਰਡ ਲਾਰੰਸ (Lord Lawrence) ਦਾ ਇਕ ਬੁਤ ਖੜਾ ਹੈ, (ਠੰਡੀ ਸੜਕ ਲਾਹੌਰ ਤੇ)। ਬੜੀ ਗੰਭੀਰ ਮੂਰਤ, ਚੇਹਰੇ ਤੋਂ ਰੋਅਬ ਅਤੇ ਦਬਦਬੇ ਦਾ ਪ੍ਰਤਾਪ, ਅੱਖਾਂ ਵਿਚ ਜੋਸ਼ ਤੇ ਕੁਝ ਗੁੱਸਾ ਵੀ। ਇਕ ਹੱਥ ਵਿਚ ਕਲਮ ਤੇ ਇਕ ਵਿਚ ਤਲਵਾਰ ਹੈ। ਏਹ ਨਕਸ਼ਾ ਅਚਰਜ ਹੈ। ਅੱਖਾਂ ਤੋਂ ਇਸ ਦਾ ਅਕਸ ਮਨ ਤੇ ਪੈਂਦਾ ਹੈ, ਪਰ ਮਨ ਨੂੰ ਕੁਝ ਬੋਹ ਨਹੀਂ ਲਗਦਾ ਕਿ ਏਹ ਕੀ ਹੈ? ਪਰ ਜਦ ਅਸੀਂ ਹੇਠ ਲਿਖੇ ਸ਼ਬਦ ਪੜ੍ਹਦੇ ਹਾਂ:–

"will you be governed by pen or sword?':
"ਕੀ ਤੁਸੀਂ ਤਲਵਾਰ ਦੀ ਹਕੂਮਤ ਮੰਨੋਗੇ ਯਾ ਕਲਮ ਦੀ?" ਤਾਂ ਸਾਰੀ ਸਮਝ ਪੈ ਜਾਂਦੀ ਹੈ। ਉਸ ਮੂਰਤ ਦੇ ਮਨ ਦਾ ਖਿਆਲ ਸਾਡੇ ਮਨ ਵਿਚ ਆ ਜਾਂਦਾ ਹੈ। ਇਸ ਤੋਂ ਬਿਨਾਂ ਏਹ ਇਕ ਲੋਹੇ ਦਾ ਈ ਬੁੱਤ ਸੀ।

ਏਹ ਵਾਧਾ ਕਵਿਤਾ ਵਿਚ ਹੈ, ਕਿ ਸਮੇਂ ਤੇ ਵਸਤ ਦਾ ਨਕਸ਼ਾ ਵੀ ਖਿਚ ਦੇਨਾ, ਐਪਰ ਅਜੇਹਾ ਸਪਸ਼ਟ ਨਹੀਂ ਜੇਹਾ ਕਿ ਤਸਵੀਰ ਅਰ ਨਾਲ ਈ ਇਕ ਮਨ ਦੀ ਚਿਤਵਨੀ ਨੂੰ ਸਾਡੇ ਮਨ ਤਕ ਪੁਚਾ ਦੇਨਾ।

**ਰਾਗ**

ਵਾਹ ਤੇਰੀ ਕੁਦਰਤ, ਸੱਚੇ ਕਾਰੀਗਰ, ਰਾਗ ਵੀ ਇਕ ਅਚਰਜ, ਇਕ ਮਨ ਖਿਚਵਾਂ ਚਮਤਕਾਰ। ਤੇਰੀ ਹਾਰਮਨੀ (Harmony) ਮਿਲੌਨੀ ਦਾ ਹੈ। ਬਸ ਹਾਰਮਨੀ ਇਸ ਤੇ ਈ ਖਤਮ ਹੋਈ। ਸਿਆਣੇ ਆਖਦੇ ਨੇ ਕਿ ਮਨੁਖ ਪੈਹਲੇ ਗਾਵਿਆਂ ਪਿੱਛੋਂ ਬੋਲਿਆ–ਵਾਹ ੨ ਸੁਰਾਂ, ਵਾਹ ਰਾਗ ਜੀ! ਤੁਹਾਡੀਆਂ ਸੁਰਾਂ ਸੁਨਦੇ ਈ ਮਨ ਦੀ ਤਾਰ ਉਸ ਇਲਾਹੀ ਤਾਰ ਨਾਲ ਇਕ ਸੁਰ ਹੋ ਜਾਂਦੀ ਹੈ। ਸਾਰੀ ਕੁਦਰਤ ਇਕ ਰਾਗ ਹੈ।

ਅਕਾਸ਼ ਵਿਚ ਸ਼ਬਦ, ਸਾਡੇ ਅੰਦਰ ਸ਼ਬਦ, ਸਦੀਵ ਕਾਲ ਰਾਗ ਹੋ ਰਹਿਆ ਹੈ। ਤਦੇ ਓਸ ਇਲਾਹੀ ਕਵੀ ਨੇ ਉਚਾਰਿਆ:—

"ਗਾਵਨਿ ਤੁਧਨੋ ਪਵਨ ਪਾਣੀ ਬੈਸੰਤਰੁ ਗਾਵੈ ਰਾਜਾ
ਧਰਮੁ ਦੁਆਰੇ ॥ ਗਾਵਨ ਤੁਧਨੋ ਖੰਡ ਮੰਡਲ ਬ੍ਰਹਮੰਡਾ
ਕਰਿ ਕਰਿ ਰਖੇ ਤੇਰੇ ਧਾਰੇ ॥"

ਓਸ ਰੱਬੀ ਕਵੀ ਨੂੰ ਸਾਰੇ ਪਾਸੇ ਰਾਗ ਸੁਨਾਈ ਦਿਤਾ, ਅਰ ਉਸ ਨੇ ਸੁਨਿਆ ਤੇ ਸਮਝਿਆ, ਅਰ ਲੋਕਾਂ ਨੂੰ ਦੱਸਿਆ ਕਿ ਏਹ ਕੁਦਰਤੀ ਰਾਗ, ਇਕ "ਕਰਤਾ" ਦੇ ਗੁਣ ਗਾਉਂਦਾ ਹੈ। ਇਕ ਅੰਗਰੇਜ਼ ਕਵੀ ਨੇ ਆਖਿਆ ਹੈ:—"ਕਿ ਵਗਦੇ ਨਦੀ ਨਾਲੇ ਤੇ ਪਹਾੜਾਂ ਵਿਚੋਂ, ਹਵਾ ਦੀ ਸਰਾਹਟ, ਤੇ ਪੰਛੀਆਂ ਦੇ ਬੋਲ ਵਿਚੋਂ ਏਹ ਅਵਾਜ਼ ਆਉਂਦੀ ਹੈ ਕਿ ਰੱਬ ਚੰਗਾ ਹੈ।"

ਅਫਲਾਤੂੰ ਨੇ ਅਪਣੀ ਕਤਾਬ ("Poetics") (ਕਵਿਤਾ ਸਬੰਧੀ) ਵਿਚ ਲਿਖਿਆ ਹੈ ਕਿ—"ਇਸ ਬ੍ਰਹਮੰਡ ਵਿਚ ਅੱਠ ਅਪਸਰਾਂ ਹਨ, ਜੋ ਇਕ ਧੁਰੇ ਦੇ ਗਿਰਦ ਅਪਨਾ ਰਾਗ ਗਾਂਵਦੀਆਂ ਹਨ।" ਪਿਛਲੇ ਕਵੀ ਮਿਲਟਨ ਨੇ ਨੌਂ ਅਪਸਰਾਂ ਲਿਖੀਆਂ ਹਨ ਏਹਨਾਂ ਮਹਾਂ ਪੁਰਸ਼ਾਂ ਦੀ ਮੁਰਾਦ ਅਪਸਰਾਂ ਤੋਂ ਗ੍ਰਹਿ (ਸਿਆਰੇ) ਮਲੂਮ ਹੁੰਦੀ ਹੈ। ਬੁੱਧ, ਸ਼ੁੱਕਰ, ਪ੍ਰਿਥਵੀ, ਮੰਗਲ ਬ੍ਰਹਸਪਤੀ, ਛਨਿਛਰ ਆਦਿ।

ਏਹ ਗ੍ਰਹਿ (ਸਿਆਰੇ) ਸੂਰਜ ਦੇ ਗਿਰਦ ਭੌਂਦੇ ਹਨ ਅਰ ਅਪਨੀ ਚਾਲ ਦੇ ਵੇਗ ਨਾਲ ਅਕਾਸ਼ ਵਿਚ ਇਕ ਰਸ ਰਾਗ ਪੈਦਾ ਕਰਦੇ ਹਨ।

ਗੁਰੂ ਨਾਨਕ ਜੀ, ਉਹ ਰੱਬੀ ਕਵੀ ਜੋ ਸਾਰੀ ਕੁਦਰਤ ਦੇ ਜਾਂਨੂੰ ਸੀ, ਨੇ ਲਿਖਿਆ ਹੈ—"ਗਾਵਨ ਤੁਧਨੋ ਖੰਡ ਮੰਡਲ ਬ੍ਰਹਮੰਡਾ" ਮੰਡਲ ਤੋਂ ਮਤਲਬ ਤਾਰੇ, ਅਰ ਬ੍ਰਹਮੰਡ ਤੋਂ ਅਨੇਕ

[Solar Systems] ਸੂਰਜ ਸਬੰਧੀ ਚੱਕਰ ਹਨ ਜੋ ਇਸ ਅਕਾਸ਼ ਵਿਚ ਸਾਡੇ ਸੂਰਜ ਦੇ ਚੱਕਰ ਵਾਂਗ ਭੌਂਦੇ ਫਿਰਦੇ ਹੈਨ।

ਇੰਗਲਿਸਤਾਨ ਦੇ ਪ੍ਰਸਿਧ ਕਵੀ ਸ਼ੇਕਸਪੀਰ ਨੇ ਅਪਨੇ ਨਾਟਕ "[Merchant of Yenice"] ਮਰਚੈਂਟ ਆਫ ਵੀਨਸ ਦੇ ਆਖਰੀ ਨਾਟ ਵਿਚ ਲਿਖਿਆ ਹੈ:-

"ਕੋਈ ਛੋਟੇ ਤੋਂ ਛੋਟਾ ਤਾਰਾ ਜੇਹੜਾ ਤੂੰ ਵੇਖਦਾ ਹੈਂ, ਅਜੇਹਾ ਨਹੀਂ, ਜੋ ਅਪਨੀ ਚਾਲ ਵਿਚ ਇਕ ਗੰਧਰਭ ਵਾਂਗਰ ਨਹੀਂ ਗਾਂਵਦਾ ॥"

ਅਫਲਾਤੂੰ ਨੇ ਅਠ ਅਰ ਮਿਲਟਨ ਨੇ ਨੌਂ ਅਪਸਰਾਂ (Sirens) ਲਿਖੀਆਂ ਹੈਨ ਜੇਹੜੀਆਂ ਇਕ ਇਕ ਸੁਰ ਛੇੜਦੀਆਂ ਨੇਂ ਅਰ ਏਹਨਾਂ ਸਾਰੀਆਂ ਦੀਆਂ ਸੁਰਾਂ ਮਿਲਕੇ ਬ੍ਰਹਮੰਡ ਵਿਚ ਇਕ (Harmony) ਮਿਲੌਨੀ ਤੇ ਇਕ ਰਸ ਰਾਗ ਪੈਦਾ ਕਰਦੀਆਂ ਹਨ। ਖਵਰੇ ਇਸੇ ਖਿਆਲ ਨੇ ਰਾਗ ਦੀਆਂ ਪ੍ਰਸਿੱਧ ਸੱਤ *ਸੁਰਾਂ ਦਾ ਥਾਪਨ ਕੀਤਾ ਹੋਵੇ॥

ਪੁਰਾਨੇ ਜ਼ਮਾਨੇ ਤੋਂ ਰਾਗ ਤੇ ਕਵਿਤਾ ਅਕੱਠੀ ਚਲੀ ਆਉਂਦੀ ਹੈ। ਰਾਗ ਦਾ ਬਿਨਾਂ ਕਵਿਤਾ ਅੱਧਾ ਅਸਰ ਰੈਹ ਜਾਂਦਾ ਹੈ। ਰਾਗ ਕਿਸੇ ਮਨ ਦੇ ਖਿਆਲ ਨੂੰ ਪ੍ਰਗਟ ਨਹੀਂ ਕਰ ਸਕਦਾ। ਰਾਗ ਅਲਾਪਨ ਨਾਲ ਮਨ ਦੀ ਸੁਰਤ ਤੇ ਖਿਚੀ ਜਾਂਦੀ ਹੈ ਪਰ ਕਿਸੇ "ਗਲ" (Idea) ਦਾ ਗਿਆਨ ਨਹੀਂ ਹੁੰਦਾ। (Harmony) ਹਾਰਮਨੀ ਦੋਹਾਂ ਵਿਚ ਹੈ, ਪਰ ਕਵਿਤਾ ਵਿਚ ਖਿਆਲ ਦਾ ਵਾਧਾ ਹੈ।

---

*ਰਾਗ, ਦੀਆਂ ਸਤ ਸੁਰਾਂ ਏਹ ਹਨ:- ਸਾ, ਰੇ, ਗਾ, ਮਾ, ਪਾ, ਧਾ, ਨੀ। ਪੁਰਾਨੇ ਸਤ ਗ੍ਰੈਹ:- ਸੂਰਜ, ਚੰਦ੍ਰਮਾਂ, ਬੁਧ, ਸ਼ੁੱਕਰ, ਮੰਗਲ ਬ੍ਰਹਸਪਤੀ ਅਰ ਛਨਿੱਛਰ ॥



58758

ਸਾ, ਰੇ, ਗਾ, ਮਾ ਆਦਿ ਰਾਗ ਦੀਆਂ ਸਰਗਮਾਂ ਮਨ ਨੂੰ ਤੇ ਖਿੱਚ ਲੈਂਦੀਆਂ ਹਨ ਪਰ ਕੋਈ ਖਿਆਲ (Idea) ਏਹਨਾਂ ਵਿਚ ਨਹੀਂ ਹੁੰਦਾ, ਜੇਹੜਾ ਮਨ ਤੇ ਕੁਝ ਪੱਕਾ ਅਸਰ ਕਰ ਸਕੇ ।

ਕਵਿਤਾ ਦਾ ਸਭ ਤੋਂ ਉੱਚਾ ਕੰਮ ਏਹ ਹੈ ਕਿ ਮਾਨੁੱਖ ਦੀ ਅੰਦਰਲੀ ਮਿਲਾਉਨੀ (ਹਾਰਮਨੀ) ਨੂੰ ਕੁਦਰਤ ਦੀ ਬਾਹਰਲੀ ਹਾਰਮਨੀ ਨਾਲ ਇਕ ਸੁਰ ਕਰ ਦੇਵੇ। ਇਨਸਾਨੀ ਤੂੰਬੂਰੇ (ਰੂਹ) ਦੀਆਂ ਤਾਰਾਂ ਕੁਦਰਤੀ ਸਾਜ ਦੀਆਂ ਸੁਰਾਂ ਨਾਲ ਮੇਲ ਦੇਵੇ, ਇਕ ਸੁਰ ਕਰ ਦੇਵੇ ॥

ਅਫਲਾਤੂੰ ਨੇ ਲਿਖਿਆ ਹੈ ਕਿ ਕਵਿਤਾ ਨਕਲ (ਉਤਾਰਾ) ਹੈ। ਨਕਲ ਦੇ ਉਲਟ ਅਰਥ ਨਾ ਸਮਝੇ ਜਾਨ ਬਾਂਦਰ ਵੀ ਨਕਲ ਉਤਾਰਦਾ ਹੈ। ਕਵੀ ਜਨ ਕਿਧਰੇ ਨਕਲ ਉਤਾਰਨਾ, ਦੂਜੇ ਕਵੀਆਂ ਦੇ ਮਜ਼ਮੂਨ ਚੁਰਾਨ ਨੂੰ ਈ ਕਵਿਤਾ ਦਾ ਵਡਾ ਧਰਮ ਨਾ ਸਮਝ ਬੈਠਨ ਅਰ ਉਚੀ ਸੋਚ ਗਵਾ ਦੇਨ । ਅਫਲਾਤੂੰ ਦਾ ਮਤਲਬ ਨਕਲ ਤੋਂ ਹੈ । ਕੁਦਰਤ ਦੀ ਨਕਲ, ਟੱਬੀ ਕੁਦਰਤ ਨੂੰ ਸਮਝਨਾ ਅਰ ਉਸ ਨੂੰ ਦੱਸਨਾਂ ਸ਼ਬਦਾਂ ਵਿਚ । ਜਿਨਾਂ ਠੀਕ ਠੀਕ ਦੱਸੇ ਓਤਨੀ ਹੀ ਨਕਲ ਚੰਗੀ ਹੋਸੀ ਅਤੇ ਕਵਿਤਾ ਉੱਚੀ ਪੱਦਵੀ ਦੀ ਹੋਸੀ:-

## ਕਵਿਤਾਂ ਦੀਆਂ ਕਿਸਮਾਂ

ਅੰਗਰੇਜ਼ੀ ਅਰ ਹੋਰ ਯੂਰਪੀ ਜ਼ਬਾਨਾਂ ਵਿਚ ਕਵਿਤਾ ਦੀਆਂ ਤਿੰਨ ਕਿਸਮਾਂ ਰੱਖੀਆਂ ਹਨ:-

(੧) Epic (ਐਪਿਕ) ਬੀਰ ਰਸ ਦੀ ਕਵਿਤਾ, (੨) Drama-ਨਾਟਕ, (੩) Lyric (ਲਿਰਕ) ਗੀਤ ਆਦਿ

ਮੁਤਫਰਕ ਕਵਿਤਾ॥

(੧) ਐਪਿਕ (Epic) ਬੀਰ ਰਸ ਦੀ ਕਵਿਤਾ ਤੇ ਸਭ ਥਾਂ ਪ੍ਰਧਾਨ ਹੋਈ, ਹਿੰਦੁਸਤਾਨ ਦੀਆਂ ਪੁਰਾਤਨ ਕਤਾਬਾਂ ਰਾਮਾਇਨ ਤੇ ਮਹਾਭਾਰਤ ਬੀਰ ਰਸ ਦੀਆਂ ਪੁੰਜ ਹਨ। ਪੰਜਾਬੀ ਵਿਚ ਬੀਰ ਰਸ ਕੇਵਲ ਵਾਰਾਂ ਵਿਚ ਹੈ॥

(੨) (Drama) ਡਰਾਮਾ—ਨਾਟਕ। ਏਹ ਕਵਿਤਾ ਦੀ ਸਭ ਤੋਂ ਉੱਚੀ ਕਿਸਮ ਲਿਖੀ ਹੈ। ਇਸ ਵਿਚ ਕਵੀ ਅਪਨੇ ਦਮਾਗੋਂ ਜੀਉਂਦੀਆਂ ਜਾਗਦੀਆਂ ਤਸਵੀਰਾਂ ਬਨਾਕੇ ਦਿਖਾਂਦਾ ਹੈ ਉਹਨਾਂ ਦੇ ਕਰਤਬਾਂ; ਉਹਨਾਂ ਦੀ ਬੋਲ਼ੀ ਨੂੰ ਇਕ ਅਜੇਹੀ ਹਾਰਮਨੀ ਵਿਚ ਤਰਤੀਬ ਦੇਂਦਾ ਹੈ ਜੋ ਏਹ ਮੂਰਤ ਇਕ ਅਨੋਖੀ ਮੂਰਤ ਹੋ ਜਾਂਦੀ ਹੈ। ਮਾਨੋ ਇਕ ਕਵਿਤਾ ਦੇ ਖਿਆਲ ਦੀ ਜੀਉਂਦੀ ਤਸਵੀਰ ਜਿੰਨੇ ਉੱਚੇ ਖਿਆਲ ਨੂੰ ਕਵੀ ਬੜੀ ਕਾਰੀਗਰੀ ਅਰ ਇਕ ਰਸਤਾ ਨਾਲ ਇਕ ਨੜ ਵਿਚ ਬੰਨ੍ਹਕੇ ਵਖਾਏ, ਉੱਨਾਂ ਈ ਡਰਾਮਾ ਚੰਗਾ। ਡਰਾਮਾ ਜ਼ਰੂਰੀ ਨਹੀਂ ਕੇ ਛੰਦਾ ਬੰਦੀ ਵਿਚ ਹੋਵੇ। ਵਲੈਤ ਵਿਚ ਹੁਣ ਚੰਗੇ ਡਰਾਮੇ (ਨਾਟਕ) ਕੇਵਲ ਸਰਲ ਬੋਲੀ ਵਿਚ ਹੁੰਦੇ ਹਨ। ਖਿਆਲ ਉੱਚੇ ਲੋੜੀਏ॥

(੩) (Lyric) ਲਿਰਕ ਕਵਿਤਾ—ਇਸ ਵਿਚ ਉੱਪਰਲੀਆਂ ਦੋ ਕਿਸਮਾਂ ਛੱਡ ਕੇ ਸਭ ਕਿਸਮ ਦੀ ਕਵਿਤਾ ਸ਼ਾਮਲ ਹੈ। ਏਸੇ ਵਿੱਚ—ਗੀਤ, ਕਿਸੇ; ਕਹਾਨੀਆਂ, ਕਸੀਦੇ, ਮਰਸੀਏ ਆਦਿ ਸ਼ਾਮਲ ਹਨ। ਇਸ ਦੀਆਂ ਅਗੇ ਕੇਈ ਕਿਸਮਾਂ ਹਨ, ਜੀਵਨ:— (ੳ) Narrative—ਪ੍ਰਸੰਗ ਜਾਂ ਵਾਰਤਕ (ਅ) Descriptive—ਕਿਸੇ ਕੁਦਰਤੀ ਨਜ਼ਾਰੇ ਦਾ ਨਰੂਪਨ ਕਰਨਾ ਜਾਂ ਕੋਈ ਪ੍ਰਸੰਗ ਸੁਨਾਨਾ। (ੲ) Sonnet; ballad, ਆਦਿ—

ਗੀਤ—

ਏਹ ਤੇ ਪੱਛਮੀ ਜਾਂ ਯੂਰਪੀ ਵੰਡ ਹੈ। ਹਿੰਦੁਸਤਾਨੀ ਕਵੀਆਂ ਨੇ ਕਵਿਤਾ ਨੂੰ ਨੌਂ ਭਾਗਾਂ ਵਿਚ ਵੰਡਿਆ ਹੈ ਅਰ ਹਰ ਇਕ ਭਾਗ ਦਾ ਨਾਂਉ "ਰਸ" ਰਖਿਆ ਹੈ। ਕਵਿਤਾ ਲਈ ਨਾਂਉ ਸਜਦਾ ਈ "ਰਸ" ਹੈ। ਰਸ ਤਦ ਈ ਹੁੰਦਾ ਹੈ ਜਦ ਹਾਰਮਨੀ ਹੋਵੇ ਅਰ (ਹਾਰਮਨੀ) ਮਲੌਨੀ ਕਵਿਤਾ ਦੀ ਜਾਨ ਹੋਈ ॥

ਕਵਿਤਾ ਦੇ ਨੌ ਰਸ ਇਹ ਹਨ:-

(੧) ਬੀਰ, (੨) ਸ਼ਗਾਰ, (੩) ਕਰਨਾ, (੪) ਹਾਸੀ, (੫) ਨਿੰਦਾ, (੬) ਰੌਦਰ (ਗੁਸਾ), (੭) ਭਿਆਨ (ਡਰ), (੮) ਅਦਭੁਤ (ਅਚਰਜਤਾ), (੯) ਸ਼ਾਂਤ ॥

ਇਕ ਕਵੀ ਨੇ ਦੋਹਰੇ ਵਿਚ ਏਹਨਾਂ ਰਸਾਂ ਦੇ ਨਾਉਂ ਇੰਝ ਲਿਖੇ ਹਨ:—

ਪ੍ਰਿਥਮ ਸ਼ਿੰਗਾਰ ਸੁਹਾਸ ਰਸ, ਬਹੁਰ ਕਰਨ ਰਸ ਜਾਨ।
ਰੌਦਰ, ਬੀਰ, ਭਿਜਾਨ ਕੈਹ, ਕਹਿ ਬੀਭਤਸ ਬਖਾਨ ॥
ਅਦਭੁਤ ਰਸ ਕਵਿ ਰਾਜ ਕਹੈ, ਸ਼ਮ ਰਸ ਕਹੀਏ ਔਰ।
ਨਵ ਰਸ ਨਾਮ ਪ੍ਰਸਿਧ ਏਹ, ਵਰਤਨ ਕਵਿ ਸਰ ਮੌਰ ॥

ਬੀਰ ਰਸ ਵੀ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ:-

**ਬੀਰ ਰਸ**

(੧) ਯੁੱਧ ਜਾਂ ਲੜਾਈ ਦੀ ਵਾਰਤਾ, ਜਾਂ ਕਿਸੇ ਜੋਧੇ ਦੀ ਬਹਾਦਰੀ ਦੀ ਵਾਰ-ਕਹਾਨੀ ॥

(੨) ਅਜੇਹੀ ਕਵਿਤਾ ਜਿਸ ਦੇ ਸੁਨਣ ਕਰਕੇ ਬੀਰਤਾ, ਬਹਾਦਰੀ ਜੋਸ਼ ਮਾਰੇ ॥

ਪੰਜਾਬੀ ਵਿਚ ਬੀਰ ਰਸ ਦੀ ਕਵਿਤਾ ਬੜੀ ਥੋੜੀ ਹੈ। ਪੁਰਾਨੀਆਂ ਵਾਰਾਂ ਜਿਨ੍ਹਾਂ ਦਾ ਹਾਲ ਅੱਗੇ ਕੀਤਾ ਜਾਵੇਗਾ ਬੀਰ

ਰਸ ਦੀ ਸਰੇਨੀ ਵਿਚ ਆ ਸਕਦੀਆਂ ਹਨ। ਸ਼ਾਹ ਮੁਹੰਮਦ ਦੇ ਬੈਂਤ, ਸਿਖਾਂ ਤੇ ਅੰਗਰੇਜ਼ਾਂ ਦੀ ਲੜਾਈ ਦੀ ਵਾਰਤਾ ਵੀ ਇਸੇ ਰਸ ਦੀ ਪੰਗਤੀ ਵਿਚ ਗਿਨੀ ਜਾ ਸਕਦੀ ਹੈ॥

ਨੰਬਰ ੨ ਦੇ ਸਿਲਸਿਲੇ ਵਿਚ ਕੋਈ ਕਵਿਤਾ ਨਹੀਂ। ਪੁਰਾਨੇ ਬਹਾਦਰਾਂ ਦੀਆਂ ਵਾਰਾਂ ਵੀ ਏ ਕੰਮ ਦੇਂਦੀਆਂ ਸਨ। ਹਿੰਦੀ ਭਾਸ਼ਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਰਸ ਦੀ ਅਜੇਹੀ ਕਵਿਤਾ ਲਿਖੀ ਹੈ ਜਿਸਦਾ ਟਾਕਰਾ ਹੋਰ ਕਵਿਤਾ ਘਟ ਈ ਕਰ ਸਕਦੀ ਹੈ ਏਹਨਾਂ ਦੀਆਂ ਵਾਰਾਂ–ਚੰਡੀ ਦੀ ਵਾਰ, ਚੰਡੀ ਚਰਿਤ੍ਰ ਆਦਿ। ਸਿਖ ਰਾਜ ਦੇ ਸਮੇਂ ਜੁੱਧ ਵਿਚ ਜੋਸ਼ ਦਵਾਨ ਲਈ ਪੜ੍ਹੀਆਂ ਜਾਂਦੀਆਂ ਸਨ॥ ਵੰਨਗੀ.–

ਸੰਗੀਤ ਭੁਜੰਗ ਪ੍ਰਯਾਤ ਛੰਦ:–

ਕਾਗੜ ਦੰਗ ਕਾਤੀ ਕਟਾਰੀ ਕੜਾਕੰ। ਬਾਗੜ ਦੰਗ ਤੀਰੰ ਤੁਪਕੰ ਤੜਾਕੰ। ਝਾਗੜ ਦੰਗ ਨਾਗਰ ਦੰਗ ਬਾਗੜ ਦੰਗ ਬਾਜੇ। ਗਾਗੜ ਦੰਗ ਗਾਜੀ ਮਹਾਂ ਗੱਜ ਗਾਜੇ। ਸਾਗੜ ਦੰਗ ਸਸਤ੍ਰੰ ਝਾਗੜ ਦੰਗ ਝਾਰੈਂ। ਬਾਗੜ ਦੰਗ ਬੀਰੰ ਡਾਗਰ ਦੰਗ ਡਕਾਰੈਂ। ਸਾਗੜ ਦੰਗ ਸੂਰੰ ਕ੍ਰਾਂਗੜ ਦੰਗਾ ਕੋਪੰ। ਭਾਗੜ ਦੰਗ ਪਰਮੰ ਰਣੰ ਪਾਵ ਰੋਪੰ॥

ਇਕ ਜੁੱਧ ਦੇ ਘਮਸਾਨ ਦਾ ਨਰੂਪਨ ਕਰਦੇ ਹੋਏ ਕਹੇ ਡਰਾਉਨੇ ਪਦ ਵਰਤੇ ਹਨ, ਜਿਨ੍ਹਾਂ ਦਾ ਅਸਰ ਮਨ ਵਿਚ ਹੋਰ ਈ ਕਿਸਮ ਦਾ ਹੁੰਦਾ ਹੈ। ਅਰ ਸੁੱਤੀ ਹੋਈ ਬੀਰਤਾ ਨੂੰ ਜਗਾਂਦਾ ਹੈ॥

**ਸ਼ਿੰਗਾਰ ਰਸ**

ਏਸ ਕਵਿਤਾ ਵਿਚ ਇਸ਼ਕ ਅਥਵਾ ਪ੍ਰੇਮ ਦਾ ਰੰਗ ਵਖਾਇਆ ਜਾਂਦਾ ਹੈ। ਮਨੁੱਖੀ ਮਨ ਦੇ ਵਲਵਲੇ ਜੋ ਹਿਜਰ, ਬਿਰਹਾਂ, ਇਸ਼ਕ ਅਰ ਮੇਲ ਵਿਚ ਉਠਦੇ ਹਨ, ਜੀ ਖਿੱਚਵੇਂ ਅਰ ਪਿਆਰੇ ਪਦਾਂ ਵਿਚ

ਦੱਸੀਦੇ ਹਨ । ਅੱਜ ਕੱਲ ਕਵਿਤਾ ਦਾ ਵਡਾ ਅੰਗ ਸ਼ਿੰਗਾਰ ਰਸ ਈ ਹੈ । ਅਰ ਏਹ ਸਵਾਦਲਾ ਤੇ ਮਨ ਖਿਚਵਾਂ ਵੀ ਹੋਨ ਕਰਕੇ, ਹਰ ਥਾਂ ਕਵਿਤਾ ਵਿਚ ਸ੍ਰੋਮਨੀ ਹੋ ਜਾਂਦਾ ਹੈ ।

ਕੁਝ ਮਨੁੱਖੀ ਮਨ ਈ ਵਿਸ਼ੇ ਵੱਲ ਜਾਨ ਵਾਲਾ, ਫੇਰ ਜਦ ਕਿਸੇ ਸੋਹਣੇ ਦੇ ਰੂਪ ਦਾ ਨਰੂਪਨ ਕੀਤਾ ਜਾਏ । ਇਸ਼ਕ ਦੀ ਆਮਦ, ਆਸ਼ਕ ਦਾ ਪ੍ਰੇਮ, ਕੁਝ ਮੇਲ ਦੀ ਆਸ, ਕਦੀ ਬਿਰਹਾਂ ਦਾ ਪ੍ਰਕਾਸ਼, ਕਦੀ ਪਿਆਰੇ ਦੇ ਦਰਦ, ਕਦੀ ਮੁਖ ਲੁਕਾਨਾ, ਕਦੀ ਸਪਰਸ਼ ਕਦੀ ਪਿਆਰੇ ਪਿਆਰੇ ਵਾਕਾਂ ਤੋਂ ਜੀ ਪਰਚਾਉਨਾ, ਕਦੀ ਸ਼ੋਖੀ ਤੇ ਗੁੱਸੇ ਭਰੀਆਂ ਝਿੜਕਾਂ ਦਾ ਸਹਾਰਨਾ, ਏਹਨਾਂ ਸਭਨਾਂ ਦਾ ਜੋ ਅਸਰ ਇਕ ਮਨੁਖ ਦੇ ਮਨ ਤੇ ਹੁੰਦਾ ਹੈ, ਉਸਨੂੰ ਬੋਲੀ ਵਿਚ, ਇਕ ਮੇਲ ਰਸ ਵਿਚ ਦੱਸਨਾ, ਸ਼ੰਗਾਰ ਰਸ ਦੀ ਕਵਿਤਾ ਦਾ ਕੰਮ ਹੈ । ਭਗਤੀ ਮਾਰਗ ਦੀ ਫੇਰ ਸਾਰੀ ਕਵਿਤਾ, ਜਿਸ ਵਿਚ ਸੱਚੇ ਪ੍ਰੇਮ ਤੇ ਬਿਰਹਾਂ ਦਾ ਰੰਗ ਹੁੰਦਾ ਹੈ ਉਹ ਵੀ ਏਸੇ ਰਸ ਦੀ ਸ਼ਰੇਨੀ ਵਿਚ ਆਉਂਦੀ ਹੈ, ਵੰਨਗੀ:—

ਚੇਤਾ ਮਾਮਲੇ ਪੈਨ ਤੇ ਨੱਸ ਜਾਏਂ, ਇਸ਼ਕ ਜਾਲਨਾ ਖੜਾ ਦੁਹੇਲੜਾ ਈ । ਸੱਚ ਆਖਨਾਂ ਈ ਹੁਨੇ ਆਖ ਮੈਨੂੰ, ਏਹੋ ਸਚ ਤੇ ਝੂਠ ਦਾ ਵੇਲੜਾ ਈ । ਦੈਹਸ਼ਤ ਇਸ਼ਕ ਦੀ ਬੁਰੀ ਹੈ ਤੇਗ ਕੋਲੋਂ, ਬਰਛੀ, ਸਾਂਗ, ਤੇ ਸੱਪ ਜੋ ਸੇਲੜਾ ਈ । ਏਥੋਂ ਛੱਡ ਈਮਾਨ ਜੇ ਨਸ ਜਾਏਂ ਅੰਤ ਰੋਜ਼ ਕਿਆਮਤ ਦੇ ਮੇਲੜਾ ਈ । ਤਾਬ ਇਸ਼ਕ ਦੀ ਝੱਲਨੀ ਬੜੀ ਔਖੀ, ਇਸ਼ਕ ਗੁਰੂ ਤੇ ਜਗ ਸਭ ਦੇਲੜਾ ਈ । ਵਾਰਸ ਸ਼ਾਹ ਦੀ ਆਸ ਤਦ ਹੋਈ ਪੂਰੀ, ਹੀਰ ਮਿਲੇ ਤਾਂ ਕੰਮ ਸੁਹੇ-ਲੜਾ ਈ ।

ਘੁੰਗਟ ਚਕ ਉਹ ਸਜਨਾਂ ਹੁਨ ਸ਼ਰਮਾਂ ਕਾਹਨੂੰ ਰਖੀਆਂ ਨੀ ।

ਜ਼ੁਲਫ਼ ਕੁੰਡਲ ਨੇ ਘੇਰਾ ਪਾਇਆ।
ਬਿਸੀਅਰ ਹੋ ਕੇ ਡੰਗ ਚਲਾਇਆ।
ਵੇਖ ਅਸਾਂ ਵੱਲ ਤਰਸ ਨਾ ਆਇਆ
ਕਰਕੇ ਖ਼ੂਨੀ ਅੱਖੀਆਂ ਵੇ।

(ਬੁਲ੍ਹਾ

ਥੇ, ਭੈਨਾਂ ਹੀਰੇ ਹੀਰੇ ਕਰ ਆਉ ਨਾਂਹੀ, ਉਰ ਉਰ ਨਾ ਰਾਂਝਨ ਭਾਂਵਦੀ ਏ। ਦੂਰ ਦੂਰ ਭੈਨਾ ਮੈਂਡੇ ਕੋਲ ਆਉ, ਯਾਰ ਨੂੰ ਗੈਰਤ ਆਉਂਦੀ ਏ। ਭੈਨਾਂ ਵੀਰਾ ਵੀਰਾ ਕਰ ਗਾਂਉ ਤੁਸੀਂ, ਹੀਰ "ਬਲੀ ਵੇ" ਗਾਉਂਦੀਏ। ਭੈਨਾ ਵਾਹਣਾਂ ਦੇ ਵਿਚ ਨਾਹੋ ਤੁਸੀਂ, ਹੀਰ ਖਪਰ ਦੇ ਵਿਚ ਨਹਾਂਉਦੀਏ। ਭੈਨਾਂ ਕੰਡੀਆਂ ਤੇ ਤੁਸੀਂ ਝੁਮਰ ਪਾਉ, ਹੀਰੇ ਲੈਹਰ ਝਨਾਂਉਦੀਏ। ਛੱਨੇ ਚੂਰੀ ਦੇ ਕੁਟ ਖਾਓ ਤੁਸੀਂ, ਹੀਰੇ ਘੁੱਮਨ ਘੇਰੀ ਖਾਂਉਦੀਏ।

(ਅਲੀ ਹੈਦਰ

**ਕਰਨਾ ਰਸ**

ਕਰਨਾ ਰਸ ਨੂੰ ਉਰਦੂ ਫਾਰਸੀ ਵਿਚ ਮਰਸੀਆ ਆਖਦੇ ਹਨ। ਏਸ ਰਸ ਦਾ ਏਹ ਸਰੂਪ ਹੈ ਕਿ ਕਵਿਤਾ ਅਜੇਹੀ ਹੋਵੇ ਕਿ ਪੜ੍ਹਨ ਵਾਲੇ ਦਾ ਜੀ ਪਿੰਗਰ ਜਾਏ। ਗਮ ਤੇ ਸੋਗ ਦੀ ਹਾਲਤ ਆ ਜਾਵੇ। ਅਖਾਂ ਵਿਚੋਂ ਜਲ, ਸੰਘ ਵਿਚ ਗ਼ਮ ਦੇ ਗ਼ੋਤੇ ਆਉਨ ਲੱਗ ਪੈਨ, ਕਿਸੇ ਦੁਖ ਭਰੇ ਵਾਕਿਆ ਦਾ ਹਾਲ ਸੁਨਾਣਾ, ਜਾਂ ਕਿਸੇ ਦੁਖੀ ਦੇ ਜੀ ਦੀਆਂ ਆਹਾਂ, ਅਰ ਰੋਨ ਨੂੰ ਕਵਿਤਾ ਦੀ ਟੰਗਨ ਦੇਨੀ। "ਕਰਨਾ" ਰਸ ਦਾ ਕੰਮ ਹੈ। ਪੰਜਾਬੀ ਵਿਚ ਕਰਨਾਂ ਰਸ ਵੱਲ ਥੋੜਾ ਧਿਆਨ ਦਿੱਤਾ ਗਿਆ ਹੈ, ਹਿੰਦੂਆਂ ਦੀ ਕਵਿਤਾ ਵਿਚ ਏਹ ਰਸ ਨਹੀਂ ਮਿਲਦਾ। ਸਿਰਫ ਮੁਸਲਮਾਨਾਂ ਦੇ

ਹਜ਼ਰਤ ਹਸਨ ਹੁਸੈਨ ਦੀ ਸ਼ਹੀਦੀ ਦੇ ਕਿੱਸਿਆਂ ਵਿਚ ਕੁਝ ਝਲਕਾਰਾ ਪੈਂਦਾ ਹੈ। ਪਰ ਉਹ ਜੋਸ਼ ਨਹੀਂ ਜੋ ਉਰਦੂ ਮਰਸੀਏ ਵਿਚ ਹੈ, ਹਰ ਸਾਲ ਮੁਹੱਰਮ ਵਿਚ ਮਰਸੀਏ ਹੁੰਦੇ ਹਨ। ਇਕੋ ਮਜ਼ਮੂਨ, ਇਕੋ ਗੱਲ, ਪਰ ਜਦ ਕੋਈ ਚੰਗਾ ਕਵੀ ਮਰਸੀਆ ਪੜ੍ਹਦਾ ਹੈ। ਖਾਹ ਮਖਾਹ ਰਵਾ ਦਿੰਦਾ ਹੈ, ਸਾਡੀ ਬੋਲੀ ਦਾ ਏਹ ਹਾਲ ਨਹੀਂ। ਫੇਰ ਕਵੀਆਂ ਦਾ ਕਸੂਰ ਹੈ, ਕਿ ਸਰਹਿੰਦ ਦੀ ਨੀਹਾਂ ਹੇਠ ਸਾਹਿਬਜ਼ਾਦੇ ਦਿਤੇ ਜਾਨ ਤੇ, ਜਾਂ ਚਮਕੌਰ ਦੀਆਂ ਸ਼ਹੀਦੀਆਂ ਤੇ ਵੀ ਕਵਿਤਾ ਪੜ੍ਹੀ ਜਾਏ ਤਾਂ ਵੀ ਕੋਈ ਅੱਥਰੂ, ਕਵਿਤਾ ਵਿਚ ਕਰਨਾ ਰਸ ਨਾ ਹੋਨ ਦੇ ਕਾਰਨ, ਨਹੀਂ ਡਿਗਦਾ। ਹਾਏ ਸ਼ੋਕ! ਸਾਡੇ ਪੰਜਾਬੀ ਕਵੀਆਂ, ਖਾਸ ਕਰ ਸਿਖਾਂ ਨੂੰ ਏਧਰ ਧਿਆਨ ਦੇਣਾ ਚਾਹੀਏ। ਸਾਡੇ ਮੁਸਲਮਾਨ ਭਰਾ ਇਸ ਪਾਸੇ ਧਿਆਨ ਦੇਂਦੇ ਈ ਹਨ, ਕਰਨਾ ਰਸ ਦੀ ਵੰਨਗੀ ਪੰਜਾਬੀ ਵਿਚ ਇਸਤ੍ਰੀਆਂ ਦੀਆਂ ਅਲਾਹਣੀਆਂ ਤੇ ਵੈਨ ਵੀ ਹਨ। ਪਰ ਉਹ ਕਵਿਤਾ ਕੇਵਲ ਤੁਕ ਬੰਦੀ ਈ ਹੈ। ਪੁਰਾਨੇ ਕਿੱਸਿਆਂ ਵਿਚ, ਬਰਖੁਦਾਰ ਤੋਂ ਲੈ ਕਾਦਰਯਾਰ ਆਦਿ ਕਵੀਆਂ ਨੇ ਮਰਨੇ ਤੇ ਸੋਗ ਪ੍ਰਗਟ ਕਰਨ ਲਈ ਕਿਧਰੇ ਜੰਗਲੀ ਜਨੌਰਾਂ ਤੋਂ ਵੈਨ ਕਰਾਏ, ਕਿਧਰੇ ਪੰਛੀ ਰਵਾਏ, ਪਰ ਪਿਛਲੇ ਪੰਜਾਬੀ ਕਿੱਸਿਆਂ ਵਿਚ ਕਰਨਾ ਰਸ ਦਾ ਪ੍ਰਚਾਰ ਫਜ਼ਲਸ਼ਾਹ ਨੇ ਸ਼ੁਰੂ ਕੀਤਾ। ਜਿਸਨੇ ਸੋਹਨੀ ਕੋਲੋਂ ਮੇਹੀਂਵਾਲ ਦੇ ਵਿਛੋੜੇ ਵਿਚ 'ਫੁਗਾਨ'' (ਰੁਦਨ) ਅਖਵਾਏ। ਇਸ ਦੇ ਦੇਖਾ ਦੇਖੀ ਹੋਰਨਾਂ ਕਵੀਆਂ ਨੇ ਵੀ ਏਹ ਦਸਤੂਰ ਫੜਿਆ ਹੈ। ਪਰ ਏਹ ਫ਼ੁਗਾਨ (ਰੁਦਨ) ਕਈ ਵਾਰੀ, ਰਚਨਾ ਤੋਂ ਵਿਰੁਧ ਹੋ ਜਾਂਦੇ ਹਨ।

ਸਭ ਤੋਂ ਪੁਰਾਨੀ ਕਰਨਾ ਰਸ ਦੀ ਕਵਿਤਾ ਕੁਝ ਕੁਝ "ਅਗਰਾ'' ਦੀ ਵਾਰ ਹਕੀਕਤ ਰਾਏ ਵਿਚ ਮਿਲਦੀ ਹੈ। ਜਾਂ ਕਿੱਸਿਆਂ ਵਿਚ ਕਿਧਰੇ ਕਿਧਰੇ, ਕੋਈ ਇਕ ਦੋ ਦੋ ਬੈਂਤ ਟਾਂਵੇਂ

ਟਾਂਵੇ ! ਜੀਕਨ ਹਾਫ਼ਤ ਬਰਖੁਰਦਾਰ ਦਾ ਮਿਰਜ਼ਾ, ਸੱਸੀ, ਜਾਂ ਹਾਸ਼ਮ ਦੀ ਸੱਸੀ । ਏਸ ਰਸ ਦਾ ਮਦਾਨ ਬੜਾ ਖੁਲ੍ਹਾ ਹੈ, ਕਵੀ ਕੋਸ਼ਸ਼ ਕਰਨ ਅਰ ਕਵਿਤਾ ਦੇ ਏਸ ਘਾਟੇ ਨੂੰ ਪੂਰਾ ਕਰਨ, ਵੰਨਗੀ:-

ਮਾਤਾ ਕੌਰਾਂ ਹਾ ਜੋ ਮਾਰੀ ਕਿਉਂ ਵੈਰੀ ਮੈਂ ਜਾਇਆ।
ਦੁਖੀਂ ਪੀਪਲ ਪਾਲਿਆ ਸੀ, ਚੁਲੀ ਸੀ ਪਾਨੀ ਪਾਇਆ।
ਕੰਦੀ ਦਿਤੀਆਂ ਤੇ ਸਾਹੇ ਪੁੱਨੇ, ਮੌਤੀ ਲਗਣ ਗਨਾਇਆ।
ਵੇ ਲੋਕੋ ਜਾਂਜੀ ਮਾਂਜੀ ਸਭ ਮੁੜ ਆਏ, ਮੇਰਾ ਲਾੜਾ ਅਜੇ ਨਾ ਆਇਆ। ਪੁਤ ਮੋਇਆ ਮਾਂ ਫਿਰੇ ਨਿਮਾਨੀ, ਕੋਈ ਨਾ ਆਖੇ ਅੰਮਾਂ। ਦੁੱਖੀ ਪਾਲ ਪ੍ਰਵਰਦਾ ਕੀਤਾ, ਸੂਲ ਚੁੰਘਾਇਆ ਮੰਮਾਂ। ਲਿਖੀਆਂ ਮੇਰੀ ਲੇਖ ਆ ਪਈਆਂ, ਜੋ ਲਿਖਿਆ ਲੇਖ ਕਲੰਮਾਂ। ਅਗਰਾ ਕਹੇ ਪੁੱਤ ਹੱਥ ਨਾ ਆਵਨ ਪੂਰਿਆਂ ਬਾਝ ਕਰੰਮਾਂ।

(ਅਗਰਾ

ਨਿਕਾ ਜੇਹਾ ਪਾਲਿਓਂ ਹੋਇਓ ਪੁੱਤ ਅਜ ਸ਼ਹੀਦ।
ਸੂਰਤ ਵਾਂਗੂ ਨਬੀ ਦੇ ਹੈਸੀ ਮਰਦ ਰਸ਼ੀਦ।
ਜੇ ਮੇਰਾ ਤੂੰ ਪੁਤ ਹੈਂ ਲੈ ਚਲ ਮੈਨੂੰ ਨਾਲ।
ਪਿੱਛੇ ਤੇਰੇ ਅਕਬਰਾ ਹੋਵਾਂ ਬਹੁਤ ਖਵਾਰ।

(ਹਾਦਮ

ਲੈ ਓ ਯਾਰ ਲਬਾਂ ਉਤੇ ਜਾਨ ਆਈ, ਆ ਦੇ ਦੀਦਾਰ ਇਕ ਵਾਰ ਮੈਨੂੰ। ਬਾਜ਼ ਅਜ਼ਲ ਦੇ ਤੇਜ਼ ਤਰਾਰ ਖੂਨੀ, ਕੀਤਾ ਵਿਚ ਪਲਕਾਰ ਸ਼ਕਾਰ ਮੈਨੂੰ। ਲੰਮੇਂ ਵੈਹਨ ਪਈਆ ਤੇਰੀ ਸੋਹਣੀ ਓ, ਹੁਨ ਆ ਲੰਘਾ ਖਾਂ ਪਾਰ ਮੈਨੂੰ। ਮੇਰੀ ਜਾਨ ਤ੍ਰਸੰਦੜੀ ਲਏ ਤਰਲੇ, ਮਿਲ ਜਾ ਉਹ ਪਿਆਰਿਆ

ਯਾਰ ਮੈਨੂੰ। ਤੱਤੀ, ਰਜ ਨਾ ਵੇਖਿਆ ਮੁੱਖ ਤੇਰਾ, ਅਨ ਬਨੀ ਸੁ ਯਾਰ ਲਾਚਾਰ ਮੈਨੂੰ। ਮੋਈ ਹੋਈ ਭੀ ਪਈ ਪੁਕਾਰਸਾਂਗੀ, ਕੀਕਨ ਭੁੱਲ ਵੰਞੀ ਤੇਰਾ ਚਾ ਮੈਨੂੰ ॥

(ਫ਼ਜ਼ਲ

ਖਲੀ ਸਾਹਿਬਾਂ ਕੋਲ ਮੈ, ਬੋਲ ਮੂੰਹੋ ਜ਼ਰਾ ਪੱਲੜਾ ਚਾਇਕੇ ਮਿਰਜ਼ਿਆ ਓਏ। ਨੀਲੀ ਪੀੜ ਦੁਬੇਲੜਾ ਘਿਨ ਮੈਨੂੰ, ਵੰਝ ਵਾਗ ਉਠਾਇਕੇ ਮਿਰਜ਼ਿਆ ਓਏ। ਹੋਸੀ ਵਾਟ ਉਡੀਕਦੀ ਮਾਉ ਕਮਲੀ, ਮਿਲ ਉਸ ਨੂੰ ਜਾਇਕੇ ਮਿਰਜ਼ਿਆ ਓਏ। ਹਥੀਂ ਅਪਨੇ ਆਪ ਤੂੰ ਭੈਨ ਤਾਈਂ, ਟੋਰੀ ਡੋਲੜੀ ਪਾ ਕੇ ਮਿਰਜ਼ਿਆ ਓਏ। ਬਾਲਾ ਪਵੇ ਨਾ ਕੰਨ ਅਵਾਜ਼ ਮੇਰੇ, ਤੇਰੀ ਮੌਤ ਦਾ ਆ ਕੇ ਮਿਰਜ਼ਿਆ ਓਏ। ਮਹੰਮਦ ਬੂਟਿਆ ਸੁਨੀ ਨਾ ਕੂਕ ਕਾਈ, ਰੋਵਾਂ ਪਈ ਕੁਰਲਾਕੇ ਮਿਰਜ਼ਿਆ ਓਏ ॥

(ਬੂਟਾ

ਹੋਰਨਾਂ ਰਸਾਂ ਵਿਚ ਪੰਜਾਬੀ ਕਵੀਆਂ ਨੇ ਬੜਾ ਘੱਟ ਲਿਖਿਆ ਹੈ। ਹਾਂ ਇਸ ਰਸ ਦੀ ਕਵਿਤਾ, ਤੁਕਬੰਦ, ਕਵੀਆਂ ਨੇ ਲਿਖੀ ਜਿਸ ਵਿਚ ਵਕੀਲਾਂ, ਬਾਬੂਆਂ, ਆਦਿ ਦਾ ਮਖੌਲ ਉਡਾਇਆ ਹੈ। ਛੋਟੇ ੨ ਕਿਸੇ ਬਨਾ ਬਜ਼ਾਰਾਂ ਵਿਚ ਪੜ੍ਹਕੇ ਸੁਨਾਂਦੇ ਹਨ। ਤ੍ਰੀਮਤਾਂ ਦੀਆਂ ਸਿਠਨੀਆਂ ਤੇ ਡੋਏ ਏਸੇ ਸਰੇਨੀ ਹੇਠ ਆਉਂਦੇ ਹਨ।

**ਹਾਸੀ ਜਾਂ ਮਖੌਲ ਰਸ**

ਇਸ ਰਸ ਦਾ ਵੱਡਾ ਨਮੂਨਾ "ਫਰਦੌਸੀ" ਕਵੀ ਨੇ ਚਲਾਇਆ, ਜਦ ਉਸ ਨੇ ਸ਼ਾਹਨਾਮਾ ਲਿਖਿਆ ਅਰ ਸੁਲਤਾਨ ਮਾਹਮੂਦ ਗ਼ਜ਼ਨਵੀ ਨੇ ਲਾਲਚ ਵਿਚ ਆਕੇ, ਪੂਰਾ ਇਨਾਮ ਨਾ ਦਿਤਾ, ਤਾਂ ਕਵੀ ਨੇ ਸ਼ਾਹਨਾਮੇ

**ਨਿੰਦਾ ਰਸ**

ਦੇ ਅੰਤ ਵਿਚ ਬਾਦਸ਼ਾਹ ਦੀ ਨਿੰਦਾ ਲਿਖ ਦਿਤੀ। ਨਿੰਦਾ ਯੱਸ ਨਾਲੋਂ ਛੇਤੀ ਫੈਲਦੀ ਹੈ। ਇਸ ਰਸ ਵਿਚ ਅੰਗਰੇਜ਼ੀ "Satire' ਸੈਟਾਇਰ ਆ ਜਾਂਦੀ ਹੈ ਨਿੰਦਾ ਤੇ ਮਖੌਲ ਵਿਚ ਬੜਾ ਬਾਰੀਕ ਭੇਦ ਹੈ। ਮਖੌਲ ਦਾ ਮਤਲਬ ਸਿਰਫ ਹਾਸੀ ਕਰਨੀ ਹੁੰਦੀ ਹੈ, ਕੋਈ ਖਾਸ ਸਿੱਟਾ ਇਸ ਵਿਚ ਨਹੀਂ ਹੁੰਦਾ, ਪਰ "ਨਿੰਦਾ" ਵਿਚ ਨੁਕਸਾਨ ਪੁਚਾਨ ਜਾਂ ਹੁਧਾਰ ਦਾ ਮਤਲਬ ਹੁੰਦਾ ਹੈ। ਹਾਸੀ ਮਖੌਲ ਖੁਸ਼ੀ ੨ ਵੀ ਕਰੀ ਦਾ ਹੈ ਪਰ ਨਿੰਦਾ ਮਨ ਦੀ ਇਕ ਖਾਸ ਹਾਲਤ, ਜਿਸ ਵਿਚ ਦੂਜੇ ਲਈ ਘ੍ਰਿਨਤਾ ਪੈਦਾ ਹੋ ਜਾਂਦੀ ਹੈ, ਤੋਂ ਨਿਕਲਦੀ ਹੈ।

ਇਸ ਕਰਕੇ ਨਿੰਦਾ ਦੀਆਂ ਦੋ ਕਿਸਮਾਂ ਹਨ:-

(੧) ਕਿਸੇ ਦੀ ਨਿੰਦਾ ਕਰਕੇ ਉਸਨੂੰ ਨੁਕਸਾਨ ਪੁਚਾਨਾ ਜਾਂ ਨਾਸਕ ਨਿੰਦਾ—ਨਾਸ ਕਰਨ ਵਾਲੀ ਨਿੰਦਾ।

(੨) ਕਿਸੇ ਦੀ ਨਿੰਦਾ ਕਰਕੇ ਜੱਗ ਦਾ ਸੁਧਾਰ ਕਰਨਾ ਜਾਂ ਸੁਧਾਰਕ ਨਿੰਦਾ।

ਪੈਹਲੀ ਕਿਸਮ ਬੁਰੀ ਹੈ ਪਰ ਦੂਜੀ ਚੰਗੀ ਅਰ ਵੱਡੇ ਸੁਧਾਰਕ ਜਨ ਉਸਨੂੰ ਵਰਤਦੇ ਹਨ।

ਵਨਗੀ:- ਸ਼ਰਾਬ ਦੀ ਨਿੰਦਾ:- { ਭੰਨ ਬੋਤਲ ਤੋੜ ਪਿਆਲੇ ਨੂੰ
ਲਖ ਲਾਨਤ ਪੀਨੇ ਵਾਲੇ ਨੂੰ

ਏ ਰੰਨ ਭੰਵਰ ਸੰਸੇ ਦਾ, ਨਾਲੇ ਲੁਚਪਨ ਦਾ ਘਰ ਜਾਨੇ, ਜ਼ਾਲਮ ਮਾਨੇ। ਭਾਂਡਾ ਐਬਾਂ ਦਾ ਹੈ ਸ਼ਕੀ, ਸੌ ਸੌ ਕਪਟ ਕਰਾਨੇ, ਖੂਬ ਪਛਾਨੇ। ਰਾਹ ਸੁਰਗ ਵਿਚ ਵੱਟਾ ਧਰਦੀ, ਨਰਕ ਨਗਰ ਦਰਬਾਨੇ, ਰੰਨ ਸਾਵਨੇ। ਪਾਪ ਪਟਾਰੀ ਜ਼ੈਹਰ ਗਲੇਫੀ, ਫੰਧਾ ਮਰਦ ਫਸਾਨੇ, ਹੈ ਰੰਨ ਜਾਨੋ॥

ਜਰੀ ਭਾਂਬੜ ਕਾਮ ਅਗਨ ਦੀ, ਬਾਲਨ ਬਲੇ ਸੁਹੱਪਨ।

ਏਸ ਹੋਮ ਵਿਚ ਹੂਤੀ ਕਰਦੇ, ਕਾਮੀ ਸਭ ਧਨ ਜੋਬਨ ॥
ਹੋਠ ਕੰਜਰੀ ਭਾਂਵੇਂ ਸੋਹਨੇ, ਚੁੰਮੇ ਕੌਨ ਕੁਲੀਨਾ।
ਬਨਿਆ ਠੀਕਰ ਚੋਰ ਯਾਰ ਦਾ, ਥੁੱਕਨ ਠਗ ਮਲੀਨਾ ॥

ਉਪਰਲੇ ਛੰਦ ਕੇਵਲ ਸੁਧਾਰਕ ਨਿੰਦਾ ਦੀ ਵੰਨਗੀ ਹੈ।

ਨੰਬਰਦਾਰੀ ਦੀ ਨਿੰਦਾ:-

ਭਠ ਉਹਦਾ ਲੰਬਰਦਾਰੀ ਦਾ। ਏਹ ਪਿਟਨਾ ਨਿਤ ਦਿਹਾੜੀ ਦਾ।।
ਲੰਬਰਦਾਰੀ ਦੀ ਵੱਡੀ ਸ਼ਾਨ। ਹਾਕਮਾਂ ਕੀਤੇ ਬੇਈਮਾਨ।।
ਭੁਲਗਿਆ ਨੇ ਸਭ ਧਿਆਨ। ਸਦਕੇ ਆ ਅਗਲੀ ਪਲਕ ਗੁਜ਼ਾਰੀਦਾ।।
ਭਠ ਉਹਦਾ ਲੰਬਰਦਾਰੀ ਦਾ। ਇਹ ਪਿਟਨਾ ਨਿਤ ਦਿਹਾੜੀ ਦਾ।।

**ਰੌਦਰ ਰਸ** ਦੀ ਕਵਿਤਾ ਇਕ ਮਨ ਵਿਚ ਗੁੱਸਾ ਰੋਹ ਪੈਦਾ ਕਰਦੀ ਹੈ। ਏਹ ਬੀਰ ਰਸ ਦੇ ਨਾਲ ਲਗਦੀ ਹੈ ਅਰ ਇਕ ਸੁੱਤੀ ਹੋਈ ਕੌਮ ਨੂੰ ਉਠਾਨ ਦਾ ਕੰਮ ਦੇਂਦੀ ਹੈ। ਇਸਦੀ ਕਵਿਤਾ ਪੰਜਾਬੀ ਵਿਚ ਘੱਟ ਹੈ।

**ਭਿਆਨ ਰਸ** ਇਸ ਰਸ ਦੀ ਕਵਿਤਾ ਮਨ ਤੇ ਡਰ, ਸੈਹਮ ਦਾ ਅਸਰ ਕਰਦੀ ਹੈ। ਜੀਕਨ ਭਿਆਨਕ ਨਜ਼ਾਰੇ ਦਾ ਵਰਤੰਤ। ਦੇਉ ਭੂਤਾਂ ਦੀ ਕਥਾ ਇਸ ਤਰ੍ਹਾਂ ਦੱਸਨੀ ਕਿ ਅੰਦਾਨ ਮਨ ਤੇ ਡਰ ਦਾ ਅਸਰ ਪਾਏ। ਜਾਂ ਕਿਸੇ ਵੱਡੇ ਰਾਜੇ ਦੇ ਜ਼ੋਰ ਤੇ ਲਾਓਂ ਲਸ਼ਕਰ ਦੀ ਮੈਹਮਾ ਕਰਕੇ ਉਸ ਦੀ ਬਹਾਦਰੀ ਤੇ ਦਿਗ ਬਿਜੇ (ਫਤਹਮੰਦੀ) ਦਾ ਡਰ ਕਿਸੇ ਹੀਨੇ ਰਾਜੇ ਤੇ ਪਾਉਨਾਂ। ਉਸ ਨੂੰ ਡਰਾ ਕੇ ਤਾਬਿਆ ਕਰ ਲੈਨਾ। ਅਜੇਹੀਆਂ ਕਵਿਤਾ ਕਿਸੇ ਸੁਤੰਤ੍ਰ ਕੌਮਾਂ ਵਿਚ ਹੁੰਦੀਆਂ ਹਨ- ਵਨਗੀ:-

ਭੈ ਤੇਰੇ ਡਰ ਅਗਲਾ ਖਪ ਖਪ ਛਿਜੈ ਦੇਹੁ ॥
ਨਾਉ ਜਿਨਾ ਸੁਲਤਾਨ ਖਾਨ ਹੁੰਦੇ ਡਿਠੇ ਖੇਹੁ ॥

ਨਾਨਕ ਉਠੀ ਚਲਿਆ ਸਭ ਕੂੜੇ ਤੁਟੇ ਨੇਹੁ ॥

**ਅਧਭੁਤ ਰਸ** | ਜਾਂ ਅਚਰਜ ਕਰ ਦੇਣ ਵਾਲਾ ਰਸ:-

ਏਹ ਰਸ ਵੀ ਬੜੇ ਉੱਚੇ ਦਰਜੇ ਦੀ ਕਵਿਤਾ ਵਿਚ ਹੁੰਦਾ ਹੈ। ਆਮ ਕਵਿਤਾ ਵਿਚ ਨਹੀਂ । ਇਸਦਾ ਮਤਲਬ ਹੈ ਕਿ ਕਵਿਤਾ ਦਵਾਰਾ ਮਨ ਤੇ ਅਜੇਹਾ ਅਸਰ ਕਰਨਾ ਕਿ ਮਨ ਅਚਰਜਤਾ ਦੇ ਦਰਜੇ ਤੇ ਪੁੱਜ ਜਾਏ, ਹਰਾਨੀ ਛਾ ਜਾਏ । ਜੀਕਨ ਪ੍ਰੇਮੀ ਜਨਾਂ ਨੇ ਅਪਨੀ ਰੂਹਾਨੀਆਤ ਵਿਚ ਸੁਰਤ ਦੀਆਂ ਡੂੰਘੀਆ ਚੁੱਭੀਆਂ ਮਾਰਨ ਦੇ ਸਮੇਂ ਕਈ ਵਾਰੀ ਇਸ ਅਦਭੁਤ ਰਸ ਨੂੰ ਚਖਿਆ ਹੋਵੇਗਾ ਯਾ ਇਕ ਹਬਸ਼ੀ ਨੂੰ ਅਫਰੀਕਾ ਦੇ ਜੰਗਲਾਂ ਤੋਂ ਫੜਕੇ ਪੈਰਸ ਜੇਹੀ ਜਗਾ ਦੇ ਸ਼ੀਸ਼ ਮਹਲਾਂ ਵਿਚ ਲੈ ਜਾਇਆ ਜਾਏ, ਤਾਂ ਉਸ ਤੇ ਜੋ ਦਿਸ਼ਾ ਇਕ ਵਾਰਗੀ ਹੈਰਾਨਗੀ ਦੀ ਆਵੇਗੀ, ਜਿਸ ਕਰਕੇ ਉਸ ਦੀ ਬਾਣੀ ਬੰਦ, ਅੱਖਾਂ ਖੁਲ੍ਹੀਆਂ, ਮਨ ਚਕ੍ਰਿਤ ਹੋ ਜਾਵੇਗਾ, ਐਸੀ ਦਿਸ਼ਾ ਦਾ ਨਰੂਪਣ ਕਰਨਾ, ਕਵਿਤਾ ਵਿਚ ਅਦਭੁਤ ਰਸ ਅਖਾਂਦਾ ਹੈ । ਵਨਗੀ ਇਸ ਦੀ ਪੰਜਾਬੀ ਵਿਚ ਥੋੜੀ ਮਿਲਦੀ ਹੈ ਅਰ ਇਸ ਰਸ ਦਾ ਵਾਕਾਂ ਵਿਚ ਦੱਸਨਾ ਵੀ ਔਖਾ ਹੈ, ਵਨਗੀ:-

ਗਿਆਨ ਖੰਡ ਮਹਿ ਗਿਆਨੁ ਪ੍ਰਚੰਡੁ ॥ ਤਿਥੈ ਨਾਦ
ਬਿਨੋਦ ਕੋਡ ਅਨੰਦੁ ॥ ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤ ਘੜੀਐ ਬਹੁਤੁ ਅਨੂਪੁ ॥ ਤਾ ਕੀਆ ਗਲਾ
ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤ ਮਤ ਮਨਿ ਬੁਧਿ ॥ ਤਿਥੈ ਘੜੀਐ
ਸੁਰਾ ਸਿਧਾ ਕੀ ਸੁਧਿ ॥ ੩੬ ।

(ਗੁਰੂ ਨਾਨਕ

ਕੁਝ ਉਡਨ ਦੇ ਬਾਦ ਆਇਆ ਲੋਕ ਸੀ।

ਸੁੰਦਰ ਅਰ ਰਮਨੀਕ ਸੋਭਾ ਬਹੁ ਘਣੀ।
ਚਮਕੇ ਵਾਂਗ ਬਲੌਰ ਧਰਤੀ ਇਸਦੀ।
ਬਨ ਬ੍ਰਿਛ ਅਚਰਜ ਰੂਪ ਸੂਖਮ ਅਤ ਹੀ।
ਸ੍ਰਿਸ਼ਟੀ ਹੋਰੋ ਰੰਗ ਰਚਨਾ ਹੋਰ ਹੀ।
ਮੂੰਹੋਂ ਸਕਾਂ ਨ ਆਖ, ਦੇਖੀ ਨਹੀਂ ਸੀ।
ਸੁਣੀ ਨ ਸੋਚੀ ਸੀਗ, ਪਹਲੇ ਕਦੀ ਬੀ॥

(ਵੀਰ ਸਿੰਘ

**ਸ਼ਾਂਤ ਰਸ**

ਅਸਲ ਵਿਚ ਤਾਂ ਇਹ ਸਭ ਦਾ ਸ੍ਰੋਮਨੀ ਰਸ ਹੈ। ਇਸੇ ਵਿਚ ਉਹ ਕਵਿਤਾ ਸ਼ਾਮਲ ਹੈ ਜਿਸ ਦਾ ਅਸਰ ਮਨ ਨੂੰ ਸ਼ਾਂਤ ਕਰਦਾ ਹੈ, ਏਹ ਫਕੀਰਾਂ ਦੀ ਕਵਿਤਾ ਹੁੰਦੀ ਹੈ। ਇਸ ਕਵਿਤਾ ਨਾਲ ਸਿਖਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਰਿਆ ਪਿਆ ਹੈ, ਏਸੇ ਨਾਲ ਵੈਰਾਗ ਦੀ ਕਵਿਤਾ ਮਿਲਦੀ ਹੈ, ਕਿਉਂ ਜੋ ਵੈਰਾਗ ਵੀ ਭਟਕਦੇ ਮਨ ਨੂੰ ਦੁਨੀਆਂ ਵਲੋਂ ਹਟਾ, ਸ਼ਾਂਤ ਦੇ ਸੋਮੇ, ਰੱਬ ਨਾਲ ਜੋੜਦਾ ਹੈ। ਇਸ ਦੀ ਕੁਝ ਕੁ ਵਨਗੀ ਲਿਖਦੇ ਹਾਂ ਅਰ ਹੰਸ ਚੋਗ ਦੇ ਸਾਰੇ ਕਵੀ ਸ਼ਾਂਤ ਰਸ ਦੇ ਈ ਕਵੀ ਹਨ:

ਏ ਮਨ ਮੇਰਿਆ ਤੂੰ ਸਦਾ ਰਹੁ ਹਰਿ ਨਾਲੇ॥ ਹਰਿ ਨਾਲਿ
ਰਹੁ ਤੂੰ ਮੰਨ ਮੇਰੇ ਦੂਖ ਸਭਿ ਵਸਾਰਣਾ॥ ਸਭਨਾ ਗਲਾਂ
ਸਮਰਥ ਸੁਆਮੀ ਸੋ ਕਿਉ ਮਨਹੁ ਵਿਸਾਰੇ॥ ਕਹੈ ਨਾਨਕ
ਮੰਨ ਮੇਰੇ ਸਦਾ ਰਹੁ ਹਰਨਾਲੇ॥

(ਗੁਰੂ ਅਮਰਦਾਸ

ਫਰੀਦਾ ਕੰਤ ਰੰਗਾਵਲਾ ਵਡਾ ਵੇ ਮੁਹਤਾਜ॥
ਅਲਹ ਸੇਤੀ ਰਤਿਆ ਏਹ ਸਚਾਵਾ ਸਾਜ॥

ਬਾਬਾ ਫਰੀਦ

ਇਸ ਲੇਖ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਕਵਿਤਾ ਵਿਚ ਕੇਵਲ ਸਿੰਗਾਰ ਰਸ ਅਰ ਸ਼ਾਂਤ ਰਸ ਦਾ ਹੀ ਜ਼ੋਰ ਹੈ। ਕਵੀਆਂ ਨੂੰ ਹੋਰਨਾਂ ਰਸਾਂ ਵਲ ਵੀ ਧਿਆਨ ਦੇਣਾ ਲੋੜੀਏ, ਨਿਰੇ ਸਿੰਗਾਰ ਰਸ ਨਾਲ ਸੁਸੈਟੀ ਉੱਚੀ ਨਹੀਂ ਹੁੰਦੀ। ਬੀਰ ਰਸ ਇਕ ਕੌਮ ਦੀ ਹਾਲਤ ਸੁਧਾਰਨ ਲਈ ਅਤੀ ਲੋੜੀਦਾ ਹੈ ਇਸ ਵੱਲ ਅਜ ਕਲ ਢੇਰ ਖਿਆਲ ਦੇਣਾ ਚਾਹੀਦਾ ਹੈ।

**ਕਵਿਤਾ ਅਪਨੀ ਮਾਤਰੀ ਬੋਲੀ ਵਿੱਚ ਚਾਹੀਏ**

ਏਥੇ ਮੈਂ ਇਹ ਗੱਲ ਲਿਖਣੋਂ ਨਹੀਂ ਰੁਕ ਸਕਦਾ ਕਿ ਇਕ ਕਵੀ ਅਪਨੀ ਬੋਲੀ ਵਿਚ ਹੀ ਕਵਿਤਾ ਲਿਖਕੇ ਸਾਰੇ ਰਸਾਂ ਦਾ ਪੂਰਾ ਅਸਰ ਦੁਇਆਂ ਤੇ ਕਰ ਸਕਦਾ ਹੈ, ਪਰ ਅੱਜ ਕੱਲ ਸਾਡੇ ਪੰਜਾਬੀ ਭਰਾ ਅਪਨੀ ਬੋਲੀ ਤੋਂ ਮੁੱਖ ਮੋੜ, ਉਰਦੂ ਤੇ ਹਿੰਦੀ ਦੀ ਪੂਛ ਪਕੜਦੇ ਹਨ। ਭਲਾ ਕਦੀ ਉਨ੍ਹਾਂ ਬੋਲੀਆਂ ਵਿਚ ਕਵਿਤਾ ਲਿਖਕੇ ਸਾਡੇ ਭਰਾ ਉੱਚੀ ਟੀਸੀ ਤੇ ਪੁਜ ਸਕਦੇ ਹਨ ? ਜੀ ਦੇ ਸੱਚੇ ਵਲਵਲੇ ਸਿਰਫ ਅਪਨੀ ਮਾਤ੍ਰੀ ਬੋਲੀ ਵਿਚ ਹੀ ਦੱਸੇ ਜਾ ਸਕਦੇ ਹਨ। ਵੇਖੋ ਮਿਲਟਨ Milton ਲਾਤੀਨੀ (Latin) ਦਾ ਕਿੰਨਾ ਵਿਦ੍ਵਾਨ ਸੀ, ਸਭ ਲਿਖਨ ਪੜ੍ਹਨ ਲਾਤੀਨੀ ਵਿਚ ਈ ਸਾਧਦਾ ਸੀ। ਉਸਨੇ ਲਾਤੀਨੀ ਵਿਚ ਕਿੰਨੀਆਂ ਪੁਸਤਕਾਂ ਲਿਖੀਆਂ ਅਰ ਅੰਗਰੇਜ਼ੀ ਅਪਨੀ ਮਾਤਰੀ ਬੋਲੀ ਵਿਚ, ਐਵੇਂ ਭੁਲ ਕੇ 'Paradise Iost' ਤੇ "Paradise Regained" ਲਿਖ ਬੈਠਾ। ਅਪਨੇ ਜੀਉਂਦਿਆਂ ਉਸ ਨੂੰ ਮਾਨ ਅਪਨੀ ਲਾਤੀਨੀ ਰਚਨਾ ਤੇ ਈ ਸੀ, ਪਰ ਵੇਖੋ ਰੱਬ ਦਾ ਭਾਣਾ ਅਜ ਕਲ ਮਿਲਟਨ ਦੀਆਂ ਲਾਤੀਨੀ ਪੁਸਤਕਾਂ ਨੂੰ ਕੋਈ ਨਹੀਂ ਪੁਛਦਾ। ਉਸਦਾ ਨਾਮ ਅਪਨੀ ਬੋਲੀ ਵਿਚ ਇਹੋ ਕਵਿਤਾ ਲਿਖਨ ਕਰਕੇ ਈ ਪ੍ਰਸਿਧ ਹੈ। ਅਪਨੇ ਦੇਸ ਵਲ ਈ ਤਕੋ ਸਰ ਰਾਬਿੰਦਰਨਾਥ ਟੈਗੋਰ ਕਦੀ ਮਸ਼ਹੂਰ ਨਾਂ ਹੁੰਦਾ, ਜੇ ਉਹ ਅਪਨੀ ਬੋਲੀ ਬੰਗਾਲੀ ਵਿਚ ਨਾਂ ਲਿਖਦਾ।

ਦਸੋ ਖਾਂ, ਭਈ ਉਰਦੂ ਤੇ ਹਿੰਦੀ ਦੇ ਹਾਮੀਓ ! ਸਾਡੇ ਦੇਸ (ਪੰਜਾਬ) ਵਿਚੋਂ ਕਦੀ ਵੀ ਕੋਈ ਉਰਦੂ ਜਾ ਹਿੰਦੀ ਦਾ ਕਵੀ ਹੋਇਆ ਹੈ ਜਿਸਦੀ ਕਦਰ ਜ਼ੌਕ ਜਾਂ ਤੁਲਸੀ ਵਾਂਗਰ ਹੋਈ ਹੋਵੇ। ਵਾਰਸ ਮਸ਼ਾ-ਹੂਰ ਹੈ। ਕਿਉਂ ? ਓਸ ਨੇ ਆਪਨੀ ਬੋਲੀ ਕਵਿਤਾ ਲਿਖੀ।

# ਪੰਜਾਬੀ ਕਵਿਤਾ ਅਤੇ ਦੂਜੀਆਂ ਬੋਲੀਆਂ ਦੀ ਕਵਿਤਾ

## (ਮੁਕਾਬਲਾ ਤੇ ਅਸਰ)

ਹਿੰਦੁਸਤਾਨ ਵਿਚ ਕਵਿਤਾ ਦੀਆਂ ਦੋ ਵੰਡੀਆਂ ਹੋ ਸਕਦੀਆਂ ਹਨ, (੧) ਸੰਸਕ੍ਰਿਤ ਸੰਬੰਧੀ ਕਵਿਤਾ, (੨) ਫ਼ਾਰਸੀ ਸੰਬੰਧੀ ਕਵਿਤਾ ਥੋੜੇ ਚਿਰ ਤੋਂ ਅੰਗਰੇਜ਼ੀ ਕਵਿਤਾ ਦਾ ਵੀ ਅਸਰ ਦਿੱਸਨ ਲੱਗ ਪਿਆ ਹੈ, ਏਹ ਅਸਰ ਖਾਸ ਕਰਕੇ ਡਰਾਮੇ ਵਿੱਚ ਹੈ।

ਸੰਸਕ੍ਰਿਤ ਹਿੰਦੁਸਤਾਨ ਦੀ ਸਭ ਤੋਂ ਪੁਰਾਤਨ ਬੋਲੀ ਹੈ, ਤੇ ਹਿੰਦ ਦੇ ਤਵਾਰੀਖੀ ਮੁੱਢ ਤੋਂ ਇਹ ਬੋਲੀ ਨਾਲੋਂ ਈ ਨਾਲ ਹੈ। ਫਾਰਸੀ ਹਿੰਦੁਸਤਾਨ ਵਿਚ ਮੁਸਲਮਾਨਾਂ ਦੇ ਹੱਲਿਆਂ ਦੇ ਨਾਲੋ ਨਾਲ ਆਈ ਏਸ ਕਰਕੇ ਸੰਸਕ੍ਰਿਤ ਸੰਬੰਧੀ ਕਵਿਤਾ ਨੂੰ ਦੇਸੀ ਕਵਿਤਾ ਜਾਂ ਹਿੰਦੀ ਕਵਿਤਾ ਆਖਿਆ ਜਾਸੀ ਅਰ ਫਾਰਸੀ ਸਬੰਧੀ ਕਵਿਤਾ ਨੂੰ ਪ੍ਰਦੇਸੀ ਜਾਂ ਨਿਰਾ ਫਾਰਸੀ ਲਿਖਿਆ ਜਾਸੀ।

ਪਹਿਲੀ ਕਿਸਮ ਵਿਚ—ਸੰਸਕ੍ਰਿਤ, ਹਿੰਦੀ, ਬੰਗਾਲੀ, ਗੁਜਰਾਤੀ ਆਦਿ ਬੋਲੀਆਂ ਦੀ ਕਵਿਤਾ ਹੈ

ਦੂਜੀ ਵਿਚ—ਫਾਰਸੀ, ਉਰਦੂ, ਸਿੰਧੀ ਆਦਿ।

ਪੰਜਾਬੀ ਦੋਹਾਂ ਦਾ ਮੇਲ ਹੈ। ਪੁਰਾਤਨ ਪੰਜਾਬੀ ਤੇ ਪੇਹਲੀ ਕਿਸਮ ਵਿਚ ਅਰ ਨਵੀਂ ਪੰਜਾਬੀ ਵਿਚ ਦੂਜੀ ਕਿਸਮ ਦਾ ਦਖਲ ਹੋ ਗਿਆ ਹੈ।

**ਹਿੰਦੀ ਕਵਿਤਾ**

ਏਸ ਕਵਿਤਾ ਵਿਚ ਸੁਹੱਪਨ ਅਰ ਜੋਸ਼ ਤੇ ਹੈ ਪਰ ਸਚਿਆਈ ਨੂੰ ਹੱਥੋਂ ਨਹੀਂ ਛਡਿਆ ਜਾਂਦਾ। ਕੁਦਰਤ ਅਰ ਰਚਨਾ ਤੋਂ ਸਬਕ ਸਿਖਿਆ ਹੈ ਅਰ ਓਸੇ ਨੂੰ ਕਵਿਤਾ ਵਿਚ ਦਸਿਆ ਹੈ। ਰਚਨਾ ਦੀ ਨਕਲ ਹੈ।

**ਫ਼ਾਰਸੀ ਕਵਿਤਾ**

ਏਸ ਕਵਿਤਾ ਵਿਚ ਲਫ਼ਜ਼ਾਂ ਦੀ ਜੋੜ ਤੋੜ, ਮੁਬਾਲਗੇ ਅਰ ਅਸਤ ਤੋਂ ਢੇਰ ਕੰਮ ਲਿਤਾ ਹੈ। ਕਵਿਤਾ ਦਾ ਅਸਲ ਰੂਪ ਛਡ ਦਿਤਾ ਹੈ, ਸਿਰਫ ਬਾਹਰੀ ਬਨਾਵਟ, ਸ਼ਿੰਗਾਰ ਵਲ ਧਿਆਨ ਦਿਤਾ ਹੈ। ਗਲ ਕੀ ਅਸਲ ਪਿੰਡਾ ਛਡ ਕਪੜਿਆਂ ਨੂੰ ਈ ਫੜਿਆ ਹੈ। ਖਿਆਲ ਇਕ ਲੜੀ ਵਿਚ ਨਹੀਂ ਪਰੋਏ, ਹਾਂ ਐਪਰ ਇਕ ਖਿਆਲ ਨੂੰ ਬੜਾ ਉੱਚਾ ਖਿਚ ਕੇ ਲੈ ਗਏ ਹਨ, ਇਸ ਗੜ ਬੜ ਦਾ ਨਮੂਨਾ ਗਜ਼ਲਾਂ ਹਨ, ਜਿਨ੍ਹਾਂ ਵਿਚ ਇਕ ਖਿਆਲ (Idea) ਦੀ ਲੜੀ ਦਾ ਮਿਲਨਾ ਮੁਸ਼ਕਲ ਹੈ।

ਮੈਂ ਏਹਨਾਂ ਦੋਹਵਾਂ ਘਰਾਂ ਦੀ ਕਵਿਤਾ ਦਾ ਮੁਕਾਬਲਾ ਉਰਦੂ ਦੇ ਪ੍ਰਸਿਧ ਕਵੀਆਂ ਦੀ ਰਾਵਾਂ ਤੇ ਈ ਛਡਦਾ ਹਾਂ।

ਮੌਲਨਾ "ਆਜ਼ਾਦ" ਅਪਨੀ ਪ੍ਰਸਿਧ ਪੁਸਤਕ ਆਬੇਹਿਆਤ' ਵਿਚ ਲਿਖਦੇ ਹਨ:-

**"ਅਜ਼ਾਦ', ਦਾ ਖਿਆਲ**

"ਭਾਸ਼ਾ ਕਾ ਫਸੀਹ ਇਸਤਆਰਾ ਕੀ ਤਰਫ਼ ਭੂਲ ਕਰ ਭੀ ਕਦਮ ਨਹੀਂ ਰਖਦਾ। ਜੋ ਜੋ ਲਫ਼ਜ਼ ਆਖੋਂ ਸੇ ਦੇਖਤਾ ਔਰ ਜਿਨ ਖੁਸ਼ ਅਵਾਜ਼ੋਂ ਕੋ ਸੁਨਤਾ ਹੈ; ਯਾ ਜਿਨ ਖੁਸ਼ਬੂਈਓਂ ਕੋ ਸੂੰਘਤਾ ਹੈ, ਉਨਹੀਂ ਕੋ

ਅਪਨੀ ਮੀਠੀ ਜ਼ਬਾਨ ਸੇ ਬੇ ਤਕਲਫ਼, ਬੇ ਮੁਬਾਲਗ਼ਾ, ਸਾਫ਼ ਸਾਫ਼ ਕੈਹ ਦੇਤਾ ਹੈ ॥"

ਗੱਲ ਕੀ ਹਿੰਦੀ ਦੇ ਕਵੀ ਸਚਿਆਈ ਨੂੰ ਹੱਥੋਂ ਨਹੀਂ ਛਡਦੇ ਫ਼ਾਰਸੀ ਉਰਦੂ ਦੇ ਕਵੀ 'ਇਕ ਬਲਵੰਤ ਜੁਵਾਨ ਕੀ ਤ੍ਰਾਰੀਫ਼ ਕਰੇਂਗੇ ਤੋ ਰੁਸਤਮ, ਤਹਮਤਨ, ਅਸਫੰਦਯਾਰ ਰੂਈਂਤਨ, ਸ਼ੇਰੇ ਬੇਸ਼ਾਏ ਦਗ਼ਾ, ਨਿਹੰਗੇ ਕੁਲਜ਼ਮ ਹੇਜਾ, ਵਗ਼ੈਰਾ ਲਿਖ ਕਰ ਸਫੇਹ ਸਿਆਹ ਕਰ ਦੇਂਗੇ, ਲੇਕਨ ਉਸ ਕੀ ਬਲੰਦ ਗਰਦਨ, ਭਰੇ ਹੁਏ ਡੰਕਰ, ਚੌੜਾ ਸੀਨਾ, ਬਾਜ਼ੂਓਂ ਕੀ ਗੁਲਾਵਟ, ਪਤਲੀ ਕਮਰ, ਗ਼ਰਜ਼ ਖੁਸ਼ ਨੁਮਾ ਬਦਨ ਔਰ ਮੌਜ਼ੂੰ ਡੀਲ ਡੌਲ ਭੀ ਏਕ ਅੰਦਾਜ਼ ਰਖਤਾ ਹੈ, ਉਸਕੀ ਆਪਨੀ ਦਲਾਵਰੀ ਔਰ ਜ਼ਾਤੀ ਬਹਾਦਰੀ ਭੀ ਆਖ਼ਰ ਕੁਛ ਨਾ ਕੁਛ ਹੈ ਜਿਸਕੇ ਕਾਰਨਾਮੋਂ ਨੇ ਉਸੇ ਆਪਨੇ ਐਹਦ ਮੇਂ ਮੁਮਤਾਜ਼ ਕਰ ਰਖਾ ਹੈ, ਇਸੀ ਕੋ ਏਕ ਵਜ਼ਾ ਸੇ ਕਿਉਂ ਨਹੀਂ ਅਦਾ ਕਰਤੇ। ਜਿਸੇ ਸੁਨ ਕਰ ਮੁਰਦਾਰ ਖਿਆਲੋਂ ਮੇਂ ਅਕੜ ਤਕੜ ਔਰ ਕੁਮਲਾਏ ਹੂਏ ਦਿਲੋਂ ਮੇਂ ਉਮੰਗ ਪੈਦਾ ਹੋ ਜਾਏ ॥'

ਅਜ਼ਾਦ ਜੀ ਦਾ ਉੱਪਰਲਾ ਲੇਖ ਬਿਲ ਕੁਲ ਸੱਚਾ ਹੈ। ਅਸਲੀਅਤ ਨੂੰ ਉਰਦੂ ਕਵਿਤਾ ਅੱਖੋਂ ਦੂਰ ਰਖਦੀ ਹੈ, ਅਰ ਬਾਹਰਲੀ ਬਨਾਵਟ ਤੋਂ ਮਰਦੀ ਹੈ, ਫੇਰ ਇਕ ਥਾਂ ਉਰਦੂ ਦੀ ਬਾਬਤ ਲਿਖਦੇ ਹਨ :-

"ਬੇਸ਼ਕ ਹਮਾਰੀ ਤਰਜ਼ੇ ਬਿਆਨ ਅਪਨੀ ਚੁਸਤ ਬੰਦਸ਼ ਔਰ ਕਾਫੀਓਂ ਕੇ ਮੁਸਲਸਲ ਖਟਕੋਂ ਕਾਨੋਂ ਕੋ ਅੱਛੀ ਤਰਹ ਖ਼ਬਰ ਕਰਤੀ ਹੈ। ਅਪਨੇ ਰੰਗੀਨ ਅਲਫ਼ਾਜ਼ ਔਰ ਨਾਜ਼ਕ ਮਜ਼ਮੂਨੋਂ ਸੇ ਖਿਆਲ ਮੇਂ ਸ਼ੋਖ਼ੀ ਕਾ ਲੁਤਫ਼ ਪੈਦਾ ਕਰਤੀ ਹੈ। ਸਾਥ ਉਸਕੇ ਮੁਬਾਲਗਾਏ ਕਲਾਮ ਔਰ ਇਬਾਰਤ ਕੀ ਧੂਮ ਧਾਮ ਸੇ ਜ਼ਮੀਨ ਆਸਮਾਨ ਕੋ ਤੈਹ ਵੋ ਬਾਲਾ ਕਰ ਦੇਤੀ ਹੈ ਮਗਰ ਅਸਲ ਮਕਸੂਦ ਯਾਨੇ ਦਿਲ

ਅਸਰ ਯਾ ਇਜ਼ਹਾਰ ਵਾਕਫ਼ੀਅਤ ਢੂੰਡੇ ਤੋਂ ਜ਼ਰਾ ਨਹੀਂ ॥',

ਏਸੇ ਗਲ ਦੀ ਪੁਸ਼ਟੀ ਮੌਲਾਨਾ "ਹਾਲੀ" ਕਰਦੇ ਹਨ, ਉਹ ਆਪਨੇ ਦੀਵਾਨ ਦੇ ਦੀਬਾਚੇ ਵਿਚ ਲਿਖਦੇ ਹਨ:+"ਯੇਹ ਸੱਚ ਹੈ ਕਿ ਹਮਾਰੀ ਸ਼ਾਇਰੀ ਮੇਂ ਖੁਲਾਫ਼ਾਏ ਅਬਾਸੀਆਂ ਕੇ ਜ਼ਮਾਨੇ ਸੇ ਲੇਕਰ ਆਜ ਤਕ ਝੂਠ ਔਰ ਮੁਬਾਲਗ਼ਾ ਬ੍ਰਾਬਰ ਤ੍ਰਕੀ ਕਰਤਾ ਚਲਾ ਆਇਆ ਹੈ ਔਰ ਸ਼ਾਇਰ ਕੇ ਲੀਏ ਝੂਠ ਬੋਲਨਾ ਸਿਰਫ ਜਾਇਜ਼ ਹੀ ਨਹੀ ਰਖਾ ਗਿਆ ਬਲਕਿ ਉਸਕੀ ਸ਼ਾਇਰੀ ਕਾ ਜ਼ੇਵਰ ਸਮਝਾ ਗਿਆ ਹੈ ॥"

ਏਹ ਤੇ ਜੇ ਉਰਦੂ ਸ਼ਾਇਰੀ ਦਾ ਫੋਟੋ, ਇਕ ਵੱਡੇ ਪ੍ਰਸਿਧ ਉਰਦੂ ਦੇ ਕਵੀ ਤੇ ਲਿਖਾਰੀ ਦੀ ਲੇਖਣੀ ਤੋਂ ਸਚਾਈ ਤੇ ਮੂਲੋਂ ਈ ਉਰਦੂ ਦੀ ਕਵਿਤਾ ਵਿਚੋਂ ਜਾ ਚੁਕੀ।

ਹਾਲੀ ਜੀ ਫੇਰ ਲਿਖਦੇ ਹੈਨ:-"ਦੂਸਰੀ ਨਿਹਾਇਤ ਜ਼ਰੂਰੀ ਬਾਤ ਯੇਹ ਹੈ ਕਿ ਸ਼ੇਅਰ ਮੇਂ ਜਹਾਂ ਤਕ ਮੁਮਕਨ ਹੋ ਹਕੀਕਤ ਔਰ ਰਾਸਤੀ ਕਾ ਸਰ ਰਿਸ਼ਤਾ ਹਾਥ ਸੇ ਦੇਨਾ ਨਹੀਂ ਚਾਹੀਏ" ॥

ਉਰਦੂ ਕਵਿਤਾ ਵਿਚ ਸਭ ਤੋਂ ਪ੍ਰਧਾਨ ਗਜ਼ਲ ਹੈ। ਸਾਰੇ ਦੀਵਾਨ ਗਜ਼ਲਾਂ ਦੇ ਹੀ ਭਰੇ ਪਏ ਹੈਨ ਅਰ ਏਹ ਗਜ਼ਲ ਕੀ ਹੈ ? ਇਕ ਇਸ਼ਕੀਆ ਮਜ਼ਮੂਨਾਂ ਦੀ ਪੁੜੀ, ਜਿਸ ਵਿਚ ਮਜ਼ਮੂਨ ਦੀ ਇਕ ਰਸਤਾ ਨਹੀਂ। ਇਕ ਬੈਂਤ ਕਬਰ ਤੇ ਫੁੱਲ ਚੜ੍ਹਾਂਦਾ ਹੈ ਤੇ ਦੂਜਾ ਜ਼ੁਲਫਾਂ ਦੇ ਸੱਪ ਲੜਾਂਦਾ ਹੈ। ਕਦੀ ਮੇਲ ਕਦੀ "ਬਿਰਹਾ" ਕਦੀ "ਰਕੀਬ" ਦਾ ਆਨਾ, ਕਦੀ ਯਾਰ ਦਾ ਸੈਨਤ ਨਾਲ ਬੁਲਾਨਾ।

ਗੱਲ ਕੀ ਇਕ ਗਜ਼ਲ ਵਿਚ ਸੌ ਮਜ਼ਮੂਨ, ਖਿਚੜੀ ਬਨਾਈ ਹੈ ਪਰ ਸਵਾਦਲੀ, ਚਾਹੇ ਕਵਿਤਾ ਦੀ ਰੀਤੀ ਦਾ ਲਹੂ ਵੀਟਿਆ, ਪਰ ਨਵਾਂ ਨਖਰਾ ਕਰ ਵਖਾਇਆ ਅਰ ਗਜ਼ਲ ਦੇ ਅਸਲੀ ਅਰਥ ਵੀ ਹੈਨ, ਤ੍ਰੀਮਤਾਂ ਦੀਆਂ ਗਲਾਂ। ਇਸ ਵਿਚ ਸ਼ਕ ਨਹੀਂ ਕਿ ਕਿਧਰੇ

ਹ ਕਿਸੇ ਇਕ ਸ਼ੇਅਰ ਵਿਚ ਇਕ ਮਜ਼ਮੂਨ ਨੂੰ ਅਪਨੀ ਸੋਚ ਦੀ ਉਡਾਰੀ ਨਾਲ ਏਡਾ ਉਚਾ ਲੈ ਗਏ ਹਨ ਕਿ ਅਸਮਾਨ ਦੀਆਂ ਟਾਕੀਆਂ ਲਾਹੀਆਂ। ਘਾਟਾ ਹੈ ਤੇ ਏਹ ਕਿ "ਹਾਰਮਨੀ" ਮਲਾਉਨੀ ਨਹੀਂ। ਫੇਰ ਗਜ਼ਲ ਦੇ ਮਜ਼ਮੂਨ ਵੱਲ ਤੱਕੋ ਤਾਂ ਪਿਆਰ ਇਸ ਨਾਲ ਬਾਲਕਾਂ ਜਾਂ ਅਲੂਏਂ ਗਭਰੂਆਂ ਨਾਲ। ਏਹ ਅਖਲਾਕੀ ਹਨੇਰ ਉਰਦੂ ਕਵਿਤਾ ਵਿਚ ਫ਼ਾਰਸੀ ਤੋਂ ਆਇਆ।

ਹਾਲੀ ਜੀ ਬੜੇ ਜ਼ੋਰ ਨਾਲ ਢੰਡੋਰਾ ਦਿੰਦੇ ਹੈਨ ਕਿ ਇਸ ਭੈੜੀ ਰੀਤੀ ਨੂੰ ਛੱਡੋ। ਪ੍ਰੇਮ ਸੰਸਾਰ ਵਿਚ ਮਰਦ ਅਰ ਇਸਤ੍ਰੀ ਦਾ ਹੁੰਦਾ ਹੈ। ਗ਼ਜ਼ਲ ਵਿੱਚ ਜੇ ਇਸ਼ਕ ਹੀ ਕਰਨਾ ਹੈ ਤਾਂ ਰਚਨਾ ਦੇ ਵਿਰੁਧ ਕਿਉਂ ਜਾਵੇ। ਪਰ ਹਾਲੀ ਜੀ ਏਹ ਵੀ ਆਖਦੇ ਹੈਨ ਕਿ ਕਵੀਆਂ ਨੂੰ ਇਸਤਰੀਆਂ ਦੇ ਸਾਰੇ ਲਖਨ ਰੂਪ ਪੌਸ਼ਾਕ ਹਾਰ ਸ਼ਿੰਗਾਰ ਜੀਆਂ ਦੇ ਵਲਵਲੇ ਆਦਿ ਨੂੰ ਖੁਲ੍ਹੇ ਲਫ਼ਜ਼ਾਂ ਵਿਚ ਨਹੀਂ ਦਸਨਾ ਚਾਹੀਏ ਕਿਉਂ ਜੋ ਇਸ ਤਰ੍ਹਾਂ ਅਪਨੀ ਇਸਤ੍ਰੀਆਂ ਦਾ ਪਰਦਾ ਦੂਸਰਿਆਂ ਅਗੇ ਖੋਲ੍ਹਨਾ ਹੈ ਅਰ ਏਹ ਉਸ ਕੌਮ ਲਈ ਜੋ ਪਰਦਾ ਰਖਦੀ ਹੈ ਠੀਕ ਨਹੀਂ, ਉਨ੍ਹਾਂ ਦੀ ਰਾਇ ਵਿਚ ਅਜੇਹੇ ਪਦ ਵਰਤਨੇ ਚਾਹਏ ਜਿਸ ਤੋਂ ਏਹ ਪਤਾ ਨ ਲਗੇ ਕਿ ਪਿਆਰਾ ਮਾਸ਼ੂਕ ਮਰਦ ਹੈ ਜਾਂ ਤ੍ਰੀਮਤ। ਏਹ ਗੱਲਾਂ ਹਾਲੀ ਜੀ ਜੇਹੇ ਜੇਹੇ ਕਵੀ ਦੀ ਲੇਖਨੀ ਤੋਂ ਨਿਕਲਿਆਂ ਵੇਖਕੇ ਹੈਰਾਨੀ ਹੁੰਦੀ ਹੈ ਕਿ ਹਾਲੀ ਜੀ ਨੇ ਅਪਨੇ ਪੈਹਲੇ ਲੇਖਾਂ ਦੀ ਵਿਰੋਧਤਾ ਆਪ ਹੀ ਕਰ ਦਿਤੀ। ਸਚਾਈ ਨੂੰ ਛਡਕੇ ਝੂਠ ਲਿਖਾਇਆ। ਹਾਲੀ ਜੀ ਨੇ ਇਕ- Moralist; ਅਖਲਾਕੀ ਸੁਧਾਰਕ ਦਾ (ਪਾਰਟ) ਸਵਾਂਗ ਭਰਦੇ ਹੋਇਆਂ ਕਵਿਤਾ ਦੀ ਅਸਲੀਤ ਨੂੰ ਗਵਾ ਦਿਤਾ। ਭਲਾ ਜੀ ਕੋਈ ਦਸੇ ਜਦ ਕਿਸੇ ਨੂੰ ਅਪਨੇ ਪਿਆਰੇ ਦਾ ਪਤਾ ਈ ਨਹੀਂ ਕੀ ਵਸਤ ਹੈ, ਤਾਂ ਉਸਦਾ ਪਿਆਰ ਕੀ ਅਰ ਉਸ ਪਿਆਰ ਦੇ ਵਲਵਲੇ ਕੀ। ਜਦ ਮਨ ਵਿਚ ਖਿੱਚ ਨਹੀਂ, ਬਿਰਹਾ ਨਹੀਂ, ਪ੍ਰੇਮ ਨਹੀਂ, ਕਿਉਂ ?

ਜੇ ਪਿਆਰਾ ਫਰਜ਼ੀ ਹੈ, ਤਾਂ ਕਵਿਤਾ ਕੀ ? ਜਦ ਹਾਲੀ ਜੇਹੇ ਕਵੀ ਨੇ ਏਹ ਟਪਲਾ ਖਾਦਾ ਤਾਂ ਉਰਦੂ ਦੇ ਹੋਰਨਾਂ ਕਵੀਆਂ ਦਾ ਰੱਬ ਹੀ ਰਾਖਾ, ਜਿਨਾਂ ਨੇ ਹਾਲੀ ਜੀ ਦੇ ਲਿਖਨ ਮੂਜਬ ਝੂਠ ਨੂੰ ਕਵਿਤਾ ਦਾ ਗੈਹਣਾ ਮਿਥਿਆ ਹੋਇਆ ਹੈ ।

ਹਾਲੀ ਜੀ ਨੇ ਇਕ ਦੋ ਹੋਰ ਥਾਂ ਵੀ ਟਪਲੇ ਖਾਦੇ ਹਨ । ਜੀਕਰ ਇਕ ਥਾਂ ਲਿਖਦੇ ਹੈਨ:-"ਕਿਉਂਕਿ ਮਾਦਰੀ ਜ਼ਬਾਨ ਸੇ ਬੇਹਤਰ ਔਰ ਸੈਹਲਤਰ ਕੋਈ ਆਲਾ ਇਜ਼ਹਾਰੇ ਖਿਆਲਾਤ ਕਾ ਨਹੀਂ ਹੋ ਸਕਤਾ" ਏਹ ਗੱਲ ਬਿਲਕੁਲ ਸਚੀ ਹੈ ਹਾਲੀ ਜੀ ਲਾਟਡ ਮਕਾਲੇ ਦੇ ਲੇਖ ਦ੍ਵਾਰਾ ਅਪਨੇ ਖਿਆਲ ਦੀ ਪੁਸ਼ਟੀ ਕਰਦੇ ਨੇ ਪਰ ਅਗੇ ਚਲਕੇ ਲਿਖਦੇ ਹੈਨ: ਇਸ ਕੇ (ਉਰਦੂ) ਸਿਵਾ ਹਿੰਦੁਸਤਾਨ ਕੀ "ਤਮਾਮ ਜ਼ਿੰਦਾ ਜ਼ਬਾਨੋਂ ਮੇਂ ਬਿਲ ਫ਼ੇਲ ਕੋਈ ਜ਼ਬਾਨ ਐਸੀ ਨਹੀਂ ਮਾਲੂਮ ਹੋਤੀ ਜਿਸਮੇਂ ਉਰਦੂ ਕੇ ਬਰਾਬਰ ਸ਼ੇਅਰ ਕਾ ਜ਼ਖੀਰਾ ਮੌਜੂਦ ਹੋ, ਇਸ ਲੀਏ ਯੇਹ ਜ਼ਿਆਦਾ ਮੁਨਾਸਬ ਮਾਲੂਮ ਹੋਤਾ ਹੈ ਕਿ ਹਮਾਰੇ ਹਮ ਵਤਨੋਂ ਮੇਂ ਜੋ ਸ਼ਖਸ ਸ਼ੇਅਰ ਕੈਹਨਾ ਅਖਤਿਆਰ ਕਰੇ ਵੁਹ ਉਰਦੂ ਹੀ ਕੋ ਅਪਣੇ ਖਿਆਲਾਤ ਜ਼ਾਹਰ ਕਰਨੇ ਕਾ ਆਲਾ ਕਰਾਰ ਦੇ" ।

ਹਾਲੀ ਜੀ ਅਪਨੇ ਲੇਖਾਂ ਨੂੰ ਆਪੇ ਹੀ ਝੁਠਾਂਦੇ ਜਾਂਦੇ ਹਨ । ਨਿਆਏ ਦੇ ਅਸੂਲਾਂ ਦਾ ਖੂਨ ਕਰ ਦਿਤਾ । ਉਰਦੂ ਨੂੰ ਸਾਰੇ ਮੁਲਕ ਦੀ ਜ਼ਬਾਨ ਬਨਾਣ ਦੇ ਜੋਸ਼ ਵਿਚ ਮਸਤ ਹਾਲੀ ਜੀ ਨੇ ਸਭ ਅਪਨੇ ਪੈਹਲੇ ਲੇਖਾਂ ਤੇ ਚੌਂਕਾ ਫੇਰ ਦਿਤਾ । ਉਰਦੂ ਵਿਚ ਕਵਿਤਾ ਦਾ ਸਭ ਤੋਂ ਢੇਰ ਭੰਡਾਰ । ਹਾਂ ਜੀ ਕਾਹਦਾ ਭੰਡਾਰ, ਗਜ਼ਲਾਂ ਦੇ ਦੀਵਾਨਾਂ ਦਾ, ਝੂਠ ਦੀਆਂ ਦੁਕਾਨਾਂ ਦਾ, ਉਹ ਕਵਿਤਾ ਜਿਸ ਨੂੰ ਹਾਲੀ ਜੀ ਆਪ ਨਿੰਦ ਚੁਕੇ । ਏਸ ਭੰਡਾਰ ਤੇ ਏਡਾ ਮਾਨ ਕਿ ਉਰਦੂ ਦਾ ਰਾਜ ਫ਼ੈਲੇ ਜਹਾਨ । ਹੇ ਰੱਬ ਜੀ ! ਪੱਖਪਾਤ ਦੀ ਵੀ ਹੱਦ ਲੋੜੀਏ। ਇਸ ਮਲੜੂ

ਦੇ ਢੇਰ ਤੇ ਮਾਨ ਕਰਕੇ ਆਪ ਜ਼ੀ ਕੀ ਸਲਾਹ ਦੇਂਦੇ ਹਨ ਕਿ ਅੱਗੇਂ ਲਾ ਜੋ ਕਵਿਤਾ ਲਿਖੋ ਉਹ ਉਰਦੂ ਵਿਚ ਹੀ ਲਿਖੋ, ਕੇਹਾ ਸੋਹਣਾ ਮੰਤਕ! ਏਹ ਹਾਲੀ ਜੀ ਨੂੰ ਹੀ ਮੁਬਾਰਕ ਰਹੇ।

ਉਪਰਲੇ ਲੇਖ ਤੋਂ ਪਾਠਕ ਏਹ ਨਤੀਜਾ ਨਾਂ ਕੱਢਨ ਕਿ ਲੇਖਕ ਦਾ ਮਤਲਬ ਹਾਲੀ ਜੀ ਦੀ ਨਿੰਦਾ ਦਾ ਹੈ। ਲੇਖਕ ਦੇ ਚਿਤ ਵਿਚ "ਆਜ਼ਾਦ" ਔਰ "ਹਾਲੀ" ਦੀ ਬੜੀ ਇਜ਼ਤ ਹੈ। ਏਹਨਾਂ ਮਹਾਂ ਪੁਰਸ਼ਾਂ ਨੇ ਹੀ ਉਰਦੂ ਦੀ ਕਵਿਤਾ ਨੂੰ ਸਿਧੇ ਰਾਹ ਪਾਨ ਦਾ ਯਤਨ ਕੀਤਾ ਅਰ ਹੁਨ ਅਸੀਂ ਵੇਖਦੇ ਹਾਂ ਕਿ ਪੁਰਾਨੇ ਜ਼ਮਾਨੇ ਦੀ (ਉਰਦੂ) ਕਵਿਤਾ ਗੁੰਮ ਹੁੰਦੀ ਜਾਂਦੀ ਹੈ। ਰਚਨਾ ਤੇ ਸਚਾਈ ਦਾ ਜ਼ੋਰ ਦਿਨੋਂ ਦਿਨ ਵੱਧਦਾ ਜਾਂਦਾ ਹੈ।

## ਪੰਜਾਬੀ ਕਵਿਤਾ ਉਤੇ ਦੂਜੀਆਂ ਬੋਲੀਆਂ ਦਾ ਅਸਰ

ਪੰਜਾਬੀ ਦਾ ਪਿੰਡਾ ਤੇ ਸੰਸਕ੍ਰਿਤੀ ਹੀ ਹੈ ਪਰ ਉਸਤੇ ਵੇਸ ਬਦਲਦੇ ਰਹੇ। ਆਰਯ ਲੋਕਾਂ ਦੇ ਆਉਨ ਤੋਂ ਪੇਹਲੇ ਇਸ ਦੇਸ ਦੀ ਬੋਲੀ ਕੀ ਸੀ, ਠੀਕ ਪਤਾ ਨਹੀਂ। ਜੇਹੜੀ ਬੋਲੀ ਨੂੰ ਪੁਰਾਤਨ ਪਸ਼ਾਚੀ ਆਖਦੇ ਨੇਂ ਖਵਰੇ ਏਹੋ ਪੁਰਾਨੀ ਬੋਲੀ ਦੀ ਅੰਸ ਹੋਵੇ। ਇਸ ਦੇ ਕੁਝ ਪਦ ਜੇ ਕਿਧਰੇ ਮਿਲਸਨ ਤਾਂ ਸਰਹੱਦੀ ਪਹਾੜਾਂ ਵਿਚ ਮਿਲਸਨ। ਸੰਸਕ੍ਰਿਤ ਬੋਲੀ ਦੀ ਕਵਿਤਾ ਤੇ ਵੇਦਾਂ ਵਿਚ ਹੋਈ, ਉਸ ਤੋਂ ਪਿਛੇ ਜਦ ਸੰਸਕ੍ਰਿਤ ਵਿਗੜੀ ਤਾਂ ਪ੍ਰਾਕ੍ਰਿਤ ਬਨੀ ਅਰ ਪ੍ਰਾਕ੍ਰਿਤ ਤੋਂ ਅਭ੍ਰਾਸ ਅਰ ਉਸ ਤੋਂ ਪੰਜਾਬੀ। ਪੰਜਾਬੀ ਦੇਸ ਤੇ ਨਿਤ ਆਏ ਦਿਨ ਨਵੇਂ ਹੱਲੇ ਹੁੰਦੇ ਸਨ। ਕਦੀ ਈਰਾਨੀ, ਕਦੀ ਯੂਨਾਨੀ, ਕਦੀ ਮੁਗਲ, ਕਦੀ ਪਠਾਨ, ਫਿਰ ਅੰਗਰੇਜ਼। ਹਰ ਇਕ ਦੀ ਬੋਲੀ ਦਾ ਅਸਰ ਪੰਜਾਬੀ ਤੇ ਹੋਇਆ। ਪਰ ਸਾਨੂੰ ਪੁਰਾਨੀ ਕਵਿਤਾ ਮਿਲਦੀ ਨਹੀਂ। ਜੋ ਮਿਲੀ

ਹੈ ਸੋ ਫਰੀਦ ਤੋਂ। ਜਦ ਇਸਲਾਮ ਦਾ ਰਾਜ ਆਇਆ ਤਾਂ ਉਸਦੇ ਨਾਲ ਹੀ ਫ਼ਾਰਸੀ ਦਾ ਅਸਰ ਕਵਿਤਾ ਤੇ ਪੈਣਾ ਸ਼ੁਰੂ ਹੋ ਗਿਆ ਨਾਲ ਹੀ ਅਰਬੀ ਦੇ ਪਦ ਫਾਰਸੀ ਦੀ ਰਾਹੀਂ ਆਏ ਅਰ ਅਜੇਹੇ ਪਦ:-ਰੱਬ, ਸੁਲਤਾਨ, ਖਬਰ, ਬਾਬਾ, ਨਜ਼ਰ, ਹੁਕਮ, ਫਕੀਰ ਲਗਾਮ, ਤੈਮੂਰ, ਫਜਰ, ਗਰੀਬ, ਅਮੀਰ ਆਦਿ।

ਸ਼ੇਖ ਫਰੀਦ ਦੇ ਸ਼ਲੋਕ ਵੇਖੋ:-

(ੳ) ਫਰੀਦਾ ਖਾਕ ਨਾਂ ਨਿੰਦੀਏ ਖਾਕੂ ਜੇਡ ਨਾਂ ਕੋਇ।

(ਅ) ਵਸੀ ਰਬੁ ਹਿਆਲੀਐ ਜੰਗਲ ਕਿਆ ਢੂਢੇਹਿ।

(ੲ) ਗੋਹਲਾ ਰੂਹ ਨਾ ਜਾਣਈ ਸਿਰ ਭੀ ਮਿਟੀ ਖਾਈ ॥

ਬਾਬਾ ਨਾਨਕ ਜੀ ਦੇ ਬਚਨਾਂ ਵਿਚ ਵੀ ਅਰਬੀ ਫ਼ਰਸੀ ਰਲੀ ਮਿਲੀ ਹੈ:-

"ਤੂੰ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ"।

"ਹੁਕਮੀ ਹੋਵਨ ਅਕਾਰ" ॥

"ਗਾਵੈ ਕੋ ਵੇਖੈ ਹਾਦਰਾ ਹਦੂਰ"

ਹਦੂਰ = ਹਜ਼ੂਰ।

ਭਾਈ ਗੁਰਦਾਸ:-ਜਿਉਂ ਧਰਤੀ ਧੀਰਜ ਧਰਮ ਮਸਕੀਨੀ ਗੂੜੀ

ਬਾਹੂ:-"ਇਹ ਦਿਲ ਅਜਬ ਕਿਤਾਬ ਹਰਫ ਨ ਦੂਜਾ ਲਿਖੀਏ"

ਹੁਸੈਨ:-

"ਕਹੇ ਹੁਸੈਨ ਫਕੀਰ ਸਾਈਂ ਦਾ ਕੌਣ ਮੋੜੇ ਰੱਬ ਦੇ ਭਾਣੇ ਨੂੰ" ਪੁਰਾਣੇ ਕਵੀਆਂ ਨੇ ਅਰਬੀ ਫਾਰਸੀ ਦੇ ਪਦ ਤੇ ਵਰਤੇ ਪਰ ਪੰਜਾਬੀ ਦੀ ਅਸਲੀਅਤ ਨਹੀਂ ਗਵਾਈ॥

ਪਰ ਹਾਫਜ਼ ਬਰਖੁਰਦਾਰ ਨੇ ਜਦ ਕਿੱਸੇ ਲਿਖਣੇ ਸ਼ੁਰੂ ਕੀਤੇ ਤਾਂ ਫਾਰਸੀ ਕਵਿਤਾ ਦੀਆਂ ਧਾਰਨਾਂ ਤੇ 'ਤੋਲ' ਦਾ ਵਰਤਾਰਾ

ਚਲਾਇਆ ॥

ਜ਼ੁਲੈਖਾਂ ਵਿਚ:-

"ਪਲਕਾਂ ਤੀਰ, ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ ।
ਨਾਜ਼ਕ ਬਦਨ ਸੁਰਾਹੀ ਗਰਦਨ, ਉਂਗਲੀਆਂ ਜੂੰ ਫਲੀਆਂ" ।

• ਸੁਰਾਹੀ ਦਾਰ ਗਰਦਨ, ਤੀਰ ਮਿਯਗਾਂ ਫਾਰਸੀ ਦੀਆਂ ਤਸ਼ਬੀਹਾਂ ਵਰਤੀਆਂ ॥

ਇਸਤੋਂ ਪਿਛੋ ਹੋਰ ਕਵੀ ਵੀ ਅਪਣੇ ਕਿਸਿਆਂ ਵਿਚ ਫਾਰਸੀ ਤਸ਼ਬੀਹਾਂ ਤੇ ਮੁਹਾਵਰੇ ਵਰਤਦੇ ਰਹੇ ਪਰ ਮੀਆਂ ਫਜ਼ਲ ਸ਼ਾਹ ਅਰ ਮੌਲਵੀ ਗੁਲਾਮ ਰਸੂਲ ਨੇ ਤੇ ਪੰਜਾਬੀ ਕਵਿਤਾ ਨੂੰ ਫਾਰਸੀ ਦੀ ਅਜੇਹੀ ਰੰਗਨ ਚਾੜੀ ਕਿ ਅੱਜ ਤਕ ਮੁਸਲਮਾਨ ਕਵੀ ਉਸ ਦੇ ਅਸਰ ਤੋਂ ਛੁਟ ਨਹੀਂ ਸਕੇ ।

ਗੁਲਾਮ ਰਸੂਲ:--

ਤੇ ਉਹ ਰੁਖ ਪੁਰ ਨੂਰੋਂ ਸੂਰਜ ਗਿਰਦ ਜੜੇ ਸਿਆਰੇ ।
ਤਾਰ ਦੋ ਜ਼ੁਲਫ਼ ਕਨਾਰ ਪਲਮਦੇ ਪੁਰ ਪੁਰ ਗੌਹਰ ਸਾਰੇ ॥
ਸ਼ਬ ਦੇ ਜ਼ੋਂ ਖੁਸ਼ਖੈਰ ਜ਼ਿਯਾਦਾ, ਸ਼ੀਰੀਂ ਤਰ ਗੁਲ ਕੋਲੋਂ ॥

ਨੋਟ-"ਸ਼ੀਰੀਤਰ" ਵੀ ਪੰਜਾਬੀ ਵਿੱਚ ਲਿਆ ਵਾੜਿਆ ।

ਹਵੇਲੀ ਹੋ ਕਨਾਰੇ ਉਸਕੇ ਮਾਮੂਰ ।
ਸਸੀ ਉਸ ਬਾਗ ਮੇਂ ਹੋ ਗ਼ੈਰਤੇ ਹੂਰ ।

ਨੋਟ-ਪੰਜਾਬੀ ਵਿਚ ਫਾਰਸੀ ਦੀ ਇਜ਼ਾਫ਼ਤ ਲੈ ਆਏ ॥

ਫਜ਼ਲ ਸ਼ਾਹ:-

ਅੱਖੀਂ ਖ਼੍ਵਾਬ ਗਵਾਇਆ ਆਸ਼ਕਾਂ ਦਾ, ਨੀਮ ਖ਼੍ਵਾਬ ਦੋਵੇਂ
ਨਰਗਸ ਵਾਰ ਪਿਆਰੇ । ਭਵਾਂ ਕੌਸ਼ ਕਮਾਨ ਕਿਆਨ ਆਹੇ,
ਮਿਯਗਾਂ ਤੀਰ ਸੀਨੇ ਚੀਰ ਮਾਰ ਪਿਆਰੇ । ਬਾਜ਼ੇ ਕੌਸ

ਕਜ਼ਾਹ ਅਬਰੂ ਦੇਨ ਨਿਸਬਤ, ਬਾਜ਼ੇ ਆਖਦੇ ਅਬਰ ਗੁਬਾਰ ਪਿਆਰੇ ॥

ਕਮਾਨੇ ਕਿਆਨ, ਨਰਗਸਵਾਰ ਅੱਖਾਂ, ਫ਼ਾਰਸੀ ਤਸ਼ਬੀਹਾਂ ਦੀ ਭਰ ਮਾਰਕਰ ਦਿਤੀ। ਏਹਨਾਂ ਉਸਤਾਦਾਂ ਦੀ ਰਸਮ ਚਲਾਈ ਅਜ ਤਕ ਟੁਰੀ ਚਲਦੀ ਹੈ। ਅੱਜ ਕੱਲ ਦੀ ਕਵਿਤਾ ਵੀ ਬੱਸ ਫ਼ਜ਼ਲ-ਸ਼ਾਹ ਦੇ ਨਮੂਨੇ ਨੂੰ ਫੜੀ ਜਾਂਦੀ ਹੈ। ਓਹੀ ਫਾਰਸੀ ਤਸ਼ਬੀਹਾਂ ਜਿਨ੍ਹਾਂ ਤੋਂ "ਆਜ਼ਾਦ" ਤੇ "ਹਾਲੀ" ਤੰਗ ਆਕੇ ਬਸਦਾ ਹੁਕਮ ਚੜ੍ਹਾਂਦੇ ਹਨ, ਅੱਜ ਪੰਜਾਬੀ ਕਵਿਤਾ ਵਿਚ ਘਰ ਬਨਾਈ ਬੈਠੀਆਂ ਹਨ। ਪਰ ਜੇ ਸੱਚ ਪੁਛੋ ਤਾਂ ਚਾਹੇ ਸੌ ਘਰ ਦੀਆਂ ਬਨ ਬੈਠਨ ਅੰਤ ਹਨ ਓਪਰੀਆਂ ਅਰ ਪੰਜਾਬੀ ਕੰਨ ਨੂੰ ਭਾਂਵਦੀਆਂ ਘਟ ਹਨ ॥

**ਉਰਦੂ ਦਾ ਅਸਰ**

ਉਰਦੂ ਦਾ ਅਸਰ ਓਹੀ ਹੈ ਜੋ ਫਾਰਸੀ ਦਾ, ਪਰ ਫਾਰਸੀ ਦਾ ਅਸਰ ਪੁਰਾਨਾ ਹੈ ਉਰਦੂ ਦਾ ਸਿੱਧਾ ਅਸਰ ਪੰਜਾਬੀ ਕਵਿਤਾ ਤੇ ਤਾਂ ਮੌਲਾਨਾ ਆਜ਼ਾਦ ਦੇ ਵੇਲ ਤੋਂ ਸ਼ੁਰੂ ਹੋਇਆ ਜਦ ਏਹ ਲਾਹੌਰ ਕਾਲਜ ਦੇ ਪ੍ਰੋਫੈਸਰ ਸਨ ਅਰ ਏਹਨਾਂ ਦੇ ਗੁਣਾਂ ਤੇ ਲਿਆਕਤ ਦੀ ਧੁੰਮ ਮਚੀ ਹੋਈ ਸੀ ਉਸ ਵੇਲੇ ਲਾਹੌਰ ਵਿਚ ਵੀ ਚੰਗੇ ਚੰਗੇ ਕਵੀ ਸਨ-ਫਜ਼ਲਸ਼ਾਹ, ਅਰੂੜਾ ਰਾਇ, ਰਫੀਕ, ਹਦਾਇਤੁੱਲਾਹ ਆਦਿ ਏਹਨਾਂ ਨੇ ਪੰਜਾਬੀ ਦੇ ਮੁਸ਼ਾਇਰੇ ਵੀ ਸ਼ੁਰੂ ਕਰਾ ਦਿੱਤੇ, ਅਰ ਪੰਜਾਬੀ ਵਿਚ ਗਜ਼ਲ ਆਖਨ ਦੀ ਚੇਟਕ ਕਵੀਆਂ ਨੂੰ ਲਾਈ। ਪਰ ਏਹ ਬੂਟਾ ਦਿਲੀ ਤੇ ਲਖਨਊ ਦੀ ਨਰਮ ਤੇ ਨਾਜ਼ਕ ਜ਼ਿਮੀ ਦਾ ਵਸਨੀਕ, ਪੰਜਾਬ ਦੀ ਕੌੜੀ ਤੇ ਪਥਲੀ ਭੂੰਈ ਵਿਚ ਫਲਿਆ ਫੁਲਿਆ ਨਾਂ। ਨੌ ਜਵਾਨ ਗਬਰੂ ਕਵੀਆਂ ਨੇ ਜੋਸ਼ ਵਿਚ ਆ ਗਜ਼ਲਾਂ ਕੇਹੀਆਂ। ਪਰ ਕੀ ? ਉਰਦੂ ਈ ਉਰਦੂ ਭਰਿਆ ਸੀ, ਕਿਧਰੇ ਪੰਜਾਬੀ ਦਾ ਪਦ ਵਰਤਿਆ, ਅਰ

ਪੰਜਾਬੀ ਗਜ਼ਲ ਅਖਾਇਆ। ਮੈਂ ਤੇ ਏਹਨਾਂ ਗਜ਼ਲਾਂ ਨੂੰ ਪੰਜਾਬੀ ਉਰਦੂ ਦਾ ਪਹਿਲਾ ਨਮੂਨਾ ਕਹਾਂਗਾ। ਜਦੋਂ ਪੰਜਾਬੀ ਕਵੀਆਂ ਨੇ ਅਪਨੀ ਬੋਲੀ ਛਡਕੇ ਓਪਰੀ ਬੋਲੀ ਨੂੰ ਘਰ ਵਾੜਨ ਦਾ ਯਤਨ ਕੀਤਾ ॥

ਉਰਦੂ ਦਾ ਹੋਰ ਅਸਰ ਪਲੈਟਫਾਰਮ ਕਵਿਤਾ ਦੇ ਸੁਧਾਰ ਤੇ ਹੋ ਸਕਦਾ ਹੈ। ਮੁਸੱਦਸ (ਛਿਕੜੀ) ਤੋਂ ਵਧ ਇਕ ਸੱਭਾ ਵਿੱਚ ਜੋਸ਼ ਫੈਲਾਨ ਵਾਲੀ ਹੋਰ ਕੋਈ ਧਾਰਨਾਂ ਈ ਘੱਟ ਨਜ਼ਰ ਆਉਂਦੀ ਹੈ।

**ਅੰਗਰੇਜ਼ੀ ਦਾ ਅਸਰ ਪੰਜਾਬੀ ਤੇ**

ਅੰਗਰੇਜ਼ਾਂ ਦੇ ਰਾਜ ਆਉਨ ਤੋਂ ਪਿਛੋਂ ਅੰਗਰੇਜ਼ੀ ਦੇ ਪਦ ਬੋਲੀ ਵਿੱਚ ਵੜਨੇ ਸ਼ੁਰੂ ਹੋ ਗਏ। ਜੀਕਨ, ਬੋਤਲ, ਅਸਕੂਲ, ਕੋਟ, ਗਲਾਸ, ਟੇਲ; ਆਨ ਕਿੰਨੇ ਈ ਪਦ ਦਾਖਲ ਹੋਏ। ਇਸ ਤੋਂ ਛੁੱਟ ਅੰਗਰੇਜ਼ੀ ਕਵਿਤਾ ਦਾ ਅਸਰ ਏਹ ਹੋਇਆ ਕਿ ਸਿੱਖ ਸਕੂਲ ਦੇ ਕਵੀਆਂ ਵਿਚ ਸਾਦਗੀ, ਰਚਨਾਂ ਦੇ ਢੰਗਾਂ ਦਾ ਨਿਰਨਾ, ਦਿਲੀ ਵਲਵਲੇ, ਅਰ ਮਨ ਦੇ ਭਾਉ ਨੂੰ ਬਿਨਾ ਬਹੁਤ ਲੁਕਾ ਛਪਾ ਕੇ ਦੱਸਨਾ, ਏਹ ਸਭ ਖੂਬੀਆ ਆ ਗਈਆਂ। ਏਥੋਂ ਤੀਕ ਇਸ ਕਵਿਤਾ ਦਾ ਅਸਰ ਹੋਇਆ ਕਿ "(BlanK Verse)" ਸਿਰਖੰਡੀ ਛੰਦ ਨੂੰ ਜਿਸ ਦਾ ਵਰਤਾਰਾ, ਉਰਦੂ ਫਾਰਸੀ ਜਾਂ ਹਿੰਦੀ ਦੀ ਕਿੱਸੇ ਹੋਰ ਬੋਲੀ ਵਿਚ ਅਜੇ ਤੀਕ ਨਹੀਂ ਹੋਇਆ ਪੰਜਾਬੀ ਵਿਚ ਭਾਈ ਵੀਰ ਸਿੰਘ ਜੀ ਨੇ ਬੜੀ ਸੁੰਦਰਤਾ ਤੇ ਕਾਮਯਾਬੀ ਨਾਲ ਰਾਣਾ ਸੂਰਤ ਸਿੰਘ ਵਿਚ ਵਰਤਿਆ ॥

ਵੰਨਗੀਃ—

ਚੜ੍ਹਿਆ ਪੂਰਾ ਚੰਦ ਵਿੱਚ ਅਕਾਸ ਦੇ।<br>
ਦਿਸਦਾ ਪਿਆਰਾ ਰੂਪ ਠੰਡਾ ਤੇਜ ਹੈ।

ਜਿੰਦਾ ਵਾਂਗ ਉਧਾਰ ਜੇਹੜਾ ਪਏ ਨਾ।
ਵੇਨਾ ਮੁੜਕੇ ਫੇਰ ਮਿਲਦਾ ਸਦ ਰਹੇ।

ਅੱਜ ਕੱਲ ਪੰਜਾਬੀ ਬੋਲੀ ਦੇ ਮਾਂਦਨ ਅਰ ਲਿਟ੍ਰੇਚਰ ਵਧਾਨ ਦਾ ਖਿਆਲ ਸਿੱਖਾਂ ਵਿਚ ਢੇਰ ਹੈ। ਮੁਸਲਮਾਨ ਭਰਾ ਵੀ ਇਸ ਗੱਲ ਤੋਂ ਬਸ ਕਰੀ ਬੈਠੇ ਹਨ। ਹਾਂ ਖੇਂਤ ਬਾੜੀ ਉਨ੍ਹਾਂ ਵਿਚ ਜ਼ਰੂਰ ਹੈ ਪਰ ਉਰਦੂ ਫ਼ਾਰਸੀ ਈ ਰੰਙਨ ਵਿੱਚ ਰੱਤੀ। ਸਿੱਖਾਂ ਦੀ ਕਵਿਤਾ ਦਾ ਪਿੰਡਾ ਤੇ ਸੰਸਕ੍ਰਿਤੀ ਅਰ ਫੈਸ਼ਨ ਅੰਗਰੇਜ਼ੀ ਹੁੰਦਾ ਜਾਂਦਾ ਹੈ, ਜਿਸ ਤੋਂ ਆਸ ਲਗਦੀ ਹੈ ਕਿ ਏਹ ਪੰਜਾਬੀ ਕਵਿਤਾ ਨੂੰ ਕਿਸੇ ਸਿਰੇ ਚੜ੍ਹਾਨਗੇ। ਸਿਖ ਸਕੂਲ ਦੀ ਕਵਿਤਾ ਦਾ ਵੇਰਵਾ ਕਿਸੇ ਅਗਲੇ ਭਾਗ ਵਿਚ ਕੀਤਾ ਜਾਏਗਾ॥

## ਕਵਿਤਾ ਦਾ ਅਸਰ ਸੁਸਾਇਟੀ ਤੇ

ਕਵਿਤਾ ਇਕ (Art) ਹੁਨਰ ਤੇ ਹੋਈ, ਪਰ ਇਸ ਦਾ ਲਾਭ ਸੁਸੈਟੀ ਜਾਂ ਲੋਕਾਂ ਨੂੰ ਕੀ ਹੈ? ਕੀ ਏ ਦਿਲ ਪ੍ਰਚਾਵਾ ਈ ਹੈ, ਸਾਂ ਇਸ ਦਾ ਕੁਝ ਅਸਰ ਸੁਸੈਟੀ ਤੇ ਹੁੰਦਾ ਹੈ?

ਜਦ ਮਾਨੁਖ ਸੁਸੈਟੀ ਦਾ ਅੰਸ ਹੈ, ਅਰ ਮਾਨੁਖ ਦੇ ਚਿੱਤ ਤੇ ਕਵਿਤਾ ਦਾ ਅਸਰ ਹੋਨਾ ਦੱਸਿਆ ਹੈ, ਤਦ ਤੇ ਸੁਸੈਟੀ ਤੇ ਵੀ ਇਸ ਦਾ ਅਸਰ ਹੋਇਆ।

ਕਵਿਤਾ ਇਕ ਖਿਆਲ ਨੂੰ ਬੜੇ ਜੋਸ਼ ਅਰ ਚੋਨਵੇਂ ਪਦਾਂ ਵਿੱਚ ਦੱਸਦੀ ਹੈ; ਜੋ ਗੱਲ ਨਸਰ ਵਿਚ ਨਹੀਂ। ਕਵਿਤਾ ਦਾ ਪ੍ਰਤੱਖ ਅਸਰ ਡਿੱਠਾ ਹੋਸੀ, ਕਿ ਖਿੜ ਖਿੜ ਹਸਾ ਦੇਂਦੀ ਹੈ, ਅਥਰੀਂ ਰੁਵਾ ਦੇਂਦੀ ਹੈ ਕਵੀ ਦੇ ਬਚਨਾਂ ਦਾ ਅਸਰ ਇਕ ਦੂਸਰੇ ਲੇਕਚਰਾਰ ਦੇ ਬਚਨਾਂ ਤੋਂ ਕਿਧਰੇ ਵਧੀਕ ਹੁੰਦਾ ਹੈ।

ਲੜਾਈ ਦੇ ਸਮੇਂ ਢਾਡੀ ਵਾਰਾਂ ਗਾਕੇ ਜੋਧਿਆਂ ਨੂੰ ਜੋਸ਼ ਦਵਾਂਦੇ ਸਨ । ਅਜ ਕਲ ਢਾਡੀ ਗਏ ਤੇ ਵਾਜੀ ਆਏ ਹੁਨ ਵਾਜੇ ਦੀ ਸੁਰ ਸਪਾਹੀਆਂ ਨੂੰ ਮਸਤ ਕਰਦੀ ਹੈ ।

ਪਬਲਕ ਦੇ ਖਿਆਲਾਤ ਨੂੰ ਪਲਟਾ ਦੇਨਾ ਕਵੀ ਲਈ ਕੋਈ ਔਖਾ ਕੰਮ ਨਹੀਂ ਪਰ ਕਵੀ ਵੀ ਕਵੀ ਹੋਵੇ, ਤੁਕਬੰਦ ਨਾ ਹੋਵੇ । ਯੂਨਾਨ ਦੀ ਡਿੱਗੀ ਹੋਈ ਹਾਲਤ ਵੇਖ ਇੰਗਲੈਂਡ ਦੇ ਮਸ਼ਹੂਰ ਕਵੀ ਲਾਰਡ ਬਾਇਰਨ ਨੇ "Chide Haiiod" ਇਕ ਕਵਿਤਾ ਲਿਖੀ ਜਿਸ ਨੂੰ ਪੜ੍ਹ ਕੇ ਯੂਨਾਨੀਆਂ ਨੂੰ ਏਡਾ ਜੋਸ਼ ਆਇਆ ਕਿ ਉਹ ਥੋੜੇ ਚਿਰ ਵਿਚ ਈ ਤੁਰਕਾਂ ਦੀ ਹਕੂਮਤ ਹਟਾ, ਸੁਤੰਤ੍ਰ, ਅਜ਼ਾਦ ਹੋ ਗਏ ॥

ਅਰਬ ਦੇਸ ਦੇ ਹਰ ਕਬੀਲੇ ਦਾ ਪੁਰਾਣੇ ਸਮਿਆਂ ਵਿਚ

**ਕਵਿਤਾ ਦਾ ਅਸਰ ਦੇਣ ਦੀ ਤੇ ਪੁਲੀਟੀਕਲ ਹਾਲਤ**

ਇਕ ਕਵੀ ਹੁੰਦਾ ਸੀ, ਅਰ ਉਸ ਦੀ ਕਵਿਤਾ ਦਾ ਅਸਰ ਉਸ ਕਬੀਲੇ ਤੇ ਏਡਾ ਹੁੰਦਾ ਸੀ ਕਿ ਉਸ ਕਬੀਲੇ ਦੀ ਉੱਨਤੀ ਤੇ ਤ੍ਰੱਕੀ ਉਸ ਕਵੀ ਦੀ ਲਿਆਕਤ ਤੇ ਹੁੰਦੀ ਸੀ । ਕਿੰਨੀ ਵਾਰੀ ਕਵੀਆਂ ਨੇ ਅਪਨੇ ਕਬੀਲੇ ਦੀ ਨੀਵੀਂ ਹਾਲਤ ਨੂੰ ਕਵਿਤਾ ਦੇ ਜੋਸ਼ ਨਾਲ ਉੱਚਾ ਕੀਤਾ । ਜਿਸ ਮਨੁਖ ਦੀ ਕਵੀ ਵਡਿਆਈ ਕਰਨ ਉਹੀ ਵਡਾ ਗਿਨਿਆ ਜਾਂਦਾ ਸੀ ਅਰ ਜਿਸ ਦੀ ਬੁਰਿਆਈ ਕੀਤੀ ਉਹੀ ਨੀਵਾਂ ਹੋ ਗਿਆ ।

ਇਕ ਕਹਾਨੀ ਹੈ ਕਿ ਇਕ ਸ਼ਖਸ ਦੀਆਂ ਤਿੰਨ ਧੀਆਂ ਸਨ, ਜੁਵਾਨ, ਵਰਯੋਗ, ਪਰ ਉਹ ਘਰੋਂ ਸੀ ਗਰੀਬ, ਇਸ ਕਰਕੇ ਵਿਚਾਰੀਆਂ ਨੂੰ ਵਰ ਨਹੀਂ ਸੀ ਜੁੜਦਾ । ਉਨ੍ਹਾਂ ਦੀ ਮਾਤਾ ਨੇ ਇਕ ਮੁਖੀ ਕਵੀ ਦੀ ਮਿੰਨਤ ਕੀਤੀ, ਜਿਸ ਨੇ ਤਰਸ ਖਾਕੇ ਉਨ੍ਹਾਂ

ਵਰਯੋਗ ਮੁਟਿਆਰਾਂ ਦੀ ਤਾਰੀਫ ਵਿਚ ਕਵਿਤਾ ਲਿਖੀ। ਕਵੀ ਦੀ ਕਵਿਤਾ ਨਾਲ ਉਨ੍ਹਾਂ ਨੱਢੀਆਂ ਦੀ ਵੀ ਗੁੱਡੀ ਚੜ੍ਹੀ ਸਾਰੇ ਦੇਸ ਵਿਚ ਮਸ਼ਾਹੂਰ ਹੋ ਗਈਆਂ। ਦੂਰੋਂ ੨ ਵੱਡੇ ੨ ਸਰਦਾਰਾਂ ਤੇ ਅਮੀਰਾਂ ਨੇ ਵਿਵਾਹ ਦੇ ਬੇਨਤੀ ਪੱਤ੍ਰ ਘੱਲੇ। ਅੰਤ ਓਹਨਾਂ ਕੁੜੀਆਂ ਦੇ ਵਿਆਹ ਬੜੇ ਬੜੇ ਧਨੀਆਂ ਨਾਲ ਹੋਏ ਜਿਨ੍ਹਾਂ ਲੱਖਾਂ ਦੇ ਹਕ ਮੇਹਰ ਦਿਤੇ। ਕੁੜੀਆਂ ਦੀ ਮਾਤਾ ਵੀ ਜਦ ਨਕਾਹ ਹੁੰਦਾ ਤਾਂ ਇਕ ਊਠ ਕਵੀ ਜੀ ਨੂੰ ਨਜ਼ਰ ਭੇਜ ਦੇਂਦੀ॥

ਫ੍ਰਾਂਸ ਵਿਚ ਲਾ ਪੈਰੀ (La Paris) ਤੇ "ਲਾ ਮਾਰਸਾਇ' (La Marsseiles) ਦੇ ਗੀਤਾਂ ਨੇ—Revolutin ਤਰਥੱਲੀ ਪਾ ਦਿਤੀ ਸੀ ਏਸੇ ਤਰ੍ਹਾਂ ਜਦ ਇੰਗਲਿਸਤਾਨ ਦੇ ਬਾਦਸ਼ਾਹ ਐਡਵਰਡ ਨੇ ਵੇਲਜ਼ ਤੇ ਧਾਵਾ ਕੀਤਾ ਤਾਂ ਓਥੋਂ ਦੇ ਕਵੀ ਨੇ ਇਸ ਛੋਟੀ ਜੇਹੀ ਕੌਮ ਨੂੰ ਐਡਾ ਜੋਸ਼ ਦਵਾਇਆ ਕਿ ਐਡਵਰਡ ਨੂੰ ਫਤਾ ਕਰਨ ਵਿਚ ਵਡੀਆਂ ਤਕਲੀਫਾਂ ਅਗੇ ਆਈਆਂ। ਅਰ ਜਦ ਉਸਨੇ ਵੇਲਜ਼ ਫਤੇ ਕਰ ਲੀਤਾ ਤਾਂ ਸਾਰਿਆਂ ਕਵੀਆਂ ਤੇ ਢਾਡੀਆਂ ਨੂੰ ਤਲਵਾਰ ਦੀ ਭੇਟਾ ਕਰ ਦਿਤਾ॥

ਯੂਨਾਨ ਦੀ ਇਕ ਹੋਰ ਗਲ ਮਸ਼ਾਹੂਰ ਹੈ, ਕਿ ਜਦ ਏਥੰਜ਼ ਵਾਲਿਆਂ ਨੂੰ ਮਗਾਰਾ ਵਾਲਿਆਂ ਤੋਂ ਬੜੀਆਂ ਭਾਂਜਾਂ ਹੋਈਆਂ ਅਰ ਉਨ੍ਹਾਂ ਵਿਚ ਲੜਨ ਦੀ ਹਿੰਮਤ ਨਾ ਰਹੀ। ਅਰ ਸੈਲਆਬ ਦਾ ਟਾਪੂ ਮਗਾਰਾ ਵਾਲਿਆਂ ਨੂੰ ਦੇ ਬੈਠੇ। ਤਾਂ ਇਕ ਯੂਨਾਨੀ ਕਵੀ ਤੇ ਲੈਕਚਰਾਰ 'ਸੋਲਨ' ਨੇ ਅਪਨੀ ਕੌਮ ਨੂੰ ਜੋਸ਼ ਦਵਾਨਾ ਚਾਹਿਆ। ਪਰ ਉਸ ਵੇਲੇ ਏਥੰਜ਼ ਵਾਲਿਆਂ ਦੀ ਅਜੇਹੀ ਨੀਵੀਂ ਹਾਲਤ ਸੀ ਕਿ ਜੇ ਕੋਈ ਉਨ੍ਹਾਂ ਨੂੰ ਲੜਾਈ ਦਾ ਆਖਦਾ ਤਾਂ ਉਸ ਨੂੰ ਵੈਰੀ ਜਾਨਦੇ। ਸੋਲਨ ਨੇ ਕੀ ਕੀਤਾ, ਕਿ ਆਪਨੇ ਆਪਨੂੰ ਝੱਲਾ ਤੇ ਪਾਗਲ ਬਨਾਇਆ, ਪਾਟੇ ਪੁਰਾਨੇ ਕਪੜੇ ਪਾ ਲੀਤੇ ਅਰ ਭੇੜੀਆਂ ੨

ਥਾਵਾਂ ਤੇ ਰੋਹਨ ਲਗਾ। ਏਸ ਹਾਲਤ ਵਿਚ ਉਸ ਨੇ ਆਪਨੀ ਰਚੀ ਹੋਈ ਕਵਿਤਾ ਲੋਕਾਂ ਨੂੰ ਸੁਨਾਨੀ ਸ਼ੁਰੂ ਕੀਤੀ। ਪਾਟੇ ਕਪੜੇ; ਗਲ ਵਿਚ ਰਸੀ, ਸਿਰ ਤੇ ਪੁਰਾਨੀ ਚਾਦਰ, ਇਕ ਸਵਾਂਗ ਬਨਿਆ। ਲੋਕਾਂ ਭਾਂਨੇ ਝਲਾ, ਪਰ ਸਚਾ ਦੇਸ਼ ਭਗਤ ਸੋਲਨ, ਬਜ਼ਾਰਾਂ ਵਿਚ ਫਿਰਦਾ ਅਰ ਗਾਉਂਦਾ। ਇਡੇ ਮਾਨਨੀਯ ਪੁਰਸ਼ ਦਾ ਏਹ ਹਾਲ ਵੇਖ ਲੋਕ ਓਸਦੇ ਗਿਰਦ ਅਕਠੇ ਹੋ ਜਾਂਦੇ। ਏਹ ਅਪਨੀ ਦਿਲ ਚੀਰਵੀਂ ਕਵਿਤਾ ਸੁਣਾਂਦਾ, ਜੋ ਲੋਕਾਂ ਦੇ ਹਿਰਦੇ ਵਿੰਨ੍ਹ ਦੇਂਦੀ ਲੋਕ ਆਖਦੇ! "ਹੈ ਤੇ ਝੱਲਾ ਪਰ ਆਖਦਾ ਟਕਾਨੇ ਦੀ ਹੈ"। ਗੱਲ ਕੀ ਥੋੜੇ ਦਿਨਾਂ ਵਿਚ ਹੀ ਏਥੰਜ਼ ਵਾਲੇ ਫੇਰ ਲੜਾਈ ਨੂੰ ਤਿਆਰ ਹੋ ਗਏ ਅਰ ਉਹਨਾਂ ਨੇ ਮਗਾਰਾ ਵਾਲਿਆਂ ਨੂੰ ਭਾਂਜ ਦੇ ਦਿਤੀ ਅਰ ਟਾਪੂ ਖੋਹ ਲੀਤਾ। ਏਹ ਤੇ ਕਵਿਤਾ ਦਾ ਅਸਰ ਕੌਮ ਦੀ ਪੁਲੀਟੀਕਲ ਹਾਲਤ ਤੇ ਹੈ॥

**ਸੁਸੈਟੀ ਤੇ ਬੁਰਾ ਭਲਾ ਅਸਰ**

ਇਸਦੇ ਵਿਰੁਧ ਬੁਰੀ ਕਵਿਤਾ ਸੁਸੈਟੀ ਤੇ ਬੁਰਾ ਅਸਰ ਕਰਦੀ ਹੈ। ਇਸ਼ਕੀਆ ਬੈਂਤ ਬਾਜ਼ੀ ਅੱਲੜ੍ਹ ਤਬੀਅਤਾਂ ਤੇ, ਅਰ ਪਿਆਰ ਭਰੇ ਕਿੱਸੇ ਤੇ ਕਹਾਨੀਆਂ ਅੰਞਾਨ ਗਭਰੂਆਂ ਤੇ ਨੱਢੀਆਂ ਤੇ ਜ਼ੈਹਰ ਦਾ ਅਸਰ ਕਰਦੇ ਹਨ। ਕਵਿਤਾ ਅਪਨਾ ਜ਼ਾਹਰ ਅਸਰ ਝੱਟ ਕਰ ਜਾਂਦੀ ਹੈ। ਇਸੇ ਕਰਕੇ ਥੋੜੇ ਪੜ੍ਹੇ ਹੋਏ, ਅਰ ਘੱਟ ਸਮਝ ਵਾਲਿਆਂ ਦੇ ਹੱਥ ਇਸ਼ਕੀਆ ਕਿੱਸੇ ਕਹਾਨੀਆਂ ਨਹੀਂ ਦੇਨੇ ਚਾਹੀਦੇ।

**ਨਾਟਕ**

ਨਾਟਕ ਜਾਂ ਡ੍ਰਾਮਾ ਜੋ ਕਵਿਤਾ ਦਾ ਇਕ ਭਾਗ ਹੈ ਸੁਸੈਟੀ ਤੇ ਚੰਗਾ ਜਾਂ ਬੁਰਾ ਅਸਰ ਪਾ ਸਕਦਾ ਹੈ। ਵਲੈਤ ਵਿਚ ਤੇ ਡਰਾਮਾ ਸੁਸੈਟੀ ਦੀ ਜਾਨ ਹੈ। ਸਟੇਜ ਤੋਂ ਹੀ ਫੈਸ਼ਨ ਤੇ ਓਥੋਂ ਹੀ ਬੋਲੀ ਦਾ ਰੰਗ ਨਿਕਲਦਾ ਹੈ।

ਓਸੇ ਮੰਡੂਵੇ ਵਿਚੋਂ ਹੀ ਲੋਕ ਅਪਨੇ ਸੋਸ਼ਿਲ ਤੇ ਪੁਲੀਟੀਕਲ ਖਿਆਲ ਲਿਆਉਂਦੇ ਹਨ । ਪੰਜਾਬ ਵਿਚ ਨਾਟਕ ਦਾ ਅਜੇ ਏਹ ਹਾਲ ਨਹੀਂ ਕਿਉਂ ਜੋ ਨਾਟਕ ਅਪਨੀ ਦੇਸੀ ਭਾਸ਼ਾ ਵਿਚ ਨਹੀਂ । ਓਪਰੀ ਬੋਲੀ ਵਿਚ ਹੋਣ ਕਰਕੇ ਇਸਦਾ ਓਹ ਅਸਰ ਨਹੀਂ ਜੋ ਵਲੈਤ ਵਿਚ ਹੈ ਪਰ ਇਸ਼ਕੀਆਂ ਨਾਟਕਾਂ ਦਾ ਅਸਰ ਆਮ ਲੋਕਾਂ ਤੇ ਬੁਰਾ ਹੈ। ਇਕ ਖੀਸੇ ਦਾ ਖਾਊ, ਦੂਜਾ ਚਾਲ ਚਲਨ ਦਾ ਵੈਰੀ ।

ਕੰਜਰੀਆਂ ਦੀਆਂ ਮੈਹਫਲਾਂ ਜਮਾਨੀਆਂ ਤੇ ਇਸ਼ਕ ਭਰੇ ਗੌਨ ਸੁਨਣੇ, ਦੱਸੋ ਨਵੇਂ ਜਵਾਨੀ ਭਰੇ ਗਭਰੂਆਂ ਦੇ ਮਨਾਂ ਨੂੰ ਕਾਮ ਤੇ ਵਿਸ਼ੇ ਵੱਲ ਨਾ ਖਿੱਚਨ ਤਾਂ ਕਿੱਧਰ ? ਏਹ ਕਵਿਤਾ ਦਾ ਬੁਰਾ ਅਸਰ ਹੈ ।

**ਤਹਜ਼ੀਬ ਦਾ ਅਸਰ ਕਵਿਤਾ ਉਤੇ**

ਏਹ ਗੱਲ ਵੀ ਯਾਦ ਰਖਨ ਗੋਚਰੀ ਹੈ ਕਿ 'ਸਭਯਤ (Civilization) ਦੇ ਸਮੇਂ, ਕਵਿਤਾ ਨੂੰ ਵੀ ਨੁਕਸਾਨ ਪੌਂਚਦਾ ਹੈ, ਕਿਉਂਕਿ ਇਕ ਕਵੀ ਨੂੰ ਤੈਹਜ਼ੀਬ ਦੇ ਅਨੁਸਾਰ ਟੁਰਨਾ ਪੈਂਦਾ ਹੈ, ਫੈਸ਼ਨ ਨੂੰ ਮੰਨਨਾ ਪੈਂਦਾ ਹੈ, ਨਹੀਂ ਤੇ ਕਵੀ ਦੀ ਹਾਨੀ। ਹਰ ਇਕ ਗੱਲ ਦਾ ਰਸਤਾ ਬਝ ਜਾਂਦਾ ਹੈ। ਇਕ ਕਾਨੂਨ ਤੇ ਚਲਨਾਂ ਪੈਂਦਾ ਹੈ । ਇਸੇ ਤਰ੍ਹਾਂ ਸੋਚ ਦੀ ਉਡਾਰੀ ਘੱਟ ਹੋ ਜਾਂਦੀ ਹੈ। ਸੋਚ ਘਟੀ ਤਾਂ ਆਜ਼ਾਦ ਤੇ ਉਚੀ ਕਵਿਤਾ ਕਿਥੋਂ ? ਵਡੇ ਕਵੀ ਹਮੇਸ਼ ਤੈਹਜ਼ੀਬ ਦੇ ਲੌਕਿਕ ਬੰਧਨਾਂ ਤੋਂ ਅਜ਼ਾਦ ਹੁੰਦੇ ਹਨ ।

ਰਾਜ ਦੀ ਹਾਲਤ ਵੀ ਕਵਿਤਾ ਉਤੇ ਅਸਰ ਕਰਦੀ ਹੈ।

**ਕਵਿਤਾ ਉਤੇ ਰਾਜ ਦਾ ਅਸਰ**

ਇਕ ਜਮਹੂਰੀ ਰਾਜ ਦਾ ਕਵੀ ਜੋ ਚਾਹੇ ਲਿਖ ਸਕਦਾ ਹੈ ਕਿਉਂ ਜੋ ਉਸਨੂੰ ਅਪਨੇ ਖਿਆਲਾਂ ਦੇ ਦੱਸਨ ਦੀ ਅਜ਼ਾਦੀ ਹੈ। ਇਕ ਖੁਦ ਮੁਖਤਿਆਰ ਰਾਜੇ ਦੀ ਪਰਜਾ ਨੂੰ ਏਹ ਹੱਕ ਹਾਸਲ ਨਹੀਂ ਕਿ

ਓਹ ਜੀਕਨ ਚਾਹਨ ਅਪਨਾ ਖਿਆਲ ਜ਼ਾਹਰ ਕਰਨ। ਏਹੀ ਹਾਲ ਉਸ ਕੌਮ ਦਾ ਹੈ ਜੋ ਦੂਜੇ ਰਾਜ ਦੇ ਹੇਠਾਂ ਹੋਵੇ। ਕਾਨੂੰਨੀ ਬੰਦਸ਼ ਤੇ ਰਾਜ ਦਾ ਡਰ ਕਵੀ ਨੂੰ ਅਪਨੇ ਖਿਆਲ ਅਜ਼ਾਦੀ ਨਾਲ ਦਸਨੋਂ ਰੋਕਦਾ ਹੈ। ਜਦ ਏਹ ਹਾਲ ਹੋਇਆ ਤਾਂ ਹੌਲੀ੨ ਕਵੀ ਦੀ ਸੋਚ ਦੀ ਉਡਾਰੀ ਵੀ ਘਟਦੀ ਜਾਂਦੀ ਹੈ। ਇਕ ਖਾਸ ਪੰਥ ਤੇ ਉਸਨੂੰ ਚਲਨਾ ਪੈਂਦਾ ਹੈ। ਦੂਜੇ ਪਾਸੇ ਏਹ ਵੀ ਗਲ ਹੈ ਕਿ ਸ਼ਖਸ਼ੀ ਰਾਜ ਵਿਚ ਹੀ ਚੰਗੇ ਚੰਗੇ ਕਵੀ ਹੁੰਦੇ ਹੈਨ। ਜੇ ਰਾਜੇ ਨੂੰ ਕਵਿਤਾ ਦਾ ਸ਼ੌਕ ਹੋਵੇ ਅਰ ਕਵਿਤਾ ਦੀ ਕਦਰ ਕਰੇ ਤਾਂ ਓਥੇ ਕਵੀ ਤੇ ਗੁਨੀ ਕੱਠੇ ਹੋ ਜਾਂਦੇ ਨੇਂ ਅਰ ਅਪਨੇ ਅਪਨੇ ਗੁਣ ਵੱਧ ੨ ਕੇ ਵਖਾਂਦੇ ਨੇਂ, ਜਿਸ ਕਰਕੇ ਲੋਕਾਂ ਵਿਚ ਕਵਿਤਾ ਦੀ ਕਦਰ ਵੱਧਦੀ ਹੈ। ਉਰਦੂ ਕਵਿਤਾ ਇਸੇ ਤਰ੍ਹਾਂ ਬਨੀ ਤੇ ਵੱਧੀ।

ਏਹ ਪੈਸੇ ਦੇ ਨੌਕਰ ਕਵੀ ਕਾਰੀਗਰ ਤੇ ਹੁੰਦੇ ਹੈਨ, ਲੋਕਾਂ ਨੂੰ ਹਸਾਨ, ਰੁਵਾਨ, ਉਸਤਤੀ ਤੇ ਬੁਰਿਆਈ ਕਰਨ ਵਿਚ ਉਸਤਾਦ, ਪਰ ਕਵਿਤਾ ਉਸ ਉਚ ਪਦਵੀ ਦੀ ਨਹੀਂ ਜੋ ਅਜ਼ਾਦ ਤੇ ਫਕੀਰ ਕਵੀਆਂ ਦੀ ਹੁੰਦੀ ਹੈ। ਇਸ ਵਿਚ ਸ਼ੱਕ ਨਹੀਂ ਕਿ ਬਾਜੇ ਵੱਡੇ ਵੱਡੇ ਪਤਵੰਤੇ ਕਵੀ ਰਾਜ ਦਰਬਾਰਾਂ ਵਿਚ ਨੌਕਰ ਸਨ। ਪਰ ਉਹ ਉੱਚੇ ਦੇਸ਼ ਦੇ ਲੋਕ ਸਨ ਜਿਨ੍ਹਾਂ ਨੇ ਉੱਚਾ ਕੰਮ ਕਰਨਾ ਹੀ ਸੀ ਚਾਹੇ ਉਹ ਜੰਗਲ ਵਿਚ ਹੁੰਦੇ ਚਾਹੇ ਦਰਬਾਰ ਵਿਚ। ਜੀਕਨ ਕਾਲੀਦਾਸ ਫ਼ਿਰਦੌਸੀ ਆਦਿ।

ਵੱਡੇ ਕਵੀਆਂ ਨੂੰ ਜੱਗ ਦਾ ਖਿਆਲ ਨਹੀਂ ਹੁੰਦਾ; ਉਹ ਅਪਨੀ ਕਵਿਤਾ ਇਸ ਲਈ ਨਹੀਂ ਲਿਖਦੇ ਕਿ ਲੋਕ ਉਹਨਾਂ ਦੀ ਕਦਰ ਕਰਨ। ਉਹ ਤੇ ਰਬੀ ਮੌਜ ਵਿਚ ਮਸਤ ਇਲਾਹੀ ਬਚਨ ਆਖਦੇ ਨੇਂ। ਲੋਕ ਉਨ੍ਹਾਂ ਤੋਂ ਲਾਭ ਉਠਾਨ ਤਾਂ ਉਨ੍ਹਾਂ ਦੇ ਚੰਗੇ ਭਾਗ। ਨਿਰਮਲ ਨੀਰ (ਅੰਮਿਰਤ) ਦਾ ਦਰਿਆ ਵਗ ਜਾਂਦਾ ਹੈ; ਜਿਸ ਦੇ ਚੰਗੇ ਭਾਗ ਹੋਨ, ਪੀਵੇ। ਸ਼ਿਵਾਂ ਵਾਂਗੀ ਕਵੀ ਲੋਕ ਅਪਨੀ ਕਵਿਤਾ

ਦੀ ਗੰਗਾ ਇਸ ਮਾਤ ਲੋਕ (ਜਗ) ਵਿਚ ਅਪਨੇ ਦਮਾਗ ਦੇ ਸੁਰਗ ਤੋਂ ਲਿਆ ਵਗਾਂਦੇ ਹੈਨ। ਲੋਕ ਪੂਜਨ ਨਾ ਪੂਜਨ, ਗੰਗਾ ਦਾ ਦੋਸ ਕੀ? ਉਹ ਹਮੇਸ਼ ਨਿਰਮਲ ਤੇ ਸੁੱਧ ਹੈ।

# ਪੰਜਾਬ ਦੀ ਕਵਿਤਾ

ਆਰਯਾ ਕੌਮ ਦੇ ਪੰਜਾਬ ਵਿਚ ਡੇਰੇ ਲਾਨ ਤੋਂ ਪੈਹਲੇ, ਸਾਡੇ ਦੇਸ ਦੀ ਕਵਿਤਾ ਦਾ ਕੀ ਹਾਲ ਸੀ ਇਸ ਗਲ ਦਾ ਕੁਝ ਬਹੁ ਪਤਾ ਨਹੀਂ ਲਗਦਾ। ਜਦ ਆਰਯਾ ਆਏ ਅਰ ਇਸ ਦੇਸ ਵਿਚ ਵਸੇ; ਓਸ ਵੇਲੇ ਦੇ ਗੀਤ ਤੇ ਸ਼ਲੋਕ ਰਿਗਵੇਦ ਵਿਚ ਹਨ। ਪੁਰਾਨੇ ਆਰਯਾ ਰਚਨਾ ਦੇ ਨਜ਼ਾਰੇ ਵੇਖਦੇ ਸਨ ਅਰ ਹਰ ਵੇਲੇ ਕੁਦਰਤੀ ਤੇ ਰਬੀ ਰੰਗ ਵਿਚ ਵਸਦੇ ਸਨ। ਉਹ ਕੁਦਰਤ ਦੇ ਰੂਪ ਤੇ ਮਸਤ ਸਨ, ਉਹੀ ਓਹਨਾਂ ਦੀ ਯਾਰ ਸੀ ਉਹੀ ਦਿਲਦਾਰ, ਓਸੇ ਦੇ ਪ੍ਰੇਮ ਵਿਚ ਰੱਤੇ ਰਿਸ਼ੀਆਂ ਨੇ ਇੰਦਰ, ਉਸ਼ਾ, ਮੇਘ, ਵਾਯੂ, ਵਰਨ ਆਦਿ ਦੀ ਉਪਮਾ ਕੀਤੀ। ਕਵਿਤਾ ਦੀ ਉਡਾਰੀ ਏਡੀ ਵਧੀ ਕਿ ਕਿਸੇ ਹੋਰ ਦੇਸ਼ ਵਿਚ ਇਸਦਾ ਨਮੂਨਾ ਨਹੀਂ। ਹੌਲੀ ੨ ਵਸਤੂ ਤੋਂ ਕਰਤਾ ਵਲ ਗਏ ਰਚਨਾ ਤੋਂ ਰਚਨ ਵਾਲੇ ਦਾ ਨਜ਼ਾਰਾ ਵੇਖਿਆ। ਅਗਨੀ ਵਾਯੂ, ਇੰਦਰ ਆਦਿ ਸ਼ਕਤੀਆਂ ਇਕ ਰੱਬੀ ਸ਼ਕਤੀ ਦੇ ਆਸਰੇ ਭਾਸੀਆਂ ਅਰ ਅਤ ਨੂੰ ਓਸੇ ਵਿਚ ਲੋਪ ਹੋ ਗਈਆਂ, ਕੁਲ ਬ੍ਰਹਮੰਡ ਵਿਚ "ਇਕ" ਅਰ ਕੁਲ ਰਚਨਾ ਉਸ ਵਿਚ ਭਾਸੀ, ਅਦ੍ਵੈਤ ਦੀ ਟੀਸੀ ਤੇ ਪੁਜੇ, ਦੁਨੀਆਂ ਦੀ ਆਦਿ ਕਵਿਤਾ ਦੀ ਉਤ-ਪਤੀ ਪਦੈਸ਼, ਸਾਡੇ ਏਸ ਪੰਜਾਬ ਦੇਸ਼ ਵਿਚ ਹੀ ਹੋਈ। ਪਰ ਸ਼ੋਕ ਹੈ ਕਿ ਉਹ ਦੇਸ ਜੇਹੜਾ ਕਵਿਤਾ ਦੀ ਜਨਮ ਭੂਮੀ ਸੀ, ਅਜ ਕਲ ਏਸੇ ਗੁਨ ਵਿਚ ਏਡਾ ਹੀਨਾ ਹੈ ਕਿ ਲੋਕ ਹਸਦੇ ਤੇ ਠੱਠੇ ਕਰਦੇ ਹਨ।

ਅਜ ਕਲ ਤਰੱਕੀ ਦੇ ਸਮੇਂ ਵੀ ਪੱਛਮੀ ਦੇਸ਼ਾਂ ਦੀ ਕਵਿਤਾ ਓਸ ਦਰਬਾਰ ਦੀ ਸਾਰੀ ਮੰਜ਼ਲਾਂ ਦੀ ਖਬਰ, ਅੱਜ ਤੋਂ ਢੇਰ ਦੂਰ ਸਮਿਆਂ ਵਿਚ ਪੰਜਾਬੀ ਕਵੀਆਂ ਨੇ ਦਿੱਤੀ ਸੀ। ਵੰਨਗੀ ਲਈ ਵੇਖੋ ਵੇਦਾਂ ਦੇ ਮੰਤ੍ਰ ॥

ਵੇਦਾਂ ਦੀ ਬੋਲੀ ਸੰਸਕ੍ਰਿਤ ਹੈ ਅਰ ਏਹੀ ਆਰਯਾ ਦੀ ਬੋਲੀ ਸੀ। ਅਜ ਕਲ ਦੀ ਪੰਜਾਬੀ ਕਿਸ ਤਰ੍ਹਾਂ ਬਨੀ ਇਸ ਦਾ ਸੰਗੁਰਵਾਂ ਹਾਲ ਹੰਸ ਚੋਗ ਦੀ ਉਥਾਨਕਾ ਵਿਚ ਦਿਤਾ ਹੈ ਜੀਕਨ ਬੋਲੀ ਵਟਦੀ ਗਈ ਓਸੇ ਤਰ੍ਹਾਂ ਕਵਿਤਾ। ਅਜ ਕਲ ਦੀ ਬੋਲੀ ਦੇ ਅਨੁਸਾਰ ਸਭ ਤੋਂ ਪੁਰਾਨੀ ਕਵਿਤਾ ਬਾਬਾ ਫਰੀਦ ਦੀ ਹੈ, ਇਸ ਤੋਂ ਪੁਰਾਣੀ ਕਵਿਤਾ ਵੀ ਹੋਸੀ ਪਰ ਪਤਾ ਨਹੀਂ। ਜਟਾਂ ਦੇ ਅਖਾਨ ਤੀਵੀਆਂ ਦੇ ਗੌਨ ਖਵ੍ਰੇ ਇਸ ਤੋਂ ਪੁਰਾਨੇ ਹੋਨ। ਪਰ ਠੀਕ ਸਮੇਂ ਦਾ ਪਤਾ ਨਾ ਹੋਨ ਕਰਕੇ ਅਸੀਂ ਆਖ ਨਹੀਂ ਸਕਦੇ।

ਬਾਬਾ ਫ਼ਰੀਦ ਜੀ ਅਸਲ ਪੰਜਾਬੀ ਨਹੀਂ ਸੀ ਉਨ੍ਹਾਂ ਦੇ ਵੱਡੇ ਬਾਹਰੋਂ ਆਏ ਸਨ ਅਰ ਏਹਨਾਂ ਤੇ ਜ਼ਰੂਰੀ ਹੀ ਫ਼ਾਰਸੀ ਦਾ ਢੇਰ ਅਸਰ ਹੋਨਾ ਸੀ ਇਸ ਕਰਕੇ ਜਦ ਤੋਂ ਪੰਜਾਬੀ ਕਵਿਤਾ ਸ਼ੁਰੂ ਹੋਈ, ਨਾਲ ਹੀ ਫਾਰਸੀ ਦੀ ਗੁੜ੍ਹਤੀ ਮਿਲੀ। ਗੱਲ ਕੀ ਪੰਜਾਬੀ ਕਵਿਤਾ ਫਾਰਸੀ ਦੀ ਗੋਦੀ ਵਿਚ ਪਲੀ। ਫਾਰਸੀ ਦਾ ਅਸਰ ਤੇ ਹੋਇਆ ਪਰ ਇਸ ਦਾ ਅਸਲੀ ਰੂਪ ਰੰਗ ਨਹੀਂ ਗਿਆ। ਫਾਰਸੀ ਪਦ ਤਾਂ ਵਰਤਨ ਵਿਚ ਆ ਗਏ, ਪਰ ਹੋਰ ਅਸਰ ਨਹੀਂ ਹੋਇਆ। ਕਵਿਤਾ ਦੇ ਰੰਗ ਢੰਗ ਤੇ ਫ਼ਾਰਸੀ ਦਾ ਅਸਰ ਢੇਰ ਪਿਛੋਂ ਹੋਇਆ।

ਵੰਨਗੀ ਬਾਬਾ ਫਰੀਦ ਦੀ ਕਵਿਤਾ ਦੀ :—

ਫਰੀਦਾ ਗਲੀਏ ਚਿਕੜ ਦੂਰਿ ਘਰੁ ਨਾਲ ਪਿਆਰੇ ਨਹੁ।
ਚਲਾਂ ਤ ਭਿਜੇ ਕੰਬਲੀ ਰਹਾ ਤ ਤੁਟੈ ਨੇਹੁ ॥
"ਖਸਮ ਵਸਾਰੇ ਤੇ ਕਮਜ਼ਾਤ"

(ਗੁਰੂ ਨਾਨਕ)

ਵੰਨਗੀ ਪੁਰਾਨੇ ਅਖਾਨਾਂ ਤੇ ਦੋਹੜਾਂ ਦੀ:–

ਅਖਾਨ–ਸਾਵਨ ਵਸੇ ਨਿਤ ਨਿਤ, ਤੇ ਭਾਦ੍ਰੋਂ ਦੇ ਦਿਨ ਚਾਰ।
ਅੱਸੂ ਮੰਗੇ ਮੇਘਲਾ, ਤੇ ਭੁਲੀ ਫਿਰੇ ਗੰਵਾਰ।

ਦੋਹਾ–ਕਾਂਗ ਉਡਾਵੇ ਧਨ ਖੜੀ, ਆਇਆ ਪਿਆ ਭੁੜੱਕ।
ਅੱਧੀ ਬਾਹੁ ਗਲੀ ਮੈ, ਅਧੀ ਗਈ ਕੁੜੱਕ।

ਵੰਨਗੀ ਪੁਰਾਨੇ ਰੋਨਾਂ ਦੀ:–

ਬੇਦੀ ਚੰਨਣ ਦੇ ਉਹਲੇ ੨ ਕਿਉਂ ਖੜੀ?
ਮੈ ਤੇ ਖੜੀ ਸਾਂ ਬਾਬਲ ਜੀ ਦੇ ਕੋਲ। ਬਾਬਲ, ਮੁਖੋਂ ਬੋਲ।
ਬਾਬਲ, ਵਰ ਲੋੜੀਏ॥
ਬੇਟੀ ਕੇਹੋ ਜੇਹਾ ਵਰ ਲੋੜੀਏ?
ਬਾਬਲ ਜਿਉਂ ਤਾਰਿਆਂ ਵਿਚੋਂ ਚੰਨ, ਚੰਨਾਂ ਵਿਚੋਂ ਕਾਨ੍ਹ, ਘਨੱਈਆ ਵਰ ਲੋੜੀਏ॥

ਕੇਹਾ ਸੋਹਨਾ ਖਿਆਲ ਹੈ, ਪੁਰਾਨੇ ਜ਼ਮਾਨੇ ਦੀਆਂ ਰੀਤਾਂ ਤੇ ਚਾਨਣਾਂ ਪਾਂਦਾ ਹੈ ਜਿੰਨਾਂ ਚਿਰ ਏਹ ਕਵਿਤਾ ਫਕੀਰਾਂ ਸੰਤਾਂ ਦੀ ਰਸਨਾ ਤੇ ਰਹੀ ਤਦ ਤਕ ਉਹੀ ਪੁਰਾਤਨ ਰੰਗ ਇਸ ਵਿਚ ਨਜ਼ਰੀ ਆਉਂਦਾ ਰਿਹਾ ਅਰ ਬਾਜਿਆਂ ਕਵੀਆਂ ਦੀ ਜੀਭ ਤੇ ਪ੍ਰਾਕ੍ਰਿਤ ਦੇ ਸ਼ਬਦ ਵੀ ਰਹੇ, ਵੰਨਗੀ:–

ਗੁਰੂ ਨਾਨਕ–ਗੱਲੀਂ ਅਸੀਂ ਚੰਗੀਆ ਅਚਾਰੀ ਬੁਰੀਆਹ
ਮਨਹੁ ਕੁਸੁਧਾ ਕਾਲੀਆ ਬਾਹਰਿਹੁ ਚਿਟਵੀਆਹ॥
ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥ ਨਾਲ ਖਸਮੈਂ ਰਤੀਆ ਮਾਣਹਿ ਸੁਖ ਰਲੀਆਹ॥ ਹੋਦੈ ਤਾਣ ਨਿਤਾਣੀਆ ਰਹਹਿ ਨਿਮਾਣਣੀਆ॥ ਨਾਨਕ ਜਨਮ ਸਕਾਰਥਾ ਜੇ ਤਿਨ ਕੈ ਸੰਗ ਮਿਲਾਂ॥

ਸ਼ਾਹ ਹੁਸੈਨ—ਦਰਦ ਵਿਛੋੜੇ ਦਾ ਹਾਲ ਨੀ ਮੈਂ ਕੈਨੂੰ ਆਖਾਂ।
ਸੂਲਾ ਮਾਰ ਦਿਵਾਨੀ ਕੀਤੀ ਬ੍ਰਿਹਾਂ ਪਏ ਖਿਆਲ ਨੀ!
ਮੈ ਕੈਨੂੰ ਆਖਾਂ॥
ਜੰਗਲ ਜੰਗਲ ਫਿਰਾਂ ਢੂੰਡੇਂਦੀ ਅਜੇ ਨਾ ਆਇਆ
ਮਹੀਂ ਵਾਲ ਨੀ ਮੈ ਕੈਨੂੰ ਆਖਾਂ॥

ਛੱਜੂ ਭਗਤਃ—ਸਿਖੇ ਨੀ ਸੁਹਾਗਨੀ ਸਿਪਾ ਕੰਨੋ ਸੀਰ।
ਛਜੂ ਅੰਦਰ ਆਸਾ ਰਖਦੀਆਂ ਬਾੜ੍ਹਾ ਨਾ ਪੀਵਨ ਨੀਰ।
ਬਾੜ੍ਹਾ ਨੀਰ ਨਾ ਅਚਵਨੀ, ਭੀੜੀ ਵਰਤਨ ਗਾਤ।

ਨੋਟ—ਇਸ ਛੰਦ ਵਿਚ ਪ੍ਰਕ੍ਰਿਤ ਦਾ ਜ਼ੋਰ।

ਬੁਲ੍ਹਾ—ਰਾਂਝੇ ਨੂੰ ਮੈਂ ਗਾਲੀਆਂ ਦੇਵਾਂ ਮਨੋ ਕਰਾਂ ਦੁਆਈਂ।
ਮੈਂ ਤੇ ਰਾਂਝਾ ਇਕੋ, ਦੂਈ ਲੋਕਾਂ ਨੂੰ ਅਜਮਾਈਂ।
ਜਿਸ ਬੇਲੇ ਵਿਚ ਬੇਲੀ ਵੱਸੇ, ਉਸ ਦੀਆਂ ਲਵਾਂ ਬਲਾਈਂ।
ਬੁਲ੍ਹਾ ਸ਼ਾਹ ਨੂੰ ਪਾਸੇ ਛਡਕੇ, ਜੰਗਲ ਵਲ ਨ ਜਾਈਂ।

ਜਦੋਂ ਪੰਜਾਬੀ ਵਿੱਚ ਇਸ਼ਕ ਮਜਾਜ਼ੀ ਦੇ ਕਿੱਸੇ ਲਿਖਨੇ ਸ਼ੁਰੂ ਹੋਏ। ਅਰ ਇਕ ਮਾਸ਼ੂਕ ਨੂੰ ਰਤੀ ਬਨਾ ਸੰਵਾਰ ਕੇ ਦੱਸਨਾ ਪਇਆ। ਨਵੀਆਂ ਤਸ਼ਬੀਹਾਂ ਤੇ ਤਮਸੀਲਾਂ ਦੀ ਲੋੜ ਪਈ। ਤਦ ਫਾਰਸੀ ਦੀ ਸਹੈਤਾ ਲਈ। ਏਹਨਾਂ ਕਿੱਸਿਆਂ ਦੇ ਲਿਖਨ ਵਾਲੇ ਸਨ ਮੁਸਲਮਾਨ। ਉਨ੍ਹਾਂ ਨੂੰ ਸੰਸਕ੍ਰਿਤ ਤੇ ਹਿੰਦੀ ਦਾ ਪਤਾ ਨਹੀਂ ਸੀ। ਦੇਸ਼ ਵਿੱਚ ਫਾਰਸੀ ਪ੍ਰਧਾਨ ਸੀ ਜ਼ੁਲੈਖਾਂ ਤੇ ਸ਼ੀਰੀਂ ਫਿਰਹਾਦ ਦੇ ਕਿੱਸੇ ਮਸ਼ਹੂਰ ਸਨ। ਬਸ ਉਨ੍ਹਾਂ ਨੂੰ ਹੀ ਅਪਨਾ ਨਮੂਨਾ ਬਨਾਇਆ। ਅਨਗੈਹਲੀ ਏਡੀ ਕੀਤੀ ਕਿ "ਵਾਰਾਂ" ਤੋਂ ਵੀ ਸਬਕ ਨਾ ਲੀਤਾ॥

ਛੰਦਾਂ ਦਾ ਵਜ਼ਨ (ਤੋਲ) ਵੀ ਫਾਰਸੀ ਹੋ ਗਇਆ ਅਰ ਪਦਾਂ ਦਾ ਬੰਦੇਜ ਵੀ ਓਹੀ। ਐਪਰ ਬੋਲੀ ਪੰਜਾਬੀ ਰਹੀ ਪਰ ਉਹ

ਵੀ ਸਮੇਂ ਨਾਲ ਖਿਚੜੀ ਹੁੰਦੀ ਗਈ ॥

ਪੰਜਾਬੀ ਦੇ ਕਿੱਸਿਆਂ ਵਿਚੋਂ ਸਭ ਤੋਂ ਪੁਰਾਣਾ ਕਿੱਸਾ †ਦਾਮੋਦਰ ਦੀ ਹੀਰ ਹੈ। ਜੋ ਅਕਬਰ ਪਾਤਸ਼ਾਹ ਦਾ ਰਾਜ ਦੇ ਸ਼ੁਰੂ ਸ਼ੁਰੂ ਵਿਚ ਲਿਖੀ ਗਈ। ਬੜੀ ਸੋਹਣੀ ਕਵਿਤਾ, ਹੀਰ ਤੇ ਰਾਂਝੇ ਦੀਆਂ ਜੀਉਂਦੀਆਂ ਜਾਗਦੀਆਂ ਮੂਰਤਾਂ ਸਾਡੇ ਸਾਹਮਣੇ ਫਿਰਦੀਆ ਨੇ ਇਕ ਹੋਰ ਪੁਰਾਣੇ ਕਵੀ ਹਾਫ਼ਜ਼ ਬਰਖੁਰਦਾਰ ਜੀ ਔਰੰਗਜ਼ੇਬ ਦੇ ਸਮੇਂ ਹੋਏ ਨੇ। ਏਹਨਾਂ ਦੀ ਬੋਲੀ ਮਿਰਜ਼ਾ ਸਾਹਿਬਾਂ ਦੇ ਸਸੀ ਪੁੰਨੂੰ ਵਿਚ ਠੇਠ। ਪਰ ਜੁਲੈਖਾਂ ਵਿਚ ਫ਼ਾਰਸੀ ਦੇ ਜ਼ੋਰ। ਵੰਨਗੀ:-

ਨਾਕੋ ਆਖੇ ਹੀਰ ਮੈਨੂੰ, ਆਖੇ ਨਾਹੀ ਜਟੇਟੀ।
ਜਾਤ ਸਨਾਤ ਪਛਾਨੋ ਨਾਹੀਂ, ਮੈਂ ਚਾਕੇ ਨਾਲ ਚਕੇਟੀ।
ਕਦੋਂ ਚੂਚਕ ਮਾਂ ਪਿਉ ਮੈਂਡਾ, ਮੈਂ ਕਦ ਉਹਨਾਂ ਦੀ ਬੇਟੀ।
ਦਾਵਨ ਆਏ ਲਗੀ ਲੜ ਤੈਂਡੇ, ਜੇ ਪਵਾਂ ਕਬੂਲ ਜਟੇਟੀ।
ਮਾਏ ਨੀ ਮੈਂ ਚਾਕ ਲਧੋ ਈ, ਨਿਤ ਉਠ ਮਝੀ ਚਾਰੇ।
ਬਰਕਤ ਤੈਂਡੀ ਘਾਉ ਨਾ ਸੁਕੇ, ਮਝ ਨ ਕਟੀ ਹਾਰੇ।
ਜੁਤੀ ਭੂਰਾ ਮੂਲ ਨ ਮੰਗੇ, ਜਤੇ ਪੂਰੇ ਚਾਰੇ।
ਰੋੜਾ ਮੂਲ ਨ ਲਗੇ ਕਦਾਈ, ਸਾਵਨ ਵਸੇ ਫੁਹਾਰੇ। [ਦਾਮੋਦਰ

ਵੰਨਗੀ, ਮਿਰਜ਼ਾ ਸਾਹਿਬਾਂ। ਸਾਹਿਬਾਂ ਆਖਦੀ ਹੈ;-

ਮੈਂ ਆਪ ਕੁੱਸਾਂ ਹੋ ਬੱਕਰੀ, ਵਤ ਭੁੰਨ ਕਬਾਬ ਹਜ਼ਾਰ।
ਅਤੇ ਭਰ ਭਰ ਨੈਨ ਸੁਰਾਹੀਆਂ, ਮੈਂ ਪੀਵਾਂ ਪਨਿਹਾਰ ॥
ਹੋਰ ਭੋਜਨ ਚੰਗਾ ਜਿੰਦ ਥੋਂ, ਨਾਹੀਂ ਵਿਚ ਸੰਸਾਰ ॥
ਸੋ ਅੱਗੇ ਧਰ ਕੇ ਸੱਜਨਾਂ, ਮੈਂ ਪਾਨੀ ਪੀਵਾਂ ਵਾਰ ॥

---

†ਵੇਖੋ ਬੰਬੀਹਾ ਬੋਲ, ਦਾਮੋਦਰ ਕਵੀ ਦੇ ਹਾਲ ਲਈ।

ਸੱਸੀ;—ਪਿਆਰੇ ਨਾਲ ਮੇਲ ਦੀ ਰਾਤ;—

ਓਥੇ ਝੁਰਮਟ ਪਾਇਆ ਤਾਰਿਆਂ, ਚੰਨ ਝਾਤੀ ਪਾਵੇ ਚਾ।
ਅਤੇ ਚੜ੍ਹਿਆ ਲੋੜੇ ਰਾਤ ਰਾਤ, ਸੂਰਜ ਚਾਮਲ ਚਾਮਲ ਚਾ।
ਕਰੇ ਦੁਆਈਂ ਸੱਸਵੀ, ਰਬਾ ਦੇਹੁ ਨਾ ਚਾੜ੍ਹੀਂ ਝੱਬ।
ਮੈਂ ਰੱਜ ਲਗ ਸੋਵਾਂ ਗਲ ਯਾਰ ਦੇ, ਤਾਂ ਦੇਹੁ ਚਾੜ੍ਹੀਂ ਰੱਬ ॥

ਜ਼ੁਲੈਖਾਂ;—ਪਰ ਦਰਦੋਂ ਹਰਫ ਨਾ ਕੀਤਾ, ਬੀਬੀ ਨਾਲ ਪਿਆਰੇ ਕੋਈ।
ਵੇਖ ਯੂਸਫ ਦੀ ਬੇ ਪਰਵਾਹੀ ਰਬ ਥੀਂ ਅਰਜ਼ੀ ਹੋਈ ॥

ਏਹਨਾਂ ਤੋਂ ਸੌ ਕੁ ਵਰਹੇ ਪਿਛੋਂ ਮਹੰਮਦ ਸ਼ਾਹ ਦੇ ਵੇਲੇ ਪੰਜਾਬ ਵਿੱਚ ਕਵਿਤਾ ਦਾ ਜ਼ੋਰ ਹੋ ਗਇਆ। ਬੁਲਹਾ, ਮੁਕਬਲ, ਨਿਜਾਬਤ ਵਾਰਸ, ਹਾਮਦ, ਅਲੀ ਹੈਦਰ ਆਦਿ ਨੇ ਕਵਿਤਾ ਦੀ ਘਨਘੋਰ ਲਾ ਦਿਤੀ। ਵਾਰਸ ਨੇ ਹੀਰ ਲਿਖ ਕੇ ਕਿੱਸੇ ਨੂੰ ਚੋਟੀ ਤੇ ਪੁਜਾ ਦਿੱਤਾ ਅਰ ਕਵੀਆਂ ਦੀ ਸਰਦਾਰੀ ਪਾਈ। ਬੁਲ੍ਹਾ ਤੇ ਪ੍ਰੇਮੀ ਜਨਾ ਸੀ, ਪ੍ਰੇਮ ਵਿੱਚ ਹੀ ਗਾਉਂਦਾ ਤੇ ਨੱਚਦਾ ਰਿਹਾ। ਤਾਂਈ ਤੇ ਬੋਲੀ ਵੀ ਠੇਠ ਰਹੀ, ਪਰ ਅਲੀ ਹੈਦਰ ਜੀ ਸਨ ਪੜ੍ਹੇ ਲਿਖੇ, ਆਲਮ ਫ਼ਾਜ਼ਲ ਕਾਜੀ, ਉਹ ਬਿਨਾ ਫਾਰਸੀ ਤੋਂ ਕਿਥੋਂ ਰੈਹਦੇ। ਵਾਰਸ ਨੇ ਪੰਜਾਬੀ ਦੀ ਸਰਨ ਨਾ ਛੱਡੀ। ਇਸ ਨੇ ਮੁਹਾਵਰੇਨੂੰਚੰਗੀ ਤਰ੍ਹਾਂ ਮਾਂਝਿਆ ਅਰ ਲੋੜ ਅਨੁਸਾਰ ਫਾਰਸੀ ਵੀ ਵਰਤੀ। ਫਾਰਸੀ ਤੋਂ ਪਲਾ ਛੁਡਾਨਾਂ ਮੁਸ਼ਕਲ ਸੀ, ਕਿਉਂ ਜੋ ਦੇਸ ਦੀ ਬੋਲੀ ਵਿੱਚ ਇਸ ਨੇ ਅਪਨਾ ਘਰ ਬਨਾ ਲੀਤਾ ਸੀ ਅਰ ਫਾਰਸੀ ਦੇ ਪਦ, ਪੰਜਾਬੀ ਵਿੱਚ ਰਲਕੇ ਪੰਜਾਬੀ ਹੋ ਗਏ ਸਨ। ਉਹਨਾਂ ਦਾ ਅੱਡ ਕਰਨਾ ਔਖਾ ਸੀ, ਅਰ ਉਹਨਾਂ ਦਾ ਅੱਡ ਕਰਨਾ ਯੋਗ ਵੀ ਨਹੀਂ ਸੀ।

ਦੱਸੋ ਏਹਨਾਂ ਪਦਾਂ ਨੂੰ ਕੌਨ ਕੱਢ ਸਦਕਾ ਸੀ;—

ਰੱਬ, ਅਰਜ਼, ਸੁਲਤਾਨ, ਤੋਹਮਤ, ਨਮਾਜ਼, ਰੋਜ਼ਾ, ਹੱਕ ਸਲਾਮ, ਦੁਆ, ਬੰਦਗੀ, ਹੋਰ ਅਨੇਕ ਪਦ।

ਇਸ ਮੁਹੰਮਦ ਸ਼ਾਹੀ ਜ਼ਮਾਨੇ ਤੋਂ ਪਿੱਛੇ ਪੰਜਾਬ ਵਿੱਚ ਸਿਖਾਂ ਦਾ ਰਾਜ ਹੋਇਆ ਅਰ ਕਵੀਆਂ ਦੀ ਕਦਰ ਵੀ ਹੋਨ ਲਗ ਪਈ। ਬੈਂਤਾਂ ਦਾ ਜ਼ੋਰ ਹੋ ਗਇਆ, ਰਾਜ ਵਲੋਂ ਵੀ ਕਵਿਤਾ ਦੀ ਕਦਰ ਹੋਈ, ਹਾਸ਼ਮ ਰਾਜ ਕਵੀ ਹੋਇਆ, ਕਾਦਰ ਯਾਰ, ਅਹਿਮਦ ਯਾਰ, ਪੀਰ ਬਖਸ਼ ਜੇਹਾਂ ਦੀ ਕਦਰ ਹੋਈ। ਇਸ ਸਮੇਂ ਪੰਜਾਬੀ ਕਵਿਤਾ (ਬੈਂਤਾਂ) ਦੇ ਇਕ ਮਸ਼ਹੂਰ ਸਕੂਲ ਦਾ ਪਿਆਰੇ ਸਾਹਿਬ ਨੇ ਮੁੱਢ ਰਖਿਆ। ਪਿਆਰੇ ਸਾਹਿਬ ਜੀ ਦੇ ਸਿਲਸਿਲੇ ਦੇ ਸ਼ਾਗਿਰਦ ਹੀ ਅੱਜ ਕੱਲ ਲਾਹੌਰ ਅੰਮ੍ਰਿਤਸਰ ਵਿੱਚ ਮੰਨੇ ਹੋਏ ਕਵੀ ਹਨ। ਇਸ ਸਮੇਂ ਦੀ ਕਵਿਤਾ ਦੀ ਵੰਨਗੀ ਹੇਠ ਲਿਖਦੇ ਹਾਂ:-

ਲੋਕਾਂ ਭਾਨੇ ਵਸਤੀ ਵਸਦੀ ਅਤੇ ਸਭ ਜਗ ਆਖੇ ਵਸਦੀ। ਆ ਵਸਤੀ ਤਨ ਮਨ ਦੀ ਵਸਤੀ ਅਤੇ ਦਿਲ ਮੇਰੇ ਦੀ ਵਸਦੀ। ਜਿਸ ਵਸਤੀ ਨਾਲ ਵਸਤੀ ਸਾਨੂੰ ਉਸ ਵਸਤੀ ਨਾਲ ਨਾ ਵਸਦੀ। ਹਾਸ਼ਮ ਯਾਰ ਮਿਲੇ ਵਿਚ ਬੇਲੇ ਉਹ ਬਾਗ ਬਹਾਰੀਂ ਵਸਦੀ।

ਸਿਦਕ ਮਲਾਹ ਸਮੁੰਦਰ ਤਾਰੇ ਜਿੱਥੇ ਪੰਛੀ ਪਾਰ ਨਾਂ ਹੋਵੇ। ਜਿਸ ਜਾ ਥਾਉਂ ਮਕਾਨ ਨਾ ਰੱਬ ਦਾ, ਤਿਸ ਜਾ ਹਜ਼ੂਰ ਖਲੋਵੇ। ਓਕੜ ਮੁੱਲ ਪਵੇ, ਜੇਹੜਾ ਮੋਤੀ, ਨਿਤ ਮਿਯਗਾਂ ਨਾਲ ਪ੍ਰੋਵੇ। ਹਾਸ਼ਮ ਤਾਂਘ ਹੋਵੇ ਜਿਸ ਦਿਲ ਦੀ, ਉਹਦੀ ਜਦ ਕਦ ਹਾਸਲ ਹੋਵੇ। (ਹਾਸ਼ਮ

ਯੇ-ਯਾਦ ਖੁਦਾਇ ਦੀ ਜਿਨ੍ਹਾਂ ਕੀਤੀ ਮਿਲਨ ਤਿਨ੍ਹਾਂ ਨੂੰ ਤੁਰਤ ਮਜ਼ਦੂਰੀਆਂ ਨੇ। ਜਿਨ੍ਹਾਂ ਮੌਲਾ ਦੇ ਨਾਮ ਦਾ ਵਿਰਦ ਕੀਤਾ ਉਹਨਾਂ ਮਿਲ ਗਈਆਂ ਅਜਰ ਸਬੂਰੀਆਂ ਨੇ। ਜਿਨ੍ਹਾਂ ਜਾਨ ਪਿਆਰੇ ਤੋਂ ਫਿਦਾ ਕੀਤੀ ਉਹਨਾਂ ਮਿਲੀਆਂ ਜਾ ਹਜ਼ੂਰੀਆਂ

ਨੇ। ਕਲਮਾ ਨਬੀ ਦਾ ਆਖ ਤੂੰ ਪੀਰ ਬਖਸ਼ਾ ਜਿਸ ਨਾਮ ਲਈਆਂ ਪਵਨ ਪੂਰੀਆਂ ਨੇ। [ਪੀਰ ਬਖਸ਼

ਹੁਸਨ ਜਵਾਨੀ ਤੇਰੀ ਬਖਸ਼ਸ਼ ਜੋ ਤੁਧ ਬਖਸ਼ੀ ਹੋਈ। ਹਰ ਆਦਮ ਨੂੰ ਨੇਮਤ ਕਮਲੀ ਕਦਰ ਨਾ ਜਾਨੇ ਕੋਈ। ਇਹ ਅੰਬਰ ਧਰਤੀ ਅੰਬਰ ਵੇਹੁ ਚੰਨ ਹੁਸਨ ਨੂਰਾਨੀ। ਲੱਖ ਅਜੇਹੀ ਕਰ ਦਖਲਾਈ ਤੈਂ ਕੁਦਰਤ ਲਾਸਾਨੀ। ਕਈ ਹਜ਼ਾਰ ਅਜੇਹਾਂ ਜਹੇ ਆਫਤਾਬੇ ਮਾਹਤਾਬੇ। ਇਕ ਪਲ ਵਿਚ ਕਰ ਦੇਸੈਂ ਪੈਦਾ ਬੇ ਤਾਖੀਰ ਸ਼ਤਾਬੇ॥ [ਐਹਮਦ ਯਾਰ

ਦਾਲ–ਦਰਦੋਂ ਬੇ ਦਰਦ ਨਾ ਹੋ ਮੀਆਂ, ਦਰਦ ਯਾਰ ਦੇ ਦਿਲ ਵਿੱਚ ਰੱਖੀਂ। ਏਹ ਤਾਂ ਦਰਦ ਹੈ ਚੀਜ਼ ਅਜੀਬ ਭਾਈ, ਦਰਦ ਆਵੇ ਨਾ ਹਥ ਕਰੋੜੀ ਲੱਖੀਂ। ਇਸ ਦਰਦ ਦੀ ਸਾਰ ਹੈ ਆਸ਼ਕਾਂ ਨੂੰ, ਜੇਹੜੇ ਰਖਦੇ ਨੀ ਦਰਦ ਵਿਚ ਅੱਖੀਂ। ਪਿਆਰੇ ਯਾਰ ਦਾ ਦਰਦ ਨਾ ਰਹੇ ਛਿਪਿਆ, ਜਿਵੇਂ ਅੱਗ ਨਾ ਛਿਪਦੀ ਵਿਚ ਕੱਖੀਂ॥

(ਪਿਆਰੇ ਸਾਹਿਬ

ਸਿਖਾਂ ਦਾ ਰਾਜ ਤੇ ਗਇਆ ਪਰ ਕਵਿਤਾ ਦਾ ਸ਼ੌਕ ਨਾ ਗਇਆ। ਰਤਾ ਦੇਸ ਵਿਚ ਅਮਨ ਹੋਇਆ ਤਾਂ ਕਵੀ ਆ ਪ੍ਰਗਟੇ। ਫਜ਼ਲ ਸ਼ਾਹ, ਗੁਲਾਮ ਰਸੂਲ, ਹਦਾਇਤ ਉੱਲਾਹ, ਅਰੂੜਾ ਰਾਇ ਆਦਿ ਨੇ ਲਾਹੌਰ ਵਿਚ ਕਵਿਤਾ ਦਾ ਜੋਸ਼ ਰਖਿਆ। ਓਧਰ ਲੈਹੰਦੇ ਦੇਸ, ਗੁਜਰਾਤ, ਜੇਹਲਮ ਦੇ ਜ਼ਿਲਿਆਂ ਵਿਚ ਵੀ ਕਵੀ ਹੋਏ, ਜੀਕਨ ਸ਼ਮਸ਼ਦੀਨ, ਐਹਮਦ ਯਾਰ ਦੂਜਾ। ਦੁਆਬੇ ਤੇ ਮਾਲਵੇ ਵਲ ਜੀਵਾ ਸਿੰਘ, ਭਗਵਾਨ ਸਿੰਘ, ਕਿਸ਼ਨ ਸਿੰਘ ਆਰਿਫ ਆਦਿ ਨੇ ਅਪਨੀ ੨ ਸੁੰਦਰ ਕਵਿਤਾ ਲਿਖ ਲਿਖ ਲੋਕਾਂ ਦੇ

ਜੀ ਪਰਚਾਏ। ਗੱਲ ਕੀ ਏਹ ਸਮਾਂ ਪੰਜਾਬੀ ਕਵਿਤਾ ਦੇ ਬੜੇ ਤੇਜ ਦਾ ਸਮਾਂ ਸੀ, ਪਰ ਏਸੇ ਸਮੇਂ ਪੰਜਾਬੀ ਦੀ ਰਹੀ ਖੂਹੀ ਅਪਨਿਤ ਵੀ ਜਾਂਦੀ ਰਹੀ; ਫਾਰਸੀ ਪਦਾਂ ਦੀ ਭਰਮਾਰ, ਫਾਰਸੀ ਤਸ਼ਬੀਹਾਂ ਤੇ ਮੁਹਾਵਰੇ। ਇਕ ਬੈਂਤ ਪੜ੍ਹੋ, ਫਾਰਸੀ ਬਿਨਾ ਕੁਝ ਲਭਦਾ ਨਹੀਂ॥

ਨਾਲੋ ਨਾਲ ਉਰਦੂ ਵੀ ਪੰਜਾਬ ਵਿਚ ਵੜ ਆਈ ਸੀ ਅਰ ਮੌਲਾਨਾ ਆਜ਼ਾਦ ਦੀ ਕਿਰਪਾ ਨਾਲ ਉਰਦੂ ਮੁਸ਼ਾਇਰੇ ਸ਼ੁਰੂ ਹੋ ਗਏ ਸਨ। ਅਜ਼ਾਦ ਹੋਰਾਂ ਪੰਜਾਬੀ ਕਵੀਆਂ ਨੂੰ ਵੀ ਗਜ਼ਲ ਦਾ ਰੂਪ ਵਖਾ ਮੋਹਤ ਕਰ ਲੀਤਾ। ਏਤਾ ਅਸਰ ਹੋਇਆ ਕਿ ਪੰਜਾਬੀ ਕਵੀਆਂ ਨੇ ਗਜ਼ਲਾਂ ਲਿਖਣੀਆਂ ਵੀ ਸ਼ੁਰੂ ਕਰ ਦਿਤੀਆਂ, ਪਰ ਘੱਟ। ਨਮੂਨਾ ਗਜ਼ਲਾਂ:--

ਸਦਾ ਦੁਖਾਂ ਦੀ ਕਾਲੀ ਰੈਨ ਆਵੇ। ਤੁਸਾਂ ਦੇ ਬਾਝ ਨਾ ਪਲ ਚੈਨ ਆਵੇ। ਮੇਰਾ ਬਿਰਹੋਂ ਥੀਂ ਹੋਇਆ ਹਾਲ ਅਬਤਰ। ਸਜਨ ਆਵੇ ਤੇ ਦਿਲ ਨੂੰ ਚੈਨ ਆਵੇ। ਵਿਸਾਲ ਉਸ ਸ਼ੋਖ ਦਾ ਹੋਵੇਗਾ ਕੀਕਰ। ਜਦ ਆਵੇ ਪਾਸ ਬਨ ਤੂਫੈਨ ਆਵੇ। ਅਜਬ ਕੁਰਬਾਨ ਹਸਤੀ ਦਾ ਹੈ ਗੁਲਸ਼ਨ। ਜੋ ਆਵੇ ਸੈਰ ਕਰਦਾ ਵੈਨ ਆਵੇ॥

ਗਜ਼ਲ ਵਿਚ ਪੰਜਾਬੀ ਨਾਂ ਮਾਤ੍ਰ ਹੀ ਹੈ॥

ਪੰਜਾਬੀ ਮੁਸ਼ਾਇਰੇ ਸ਼ੁਰੂ ਹੋ ਗਏ ਅਰ ਮਿਥੀਆਂ ਹੋਈਆਂ ਤੁਕਾਂ ਤੇ ਕਵੀ ਕਵਿਤਾ ਲਿਖ ੨ ਸੁਨਾਂਦੇ ਅਰ ਵਾਹ ਵਾਹ ਪਾਂਦੇ ਸਨ। ਬੈਂਤ ਬਾਜ਼ੀ ਹੁੰਦੀ ਰਹੀ। ਫਜ਼ਲ ਸ਼ਾਹ ਅਰ ਹੂੜੇ ਰਾਇ ਦੇ ਮੁਕਾਬਲੇ ਅਰ ਹੋਰ ਦੂਜੇ ਕਵੀਆਂ ਦੇ ਮਾਰਕੇ ਦੀ ਬੈਂਤ ਬਾਜ਼ੀ ਅਜੇ ਵੀ ਕਈਆਂ ਨੂੰ ਯਾਦ ਹੋਨੀ ਏ।

ਅਜ ਕਲ ਫੇਰ ਮੁਸ਼ਾਇਰੇ (ਕਵੀਦਰਬਾਰ) ਸ਼ੁਰੂ ਹੋਗਏ ਹਨ ਤੇ ਅਨੇਕ ਕਵੀ ਹੁਣ ਖਾਸ ਮਿਥੀ ਹੋਈ ਸਮਸਿਆ (ਤਰ੍ਹਾਅ) ਉਤੇ

ਕਵਿਤਾ ਲਿਖਦੇ ਨੇ ਤੇ ਜਲਸਿਆਂ ਵਿਚ ਪੜ੍ਹਦੇ ਨੇ।

### ਪੁਲੀਟੀਕਲ ਕਵਿਤਾ

ਜਦ ਕਾਨੂੰਨ ਨਵੀ ਆਬਾਦੀ ਪਾਸ ਹੋਨ ਨੂੰ ਸੀ, ਅਰ ਲਾਇਲ ਪੁਰ ਆਦਿ ਥਾਵਾਂ ਦੇ ਜੱਟਾਂ ਨੇ ਸ਼ੋਰ ਪਾਇਆ। ਅਜੀਤ ਸਿੰਘ ਨੇ ਮੂੰਹ ਤੋੜ ਵਖਿਆਨ ਦਿਤੇ, ਉਸ ਵੇਲੇ ਪੰਜਾਬੀ ਦੀ ਕਵਿਤਾ ਦਾ ਹੋਰ ਰੰਗ ਹੋਇਆ। ਪੁਲੀਟੀਕਲ ਕਵਿਤਾ ਲਿਖੀ ਜਾਨ ਲੱਗੀ। ਜਿਸ ਦਾ ਸਭ ਤੋਂ ਮਸ਼ਹੂਰ ਨਮੂਨਾ "ਪਗੜੀਸਮਾਲ ਓ ਜੱਟਾ ਪਗੜੀ ਸਮਾਲ ਓ' ਹੈ।

ਪੰਜਾਬੀਆਂ ਹਿੰਦੂਆਂ ਤੇ ਮੁਸਲਮਾਨਾਂ ਨੇ ਅਪਨੇ "ਹੱਕਾਂ" ਦੀ ਰਾਖੀ ਲਈ ਕਵਿਤਾ ਲਿਖੀ, ਪਰ ਕੁਝ ਚਿਰ ਮਗਰੋਂ ਏਹ ਜ਼ੋਰ ਠੰਡਾ ਪੈ ਗਿਆ। ਜਦ ਵਡੀ ਲੜਾਈ ਸ਼ੁਰੂ ਹੋਈ ਅਤੇ ਸਰਕਾਰ ਨੂੰ ਲੋਕਾਂ ਵਿਚ ਸਰਕਾਰੀ ਹਮਾਇਤ ਦਾ ਖਿਆਲ ਦਵਾਨ ਤੇ ਰੰਗਰੂਟਾਂ ਦੀ ਭਰਤੀ ਤੇ ਲੜਾਈ ਲਈ ਦੱਮਾਂ ਦੀ ਥੋੜ ਪੂਰੀ ਕਰਨ ਦੀ ਲੋੜ ਪਈ ਤਾਂ ਪੰਜਾਬੀ ਵਿਚ ਹੀ ਜ਼ਬਰਦਸਤ ਪ੍ਰਾਪੋਗੰਡਾ (Propaganda) ਸ਼ੁਰੂ ਕੀਤਾ ਗਿਆ। ਹਰ ਕੰਨ ਵਿਚ "ਹਕ" ਦੀ ਅਵਾਜ਼ ਪੁਚਾਨ ਦੀ ਕੋਸ਼ਸ਼ ਕੀਤੀ ਗਈ। ਥਾਂ ਥਾਂ ਕਮੇਟੀਆਂ ਬਨ ਗਈਆਂ, ਲਿਖਾਰੀਆਂ ਤੇ ਕਵੀਆਂ ਨੂੰ ਸੱਦਾ ਪਿਆ, ਜੋ ਪੇਂਡੂਆਂ ਦੇ ਕੰਨੀਂ ਸਰਕਾਰੀ ਰਾਜ ਦੀ ਸੋਭਾ ਤੇ ਵਡਿਆਈ ਪੁਚਾਨ ਤੇ ਜੰਗ ਵਾਸਤੇ ਮਦਦ ਹਾਸਲ ਕਰਨ। ਏਹ ਗਲ ਪੰਜਾਬੀ- ਜੇਹੜੀ ਪੇਂਡੂਆਂ ਦੀ ਬੋਲੀ ਸੀ—ਤੋਂ ਛੁਟ ਹੋਰ ਕਿਸੇ ਬੋਲੀ ਵਿਚ ਨਹੀਂ ਸੀ ਹੋ ਸਕਦੀ। ਇਸ ਕਰਕੇ ਪੰਜਾਬੀ ਕਵਿਤਾ ਨੂੰ ਸਰਕਾਰ ਵਲੋਂ ਵੀ ਹਮੈਤ ਮਿਲੀ, ਥਾਂ ਥਾਂ ਜਲਸਿਆਂ ਵਿਚ ਪੰਜਾਬੀ ਦੀਆਂ ਨਜ਼ਮਾਂ ਪੜ੍ਹੀਆਂ ਜਾਨ ਲਗੀਆਂ, ਮੁਸ਼ਾਇਰੇ ਕੈਮ ਹੋ ਗਏ। "ਹਕ" ਅਖਬਾਰ ਪੰਜਾਬੀ ਕਵਿਤਾ ਨਾਲ ਭਰਿਆ ਹੁੰਦਾ ਸੀ ਅਤੇ ਗਲੀ ਗਲੀ ਏਹੋ ਗੀਤ ਗਾਏ ਜਾਂਦੇ ਸਨ:—

ਜਰਮਨ ਨੂੰ ਮਾਰ ਮੁਕਾਵਾਂਗੇ ।
ਸਰਕਾਰ ਦੀ ਫਤੇ ਕਰਾਵਾਂਗੇ ॥

ਜੰਗ ਦੀ ਫਤੇਹ ਪਿਛੋਂ ਲੋਕਾਂ ਦੀਆਂ ਅਖਾਂ ਸਰਕਾਰ ਵਲ ਸਨ ਕਿ ਸਾਨੂੰ ਹਕੂਕ ਮਿਲਦੇ ਨੇ, ਪਰ ਰੀਫਾਰਮਾਂ ਤੇ ਮਿਲੀਆਂ ਪਿਛੋਂ, ਪੈਹਲੋਂ ਮਿਲਿਆ ਰੌਲਟ ਐਕਟ, ਜਿਸ ਨੇ ਸਭ ਥਾਂ ਰੌਲਾ ਪਵਾ ਦਿਤਾ। ਦੇਸ਼ ਵਿਚ ਨਵੀਂ ਲੈਹਰ–ਪੁਲੀਟੀਕਲ ਲੈਹਰ ਚਲ ਪਈ। ਮਹਾਤਮਾਂ ਗਾਂਧੀ ਨੇ ਅਪਨੀ ਨਾ ਮਿਲਵਰਤਨ ਦੀ ਮੁਹਿੰਮ ਸ਼ੁਰੂ ਕੀਤੀ, ਓਧਰ ਮੁਸਲਮਾਨਾਂ ਵਿਚ ਖ਼ਿਲਾਫ਼ਤ ਲੈਹਰਸ਼ੁਰੂ ਹੋਪਈ। ਏਹਨਾਂ ਦੋਹਾਂਲੈਹਰਾਂ ਵਿਚ ਸ਼ਾਮਲ ਕਰਨ ਲਈਫੇਰ ਪੇਂਡੂਆਂ ਜਾਂਆਮ ਲੋਕਾਂ ਨੂੰ ਝੂਨਾ ਦੇਣ ਦੀ ਲੋੜ ਸੀ ਤੇ ਫੇਰ ਪੰਜਾਬੀ ਗੀਤ ਤੇ ਨਜ਼ਮਾਂ ਸ਼ੁਰੂ ਹੋਈਆਂ। ਗ਼ਲੀ, ਬਜ਼ਾਰ, ਪਿੰਡ; ਸ਼ੈਹਰ, ਘਰ ਘਰ ਏਹੀ ਗੀਤ, ਏਹੀ ਰੰਗ। ਕਿਧਰੇ ਸਰਕਾਰ ਦੇ ਬਰਖਲਾਫ ਗੌਣ, ਕਿਧਰੇ ਖਲੀਫਾ ਦੇ ਰੋਨ ਹੋਣ, ਬੜੀ ਲੈਹਰ ਚਲੀ, ਓਸ ਵੇਲੇ ਤੇ ਏਹੀ ਜਾਪਦਾ ਸੀ ਕਿ ਏਹ ਹੜ੍ਹ ਕਦੀ ਠਲ੍ਹਿਆ ਨਹੀਂ ਜਾਣਾ, ਪਰ ਕੁਝ ਚਿਰ ਪਿਛੋਂ ਹਿੰਦ ਦੀਆਂ ਅਨੇਕ ਲੈਹਰਾਂ ਵਾਂਗੂ ਇਹ ਵੀ ਸੌਂ ਗਈ ਪਰ ਆਪਨਾ ਅਸਰ ਪੰਜਾਬੀ ਕਵਿਤਾ ਤੇ ਛਡ ਗਈ। ਓਧਰ ਤੇ ਨਾ ਮਿਲ ਵਰਤਨ ਲੈਹਰ ਸੀ ਤੇ ਏਦਰ ਸਿਖਾਂ ਵਿਚ "ਅਕਾਲੀ ਲੈਹਰ" ਗੁਰਦੁਆਰਾ ਸੁਧਾਰ. ਲੜੀ ਸ਼ੁਰੂ ਹੋ ਪਈ, ਸਿਖਾਂ ਦੀ ਤੇ ਗੁੜਤੀ ਈ ਪੰਜਾਬੀ ਸੀ, ਉਹਨਾਂ ਤੇ ਬੋਲਨਾ ਕੂਨਾ ਈ ਪੰਜਾਬੀ ਵਿਚ ਸੀ। ਅਕਾਲੀ ਲੈਹਰ ਦੀ ਕਵਿਤਾ ਦੀ ਲੈਹਰ ਈ ਹੋਰ ਹੈ, ਵੰਨਗੀਆਂ ਅਗੇ ਚਲਕੇ ਲਿਖਣੇ ਆਂ। ਏਹਨਾਂ ਲੈਹਰਾਂ ਨਾਲ ਪੰਜਾਬੀ ਕਵਿਤਾ ਦਾ ਢੰਡੋਰਾ ਦੇਸ ਵਿਚ ਫਿਰ ਗਿਆ, ਇਸਦੀ ਵਡਿਆਈ ਤੇ ਉਚਿਆਈ ਦਾ ਥਹੁ ਪੜ੍ਹਿਆਂ ਲਿਖਿਆਂ ਨੂੰ ਵੀ ਲਗਾ, ਪੰਜਾਬੀ ਵਿਚ ਮੈਗਜ਼ੀਨ ਤੇ ਰਿਸਾਲੇ ਨਿਕਲੇ, ਕੁਝ ਗ਼ੁਰਮੁਖੀ ਅਖਰਾਂ ਵਿਚ, ਕੁਝ ਉਰਦੂ ਵਿਚ ਤੇ ਹੁਣ

ਹਿੰਦੀ ਅਖਰਾਂ ਵਿਚ ਵੀ ਛੱਵਨ ਦਾ ਪ੍ਰਬੰਧ ਹੋ ਰਿਹਾ ਹੈ। ਬੋਲੀ ਪੰਜਾਬੀ, ਅਖਰ ਚਾਹੇ ਕੋਈ ਕੁਝ ਹੋਣ। ਏਹੀ ਸਾਡਾ ਆਖਨਾ ਸੀ ਜੇ ਪੰਜਾਬੀਆਂ ਨੇ ਹੋਰ ਹਿੰਮਤ ਕੀਤੀ ਤਾਂ ਛੇਤੀ ਈ ਪੰਜਾਬੀ ਕਵਿਤਾ ਆਪਨੀ ਉਰਦੂ ਭੈਣ ਤੋਂ ਕਿਧਰੇ ਅਗੇ ਲੰਘ ਜਾਵੇਗੀ ਤੇ ਹਿੰਦੀ ਤੋਂ ਵੀ ਕਿਸੇ ਗਲੇ ਘਟ ਨਾ ਰੈਹਸੀ।

ਅਕਾਲੀ ਤੇ ਨਾ ਮਿਲਵਰਤਨ ਲਹਿਰ ਦੀ ਕਵਿਤਾ ਦੇ ਕੁਝ ਨਮੂਨੇਃ–

ਅਸੀ ਗੀਤ ਵਤਨ ਦੇ ਗਾਵਾਂਗੇ।
ਸਭ ਝਗੜੇ ਹੋਰ ਮਿਟਾਵਾਂਗੇ॥

ਸਾਡੀ ਮਾਤਾ ਹਿੰਦ ਪਿਆਰੀ ਏ,
ਜੇਹੜੀ ਸਾਨੂੰ ਪਾਲਨ ਹਾਰੀ ਏ,
ਅੱਜ ਡਾਹਡੀ ਉਹ ਦੁਖਿਆਰੀ ਏ,
ਹੁਣ ਉਸਦੇ ਦੁਖ ਮਿਟਾਵਾਂਗੇ।
ਕੀ ਹੋਇਆ ਰੰਗ ਦੇ ਕਾਲੇ ਹਾਂ,
ਅਸੀ ਭਾਰਤ ਮਾਂ ਦੇ ਬਾਲੇ ਹਾਂ,
ਜਿਸ ਗੋਦੀ ਪਾ ਕੇ ਪਾਲੇ ਹਾਂ,
ਜਿੰਦ ਮਾਤਾ ਉਤੋਂ ਘੁਮਾਵਾਂਗੇ।
ਹੇ ਸਾਈਆਂ ਐਸੀ ਵਾਉ ਝੁਲੇ,
ਕਦੀ ਸਾਡਾ ਵੀ ਸੁਕਿਆ ਬਾਗ਼ਫੁਲੇ,
ਏਹ ਚਿਰ ਦਾ ਬੰਦੀਵਾਨ ਖੁਲ੍ਹੇ,
ਅਸੀ ਤੇਰਾ ਸ਼ੁਕਰ ਮੰਨਾਵਾਂਗੇ।
("ਦਰਦ"

ਆ ਗਈ ਰੁਤ ਸ਼ਹੀਦੀ ਭਾਈਓ॥
ਗੀਤ ਸ਼ਹੀਦੀ ਗਾਵਾਂਗੇ॥
ਭੁਲਿਆ ਜਦ ਥੀਂ ਹੁਕਮ ਅਕਾਲੀ।

ਨਾ ਓਹ ਬਾਨ ਨ ਸ਼ਾਨ ਰਹੀ ।
ਨਾ ਓਹ ਝੰਡਾ ਹਥ ਅਕਾਲੀ,
ਨਾ ਓਹ ਗਲ ਕ੍ਰਿਪਾਨ ਰਹੀ ।
ਜੋਗਲ ਦੇ ਵਿਚ ਰਹੀ ਆਜ਼ਾਦੀ.
ਏਕਤਾ ਵਿਚ ਮੈਦਾਨ ਰਹੀ ।
ਬੀਰ ਮਹਿਤਾਬ ਸਿੰਘ ਜੀ ਵਰਗੀ,
ਧਰਮ ਲਈ ਨਾ ਆਨ ਰਹੀ ।
ਗੁਰ ਧਾਮਾਂ ਵਿਚ ਧਰਮ ਰਿਹਾ ਨਾ,
ਫੂਲਾ ਸਿੰਘ ਦੀ ਜਾਨ ਰਹੀ ।
ਲਛਮਨ ਸਿੰਘ ਦੇ ਖੂਨ ਨਾ ਹੁਣ, ਬਾਗ਼ ਸ਼ਹੀਦੀ ਲਾਵਾਂਗੇ ।
ਆ ਗਈ ਰੁਤ ਸ਼ਹੀਦੀ ਭਾਈਓ, ਗੀਤ ਸ਼ਹੀਦੀ ਗਾਵਾਂਗੇ ।
ਕਿਥੇ ਗਈ ਆ ਭਾਰਤਾ ਓਹ ਲਾਲੀ,
ਤੇਰਾ ਰੰਗ ਹੁਣ ਜਿਵੇਂ ਕਚੂਰ ਦਾ ਏ ।
ਕੇਹੜੀ ਆਸ ਤੇ ਕਰੇ ਤੂੰ ਮਿਲਵਰਤਨ,
ਸੋਨਾ ਬਣੇ ਨਾ ਕਦੀ ਮਨੂਰ ਦਾ ਏ ।
ਜਿੰਦ ਸੁਕਦੀ ਪਈ ਪਿਆਸਿਆਂ ਦੀ,
ਬਣੇ ਚਸ਼ਮਾਂ ਨਹੀਂ ਤੰਦੂਰ ਦਾ ਏ ।
ਦਾਰੂ 'ਦਰਦ' ਦਾ ਇਕੋ ਨਾ-ਮਿਲਵਰਤਨ,
ਏਹ ਤਾਂ ਢੋਲ ਸੁਹਾਵਣਾ ਦੂਰ ਦਾ ਏ ।
("ਦਰਦ"

ਮੰਦਰ ਵਿਸਾਰੇ ਜਾ ਦਲੇਰ ਪੰਥ ਖਾਲਸੇ ਨੇ,
ਦਿਨ ਦਿਨ ਵਧ ਗਈਆਂ ਤਾਂ ਹੀ ਤਾਂ ਖੁਆਰੀਆਂ !
ਮਲ ਬੈਠੇ ਆਪ ਹੀ ਪੁਜਾਰੀ ਗੁਰਦਵਾਰਿਆਂ ਨੂੰ,
ਜਦੀ ਮਲਕੀਤਾਂ ਹੀ ਬਨਾਈਆਂ ਵਿਭਚਾਰੀਆਂ !

ਬਹੂ ਬੇਟੀਆਂ ਦੀਆਂ ਭੀ ਇਜ਼ਤਾਂ ਗਵੌਣ ਲਗੇ,
ਬੈਠ ਗਏ ਮਲ ਮਲ ਉਚੀਆਂ ਅਟਾਰੀਆਂ !
ਫਿਰੇ ਭਾਗ ਜਾਗ ਉਠੀ ਕੌਮ ਕਿਵੇਂ ਝਲ ਸਾਕੇ,
ਤਾਂਹੀਂ ਖਾਲਸੇ ਨੇ ਨਨਕਾਣੇ ਜਿੰਦਾਂ ਵਾਰੀਆਂ !
("ਗਜਰਾਜ"

ਝੂਲਨਾ:—

ਧਰਮ ਨੂੰ ਵਾਹ ਲਗੀ ਵੇਖ ਧਰਮੀਆਂ,
ਠਲ੍ਹਣੇ ਨੂੰ ਤੁਰਤ ਕੀਤੀਆਂ ਤਿਆਰੀਆਂ।
ਸ਼ਾਂਤਮਈ ਸਾਧੂਆਂ ਸੂਰਿਆਂ ਤੇ ਅੱਗੋਂ,
ਰਾਜ ਮਦ ਮਤਿਆਂ ਗੋਲੀਆਂ ਮਾਰੀਆਂ।
ਸੀਸ ਦੀ ਫੀਸ ਦੇ ਹੋਇ ਦਾਖਲ 'ਦੁਖੀ',
ਵੇਸ਼ ਨੂੰ ਦੇ ਗਏ ਦੌਲਤਾਂ ਭਾਰੀਆਂ।
ਘੋਲੀਆਂ, ਵਾਰੀਆਂ, ਵੀਰਨਾਂ ਤੋਂ ਜਿਨ੍ਹਾਂ,
ਧਰਮ ਖਾਤਰ ਜਿੰਦਾਂ ਘੋਲੀਆਂ ਵਾਰੀਆਂ।
["ਦੁਖੀ"

ਝਗੜੇ "ਰਾਮ" "ਰਹੀਮ" ਦੇ ਪਾ ਪਾਕੇ,
ਕਾਹਨੂੰ ਭਾਰਤ ਨੂੰ ਦੁਖ ਆਜ਼ਾਰ ਦਈਏ।
ਜੇਹੜਾ 'ਮੰਦਰ' 'ਮਸੀਤ' ਦਾ ਰਾਹ ਪੁਛੇ,
ਦਸ ਓਸਨੂੰ ੧ਓਅੰਕਾਰ ਦਈਏ।
ਓਹਦੇ ਨਾਮ ਦੀ ਯਾਦ ਜੇ ਹੋਵੇ ਕਰਨੀ,
ਸਚੇ ਗੁਰੂ ਉਤੇ ਨੀਤ ਧਾਰ ਦਈਏ।
ਲਈਏ ਪੌਹਲ ਮਰਦਾਨੇ ਦੇ ਵਾਂਗ ਐਸੀ,
'ਜਨਮ' "ਕੁਲ" ਸਭ ਆਪਨੀਤਾਰ ਦਈਏ।
ਸੱਚਾ ਸੌਦਾ ਸਵੈਰਾਜ ਦਾ ਜੇਹਾ ਕਰੀਏ,

ਵੇਚ ਆਪਨਾ ਕੁਲ ਘਰ ਬਾਰ ਦਈਏ।
ਨਾੜਾਂ ਤਨ ਤੰਬੂਰ ਦੀਆਂ ਹੋਨ ਤਾਰਾਂ,
ਲਗੀ ਅਗ ਤੇ ਛੇੜ ਮਲ੍ਹਾਰ ਦਈਏ।
ਹੋਣ ਤੇਤੀ ਕ੍ਰੋੜ ਆਜ਼ਾਦ ਹਿੰਦੀ,
ਪੈਰ ਜੇਹਲਾਂ ਵਿਚ ਐਸੇ ਪਸਾਰ ਦਈਏ।
"ਸ਼ਰਫ" ਅੰਮ੍ਰਿਤ ਸਵਰਾਜ ਦੇ ਮਾਰ ਛਟੇ,
ਨਿਤ ਸੜਦੀਆਂ ਹਿਕਾਂ ਨੂੰ ਠਾਰ ਦਈਏ।
("ਸ਼ਰਫ"

ਖਦਰ ਤੇ ਚਰਖੇ ਦੇ ਗੀਤ, ਖਲਾਫਤ ਤੇ ਸੰਗੱਠਨ ਦੇ ਗੀਤ ਘਰ ਘਰ ਗਾਏ ਜਾਣ ਲਗੇ। "ਪਰਚੀ ਨਹੀਂ ਦੇਣੀ ਮਹਾਰਾਜ" ਦੀ ਸੁਰ ਹਰ ਇਕ ਜਲਸੇ ਵਿਚ ਗੂੰਜਣ ਲਗੀ; ਗਲ ਕੀ ਹਿੰਦੂਆਂ, ਮੁਸਲਮਾਨਾਂ ਸਾਰਿਆਂ ਨੇ ਪੰਜਾਬੀ ਦਾ ਆਸਰਾ ਲੈਕੇ ਪੁਲੀਟੀਕਲ ਪ੍ਰਚਾਰ ਕੀਤਾ।

**ਰੀਨਾਇਸੈਂਸ—ਨਵਾਂ ਜੀਵਨ**

ਅਜ ਕਲ ਪੰਜਾਬੀ ਕਵਿਤਾ ਦੀ ਰੀਨਾਇਸੈਂਸ (Renaissance) ਜਾਂ ਨਵੇਂ ਜਨਮ ਦਾ ਸਮਾਂ ਹੈ। ਪੁਰਾਨੀਆਂ ਗੱਲਾਂ ਛਡਕੇ ਜ਼ਮਾਨੇ ਦੀ ਚਾਲ ਮੂਜਬ ਨਵਾਂ ਰੰਗ ਕਵਿਤਾ ਨੂੰ ਚੜ੍ਹਾਇਆ ਜਾਂਦਾ ਹੈ।

ਅਗੇ ਤੇ ਇਸ ਕੰਮ ਵਿਚ ਸਿੱਖ ਈ ਹਿਸਾ ਲੈਂਦੇ ਸਨ; ਪਰ ਹੁਣ ਮੁਸਲਮਾਨ ਤੇ ਹਿੰਦੂ ਭਰਾਵਾਂ ਨੂੰ ਅਪਨੀ ਬੋਲੀ ਦੀ ਸੁੱਧ ਆਈ ਹੈ। ਅਰ ਕਈ ਹਿੰਦੂ ਲਿਖਾਰੀਆਂ ਨੇ ਚੰਗੀਆਂ ਚੰਗੀਆਂ ਪੁਸਤਕਾਂ ਲਿਖੀਆਂ ਨੇ ਮੁਸਲਮਾਨਾਂ ਨੇ ਅਜੇ ਪੰਜਾਬੀ ਲਿਟ੍ਰੈਚਰ ਵਧਾਨ ਵਲ ਪੂਰਾ ਧਿਆਨ ਨਹੀਂ ਦਿਤਾ। ਪਰ ਉਹਨਾਂ ਦਾ ਧਿਆਨ ਪੰਜਾਬੀ ਬੋਲੀ ਵਲ ਜ਼ਰੂਰ ਹੋ ਗਿਆ ਹੈ, ਤਾਂ ਈ ਤੇ ਯੂਨੀਵਰਸਟੀ

ਨੇ ਪੰਜਾਬੀ ਦੇ ਇਮਤਿਹਾਨ ਉਰਦੂ ਅਖਰਾਂ ਵਿਚ ਵੀ ਕਰ ਦਿਤੇ ਨੇ ।

ਨਵੇਂ ਜ਼ਮਾਨੇ ਦੀ ਰੰਗਣ ਪੰਜਾਬੀ ਕਵਿਤਾ ਵਿਚ ਆ ਰਹੀ ਏ ! ਪੁਰਾਨੀ ਬੈਂਤ ਬਾਜ਼ੀ ਦਾ ਸਮਾਂ ਗਇਆ। ਹੁਣ ਬੈਂਤ ਤੇ ਲਿਖਦੇ ਨੇ ਪਰ ਮਜ਼ਮੂਨ ਚੰਗਾ ਤੇ ਸੁਥਰਾ। ਪੰਜਾਬੀ ਕਵਿਤਾ ਦੀਆਂ ਬੈਹਰਾਂ ਵਿਚ ਵੀ ਖੁਲ ਹੋ ਗਈ ਹੈ । BlanK Verse ਸਿਰਖੰਡੀ ਛੰਦ ਨੂੰ ਭਾਈ ਵੀਰ ਸਿੰਘ ਜੀ ਨੇ ਰਾਣਾ ਸੂਰਤ ਸਿੰਘ ਵਿਚ ਅਜੇਹਾ ਨਿਭਾਇਆ ਕਿ ਪਛਮੀ ਲਿਖਾਰੀ ਵੇਖ ਕੇ ਵੀ ਰੀਸ ਕਰਨ ਦੀ ਚਾਹ ਕਰਨ। ਨਵੇਂ ਸਮੇਂ ਨਾਲ ਪੰਜਾਬੀ ਕਵਿਤਾ ਦੇ ਸਭ ਘਾਟੇ ਪੂਰੇ ਹੋ ਰਹੇ ਹੈਨ। ਪੜੇ ਲਿਖੇ ਸਜਨ ਇਸ ਕੰਮ ਨੂੰ ਆਪ ਹਥ ਵਿਚ ਲੈ ਰਹੇ ਹੈਨ। ਇਸ ਕਰਕੇ ਸਾਡੀ ਆਸ ਵੀ ਵਧ ਰਹੀ ਹੈ।

--:o:--

੧ ੴ ਸਤਿਗੁਰ ਪ੍ਰਸਾਦਿ ॥

# ਦੂਜਾ ਰਸ

## ਪ੍ਰੇਮ ਜੰਞ

ਅੱਜ ਬਾਜ਼ਾਰਾਂ ਵਿਚ ਗੈਹਮਾ ਗੈਹਮ ਹੈ, ਬੈਠਕਾਂ ਤੇ ਕੋਠਿਆਂ ਦੀਆਂ ਛੱਤਾਂ ਵੇਖਣ ਵਾਲਿਆਂ ਨਾਲ ਭਰਪੂਰ, ਜਿੱਧਰ ਨਜ਼ਰ ਮਾਰੋ, ਕੀ ਨੇੜੇ ਕੀ ਦੂਰ; ਸਭ ਜਗਾ ਮਨੁੱਖਾਂ ਨਾਲ ਭਰੀ ਵਖਾਈ ਦੇਂਦੀ ਹੈ। ਅੱਜ ਕੀ ਹੈ? ਕਿਸੇ ਜਲੌ, ਚੜ੍ਹਾਈ ਜਾਂ ਜੰਞ ਦੀ ਉਡੀਕ ਲਗੀ ਹੈ। ਵੇਖੋ ਸਾਰੇ ਚੜ੍ਹਦੇ ਵੱਲ ਨੀਝ ਲਾਈ ਬੈਠੇ ਹਨ। ਔਹ ਲੌ! ਏਹ ਕੀ ਆਖਦਾ ਹੈ? ਢਮ! ਢਮ!! ਢਮ!!! "ਉਹ ਸੁਨੋ ਭਈ ਲੋਕੋ। ਸਤਜੁਗੀ ਦਰਬਾਰ ਪ੍ਰੇਮ ਬਰਾਦਰੀ ਵਿਚ ਸਜ ਚੁਕਾ ਹੈ, ਹੁਣ ਪ੍ਰੇਮ ਜੰਞ ਚਲੀ ਆਉਂਦੀ ਹੈ, ਸਤ ਜੁਗੀ ਦਰਬਾ-ਰੀਆਂ ਦੀ ਸੇਵਾ ਵਿਚ ਹਾਜ਼ਰ ਹੋਕੇ ਦਰਸ਼ਨਾਂ ਦੇ ਆਨੰਦ ਲਵੇਗੀ। ਪੁਰਾਨੇ ਪੁਰਾਨੇ ਪ੍ਰੇਮ ਭਰੇ ਕਵੀਆਂ ਦੇ ਦਰਸ਼ਨ ਕਰਨੇ, ਤੇ ਪ੍ਰੇਮ ਦੀ ਕਣੀ ਮਤਾਂ ਝੋਲੀ ਪੈ ਜਾਏ, ਤਾਂ ਜਨਮ ਸਕਾਰਥਾ ਸਮਝਨਾਂ"। ਢਮ!! ਢਮ!! ਢਮ!!!

ਲੌ ਜੀ ਹੁਣ ਪਤਾ ਲੱਗਾ, ਕੀ ਗੱਲ ਹੈ, ਔਹ ਲੌ। ਵਾਜੇ ਦੀ ਅਵਾਜ਼ ਆਈ। ਏਹ ਗੱਲਾਂ ਹੁੰਦੀਆਂ ਹੀ ਸਨ ਕਿ ਨਸ਼ਾਨਚੀ ਤੇ ਵਾਜੇ ਵਾਲੇ ਆ ਪਹੁੰਚੇ, ਓਹਨਾਂ ਦੇ ਪਿਛੇ ਕੁਝ ਪੁਰਾਣੇ ਫੈਸ਼ਨ ਦੇ ਲੋਕਾਂ ਦਾ ਇਕ ਜੱਥਾ ਸੀ, ਲੰਮੇਂ ਚੋਗੇ, ਵੱਡੀਆਂ ਪੱਗਾਂ ਸਲਵਾਰਾਂ ਵੀ ਭਾਰੀਆਂ, ਦਾੜ੍ਹੀਆਂ ਸਾਬਤ ਪਰ ਮੁੱਛਾਂ ਵਿਚੋਂ ਕਤਰੀਆਂ ਹੋਈਆਂ ਪੱਕੇ ਦੀਨਦਾਰ

ਮਰਦ ਵਿਸਦੇ ਸਨ। ਏਹਨਾਂ ਦੇ ਵਿਚ ਕੁਝ ਪੁਰਖ, ਬੁੱਢੇ ਪਰ ਸਦਾ ਸਾਦੀ ਪੁਸ਼ਾਕ ਪਾਏ, ਹੌਲੇ ਹੌਲੇ ਮਸਤ ਚਾਲ ਚਲਦੇ ਆਉਂਦੇ ਹਨ।

ਇਕ ਤੇ "ਪੀਲੂ" ਕਵੀ ਹੈ, ਅਰ ਉਸ ਦੇ ਕੁਝ ਕੁ ਪਿੱਛੇ, ਪਰ ਰਤੀ ਵਧੀਕ ਸ਼ਾਨ ਵਿੱਚ, ਹਾਫ਼ਜ਼ ਬਰਖੁਰਦਾਰ, ਇਸ ਦੇ ਨਾਲ ਨਾਲ ਵਜ਼ੀਰ ਜਾਫ਼ਰ ਖਾਨ ਹੈ। ਹੈਂ! ਵੇਖੋ ਬਰਖੁਰਦਾਰ ਦੇ ਸਿਰ ਤੇ ਸਾਯਾ ਕਾਦ੍ਹਾ ਹੈ? ਏਹ ਤੇ ਕੋਈ ਹਵਾਈ ਵਸਤ ਹੈ। ਕਦੀ ਹਵਾ, ਕਦੀ ਇਕ ਤ੍ਰੀਮਤ ਤੇ ਬੁੱਤ ਦਾ ਝੌਲਾ ਪੈਂਦਾ ਹੈ। ਤੀਵੀਂ ਵੀ ਮੁਟਿਆਰ ਪਰ ਜਖਮਾਂ ਨਾਲ ਘੈਲ, ਲੌਹੂ ਲੁਹਾਨ ਉਹੋ! ਏਹ ਸਾਹਿਬਾਂ ਦੀ ਰੂਹ ਹੋਸੀ। ਏਹ ਕਵੀ ਕੁਝ ਅਪਨੀ ਕਵਿਤਾ ਸੁਨਾਂਦੇ ਹਨ ਅਰ ਲੋਕ ਸੁਨ ਸੁਨ ਮਸਤ ਹੁੰਦੇ ਹਨ।

ਏਹਨਾਂ ਤੋਂ ਪਿੱਛੇ, ਵਾਜਾ ਵੀ ਹੋਰ, ਸੁਰ ਵੀ ਹੋਰ, ਲੋਕ ਵੀ ਹੁਨ ਰਤੀ ਪ੍ਰੇਮ ਵਿੱਚ ਰੰਗੇ, ਐਸ਼ ਦੇ ਮੱਤੇ ਝੂਮਦੇ ਝਾਮਦੇ ਚਲੇ ਆਉਂਦੇ ਹਨ, ਏਹਨਾਂ ਵਿੱਚ ਕਵੀ ਵੀ ਨਵੇਂ ਰੰਗ ਦੇ ਦਿਸਦੇ ਹਨ।

ਸਭ ਤੋਂ ਪੈਹਲੇ ਇਕ ਹਾਫ਼ਜ਼ ਕਵੀ—ਮੁਕਬਲ ਹੈ। ਏਹ ਵੀ ਦੁਰੰਗਾ ਕਵੀ ਹੈ। ਕਦੀ ਤੇ ਪੁਰਾਨੇ ਫ਼ੈਸ਼ਨ ਤੇ ਮਰਸੀਏ ਪੜ੍ਹ ੨ ਲੋਕਾਂ ਨੂੰ ਰਵਾਂਦਾ ਹੈ ਅਰ ਕਦੇ ਨਵਾਂ ਸਾਜ਼ ਕੱਢ, ਹੀਰ ਦੇ ਬੈਂਤ ਸੁਨਾਂਦਾ ਹੈ, ਹੀਰ ਦੀ ਸੁਰ ਛੇੜ ਲੋਕਾਂ ਦੇ ਚਿਤ ਮੋਹ ਲੈਂਦਾ ਹੈ, ਨਵੀਂ ਤੇ ਅਜੀਬ ਸੁਰ ਹੈ। ਵਾਹ ਬੈਂਤ ਦੇ ਕਾਰੀਗਰ। ਏਹਨਾਂ ਦੇ ਕੁਝ ਕੁ ਵਿੱਥ ਤੇ ਇਕ ਕਵੀ; ਸੋਹਨਾ ਸਜੀਲਾ, ਲੰਮੇ ਵਾਲ, ਸਿਰ ਤੇ ਵੱਡੀ ਪੱਗ, ਝੂਮਦਾ ਝਾਮਦਾ ਪ੍ਰੇਮ ਵਿੱਚ ਮਸਤ ਚਲਿਆ ਆਉਂਦਾ ਹੈ। ਇਸ ਦੇ ਸਾਜ ਵਾਜੇ ਤੇ ਕੁਝ ਕੁ ਮੁਕਬਲ ਵਾਂਗੂ,ਪਰ ਰਸ ਢੇਰ ਵਧੀਕ। ਏਥੇ ਏਨੀ ਭੀੜ ਹੈ, ਕਿ ਸਾਰੀ ਲੁਕਾਈ ਟੁਟ ਟੁਟ ਪੈਂਦੀ ਹੈ, ਏਹ ਕਦੀ ਤੇ ਮਸਤੀ ਵਿੱਚ ਸੁਰ ਅਲਾਪਦਾ ਹੈ ਅਰ ਹੀਰ ਰਾਂਝੇ ਦਾ ਕਿੱਸਾ

ਸੁਨਾਂਦਾ ਹੈ। ਵਿਚ ੨ ਹਾਉਕਾ ਭਰ ਕੇ ਗੋਤਾ ਖਾ ਜਾਂਦਾ ਹੈ। ਜੀਕਨ ਕਿਸੇ ਬੈਂਤ ਦੇ ਤੀਰ ਇਸ ਦੇ ਕਲੇਜੇ ਨੂੰ ਵਿੰਨ੍ਹ ਜਾਂਦੇ ਹਨ। ਏਹੀ ਪਰਤੀਤ ਹੁੰਦਾ ਹੈ, ਜੀਕਨ ਹੀਰ ਰਾਂਝੇ ਦੀ ਕਹਾਨੀ ਇਸ ਦੇ ਹਡ ਬੀਤੀ ਹੈ। ਏਹ ਜੇ ਸੱਯਦ ਵਾਰਸ ਸ਼ਾਹ--ਜੰਡਿਆਲਾ ਸ਼ੇਰ ਖਾਂ ਦਾ। ਔਹ ਲੌ ਇਸ ਦੇ ਸਿਰ ਤੇ ਵੀ ਦੋ ਹਵਾਈ ਰੂਹਾਂ ਛਤ੍ਰ ਝੁਲਾਈ ਤੇ ਚੋਰੀ ਕਰਦੀਆਂ ਆਉਂਦੀਆਂ ਹਨ। ਏਹ ਹੀਰ ਰਾਂਝੇ ਦੀਆਂ ਰੂਹਾਂ ਹੋਸਨ। ਏਹ ਬੜੇ ਸਵਾਦ ਦੀ ਚੌਕੜੀ ਸੀ। ਲੌ! ਹੁਨ ਫੇਰ ਹੁਸੇ ੨ ਦੀ ਅਵਾਜ ਆਈ। ਇਕ ਬੁੱਢਾ ਜੇਹਾ ਕਵੀ ਮਰਸੀਏ ਪੜ੍ਹ ਪੜ੍ਹ ਖਲਕਤਨੂੰ ਪਟਾਈ ਆਉਂਦਾ ਹੈ। ਏਹ ਜੇ ਹਾਮਦ ॥

ਲੌ! ਔਹ ਛੋਟੀ ਜੇਹੀ ਟੋਲੀ ਵਿੱਚ ਕੌਨ ਹੈ? ਇਕ ਬਹਾਵਲ ਪੁਰੀ ਮਰਦ ਜਾਪਦਾ ਹੈ ਪਰ ਈਰਾਨੀ ਪੌਸ਼ਾਕ ਵਿੱਚ ਅਪਨੇ ਭੇਸ ਨੂੰ ਵਟਾਇਆ ਹੋਇਆ ਹੈ। ਜੋ ਬੋਲਦਾ ਹੈ ਉਹ ਵੀ ਫਾਰਸੀ ਦੀ ਨਕਲ। ਏਹ ਜੇ, ਅਬਦੁਲ ਹਕੀਮ ਕਵੀ, ਇਸ ਦੇ ਪਿੱਛੇ ਇਕ ਹੋਰ ਟੋਲੀ ਹੈ। ਇਸ ਵਿੱਚ ਹਿੰਦੂ ਹੀ ਹਿੰਦੂ ਨਜ਼ਰ ਆਉਂਦੇ ਹਨ। ਮੁਸਲਮਾਨ ਪਾਸੋਂ ਲੰਘਦੇ ਹਨ ਪਰ ਨੱਕ ਚੜ੍ਹਾ ਕੇ, ਕੁਝ ਸਿਰ ਹਿਲਾਂਦੇ ਚਲੇ ਜਾਂਦੇ ਹਨ, ਇਕ ਅਨਪੜ ਜੇਹਾ ਹਿੰਦੂ ਇਸ ਟੋਲੀ ਵਿੱਚ ਵਾਰ ਸੁਨਾਂਦਾ ਹੈ, ਅਰ ਹਿੰਦੂ, "ਧੰਨ ਧਰਮੀ"! ਧੰਨ ਧਰਮੀ"!! ਕਰਦੇ ਅੱਖਾਂ ਤੋਂ ਨੀਰ ਵਹਾਂਦੇ ਹਨ। ਪਰ ਉੱਚੀ ਆਵਾਜ ਨਹੀਂ ਕੱਢਦੇ। ਏਹ ਅਗਰੇ ਹੁਰੀ ਹਕੀਕਤ ਰਾਏ ਧਰਮੀ ਦੀ ਵਾਰ ਸੁਨਾਂਦੇ ਹਨ।

ਹੁਣ ਫੇਰ ਕੁਝ ਵਿੱਥ ਪੈ ਗਈ ਵਾਜਾ ਵੀ ਬਦਲਿਆ, ਸਾਜ ਸੁਰ ਵੀ ਬਦਲੇ। ਆਦਮੀਆਂ ਦੀ ਸ਼ਕਲ ਪੌਸ਼ਾਕ ਵੀ ਬਦਲੀ। ਉਹ ਐਸ਼ ਤੇ ਆਰਾਮ ਦੀ ਮੁਹਰ ਹੁਨ ਚੇਹਰਿਆਂ ਤੇ ਲੱਗੀ ਨਹੀਂ ਜਾਪਦੀ। ਕੁਝ ਬਹਾਦਰੀ ਦੇ ਚਿੰਨ ਹਨ। ਹੁਨ ਨਾਂ ਤੇ ਮੁਸਲਮਾਨਾਂ ਦੇ ਹੰਕਾਰ ਤੇ ਨਾਂ ਹੀ ਹਿੰਦੂਆਂ ਦੀ ਮੋਈ ਹੋਈ ਜਾਨ ਤੇ ਨਿਊਨਤਾ ਦੀ ਨਸ਼ਾਨੀ

ਬਾਕੀ ਹੈ। ਹਾਂ ਉੱਚੀਆਂ ਗਿੱਚੀਆਂ ਕਰਕੇ, ਮੁੱਛਾਂ ਵੱਟੀਆਂ, ਲੰਮੇ ਦਾਹੜੇ ਵਾਲੇ ਸੋਹਣੇ ਸਿੱਖ ਜਵਾਨ ਵੀ ਇਸ ਜੱਥੇ ਵਿਚ ਰਲੇ ਹਨ। ਕਵੀ ਵੀ ਢੇਰ ਹੈਨ। ਜੇਹੜੀ ਟੋਲੀ ਕਿਸੇ ਨੂੰ ਪਸੰਦ ਆਈ ਓਦਰ ਜਾ ਰਲਿਆ। ਸਭ ਤੋਂ ਢੇਰ ਗੈਹਮਾ ਗੈਹਮ ਇਕ ਮੁਸਲਮਾਨ ਕਵੀ ਅੰਬਰਸਰੀ ਦੇ ਦਵਾਲੇ ਹੈ। ਏਹ ਕਵੀ ਹਾਸ਼ਮ ਹੈ। ਪੌਸ਼ਾਕ ਦਰਬਾਰੀ, ਅਰ ਮਹਾਰਾਜ ਰੰਣਜੀਤ ਸਿੰਘ ਦੇ ਸਰਦਾਰ ਇਸ ਦੇ ਇਰਦ ਗਿਰਦ ਫਿਰਦੇ ਹਨ। ਕਵੀ ਵੀ ਅਪਨੇ ਮਾਨ ਵਿੱਚ ਮੇਉਂਦਾ ਨਹੀਂ। ਅਜੇਹੀਆਂ ਮਨ ਖਿਚਵੀਆਂ ਸੁਰਾਂ ਗਾਉਂਦਾ ਹੈ ਕਿ ਸੁਨਣ ਵਾਲੇ ਲੋਟ ਪੋਟ ਹੋ ਜਾਂਦੇ ਹਨ, ਇਸਦਾ ਸੁਰ ਤਾਲ ਵਾਰਸ ਤੋਂ ਵੱਖਰਾ ਹੈ ਪਰ ਸੁਆਦ ਉਸਤੋਂ ਘੱਟ ਨਹੀਂ। ਦੋਹੜੇ ਦੀ ਸੁਰ ਛੇੜ, ਆਦਮੀ ਕੀ ਪੰਛੀ ਵੀ ਮੂਰਛਾ ਕਰ ਦਿੰਦਾ ਹੈ। ਏਹ ਕਵੀ ਮਹਾਰਾਜਾ ਸਾਹਿਬ ਦਾ ਦਰਬਾਰੀ ਕਵੀ, ਹਾਂ ਜੀ ਜੇਹਾ ਮਹਾਰਾਜਾ ਸ਼ੇਰ, ਤੇਹਾ ਉਸਦਾ ਕਵੀ, ਇਸ ਦੇ ਨਾਲੋ ਨਾਲ ਹੀ ਇਕ ਹੋਰ ਟੋਲੀ ਹੈ ਜਿਸ ਦੇ ਗਿਰਦ ਵੀ ਸਿੱਖਾਂ ਦਾ ਜੱਥਾ ਹੈ, ਏਹ ਵੀ ਮੁਸਲਮਾਨ ਕਵੀ ਹੈ। ਬੈਂਤ ਪੜ੍ਹਕੇ ਲੋਕਾਂ ਨੂੰ ਮਸਤ ਕਰਦਾ, ਪਰ ਬੈਂਤ ਪੜ੍ਹਦਾ ਪੜ੍ਹਦਾ ਸਿਰ ਉੱਚਾ ਕਰ ਅਗਲੇ ਟੋਲੇ ਦੀ ਭੀੜ ਤੇ ਰੌਨਕ ਵੇਖ ਜੀ ਵਿਚ ਸੜਦਾ ਹੈ ਏਹ ਹੈ ਕਵੀ ਕਾਦਰ ਯਾਰ।

ਏਧਰ ਤੇ ਏਹ, ਔਹ ਇਕ ਹੋਰ ਟੋਲਾ ਹੈ ਜਿਸ ਦੇ ਦਵਾਲੇ ਮੁਸਲਮਾਨਾਂ ਦੀ ਭੀੜ ਭਾੜ ਹੈ ਸਾਰੇ ਲੋਕ ਲੈਂਹਦੇ ਦੇ ਜਾਪਦੇ ਹਨ। ਕਵੀ ਵੀ ਸਾਦਾ ਜੇਹਾ ਨਾ ਬਹੁਤੀ ਸ਼ਾਨ ਨਾ ਵੱਡਾ ਮਾਨ। ਸੈਹਜ ਨਾਲ ਕਵਿਤਾ ਸੁਨਾਂਦਾ ਅਰ ਸੁਨਣ ਵਾਲਿਆਂ ਦੇ ਜੀ ਪਰਚਾਂਦਾ ਹੈ। ਮੌਲਵੀਆਂਵਾਂਗਰ ਬੈਂਤ ਪੜ੍ਹਕੇ ਸਮਝਾਂਦਾ ਹੈ। ਇਸਦਾ ਰੰਗ ਵੀ ਪੁਰਾਨਾ, ਖਵਰੇ ਇਸ ਸ਼ਰੇਨੀ ਵਿੱਚ ਕਿੱਥੋਂ ਆ ਗਿਆ, ਏਹ ਜੇ ਕਵੀ ਐਹਮਦਯਾਰ॥

ਔਹ ਵੇਖੋ! ਇੱਕ ਛੋਟੀ ਜੇਹੀ ਟੋਲੀ ਵਿੱਚ ਬੈਂਤ ਬਾਜ਼ੀ ਹੁੰਦੀ ਹੈ ਲੋਕੀ ਸੁਨ ਸੁਨ ਬੜੇ ਖੁਸ਼ ਹੁੰਦੇ ਹਨ। ਏਹ ਕੌਨ ਹੈ ਜੀ? ਪੀਰ

ਬਖਸ਼ ਕਵੀ। ਏਹਨਾਂ ਦੇ ਨਾਲ ਹੀ ਸ਼ਾਹਮੁਹੰਮਦ ਬੈਂਤ ਪੜ੍ਹਦਾ ਆਉਂਦਾ ਹੈ ਪਰ ਬੀਰ ਰਸ ਵਿੱਚ ਮੱਤਾ। ਏਹਨਾਂ ਦੇ ਪਿਛੇ ਦੋ ਟੋਲੀਆਂ ਹੋਰ ਹਨ। ਕੋਲੋ ਕੋਲ, ਪਰ ਇਕ ਦੂਏ ਦੇ ਆਦਮੀ ਆਪਸ ਵਿੱਚ ਝਗੜਦੇ ਹਨ। ਇਉਂ ਜਾਪਦਾ ਹੈ, ਜੀਕਨ ਦੋ ਆਪੋ ਆਪਨੇ ਕਵੀ ਸਲਾਹੁੰਦੇ ਹਨ। ਕਵੀ ਵੀ ਨਿਰੇ ਬੈਂਤ ਬਾਜ਼ ਹਨ ਪਰ ਇਕ ਨਾਲ ਢੇਰ ਸਾਰੇ ਸ਼ਗਿਰਦ ਹਨ ਜੇਹੜੇ ਰੌਲਾ ਪਾਂਦੇ ਹਨ। ਅਰ ਦੂਸਰਾ ਰਤੀ ਘੱਟ ਸ਼ਾਨ ਵਿੱਚ ਪਰ ਗੁਨਾਂ ਵਿੱਚ ਫਰਕ ਘੱਟ ਹੀ ਹੈ। ਪੈਹਲਾ ਕਵੀ ਪਿਆਰੇ ਸਾਹਿਬ ਹੈ ਤੇ ਦੂਜਾ ਫਰੀਦਦੀਨ ਮੁਜੰਗੀ।

ਇਸੇ ਟੋਲੇ ਦੇ ਨਾਲ ਪਰ ਵੱਖਰੇ ਰੰਗ ਵਿੱਚ ਮਸਤ ਇਕ ਕਵੀ ਹੈ, ਜਿਸਦਾ ਕਿਸਾ ਬੇਹਰਾਮ ਗੁਰ ਲੋਕੀ ਸਵਾਦ ਨਾਲ ਸੁਣਦੇ ਹਨ ਪਰ ਗੁਨੀ ਲੋਕਾਂ ਨੂੰ ਇਸ ਕਵੀ ਦਾ ਪੁਲਾੜ ਦੀਹਦਾ ਹੈ। ਚੰਦਰ ਬਦਨ ਦੇ ਕਿੱਸੇ ਵਿੱਚ ਤੇ ਉਹ ਪੁਲਾੜ ਖੁਲ੍ਹ ਹੀ ਗਿਆ ਅਰ ਲੋਕ ਇਸ ਟੋਲੇ ਤੋਂ ਪਰ੍ਹੇ ਹਟਦੇ ਜਾਂਦੇ ਹਨ। ਇਹ ਹੈ ਅਮਾਮ ਬਖਸ਼ ਕਵੀ ॥

ਹੁਨ ਫੇਰ ਵਿੱਥ ਪੈ ਗਈ, ਵਾਜਾ ਵੀ ਬਦਲਿਆ ਅੰਗ੍ਰੇਜ਼ੀ ਸੁਰਾਂ, ਲੋਕ ਵੀ ਬਦਲੇ, ਪੋਸ਼ਾਕ ਵੀ ਬਦਲੀ, ਨਾ ਕਿਸੇ ਦਾ ਮਾਨ ਰਹੇ ਨਾ ਹੰਕਾਰ, ਸਭ ਸਿਰ ਨੀਵੇਂ ਪਾਈ ਦਿਸਦੇ ਹਨ। ਕਵਿਤਾ ਦਾ ਸਵਾਦ ਵੀ ਘੱਟ ਆਉਂਦਾ ਹੈ, ਬੋਲੀ ਵਿੱਚ ਸ਼ੋਖੀ ਢੇਰ, ਫਾਰਸੀ, ਉਰਦੂ ਦੀ ਨਕਲ ਪਰ ਅਸਲੀ ਪ੍ਰੇਮ ਉਡ ਗਿਆ। ਜੀਕਨ ਲੋਕਾਂ ਦੀ "ਸਪਿਰਟ" ਚਿੱਤ ਦਾ ਹੁਲਾਸ ਘਟਿਆ, ਉਸੇ ਤਰ੍ਹਾਂ ਕਵਿਤਾ ਦਾ ਰੰਗ। ਜਲੌ ਦੇਇਸ ਹਿੱਸੇ ਵਿਚ ਕਵੀ ਤੇ ਢੇਰ ਹਨ। ਕੋਈ ਮੌਲਵੀ ਬਨਿਆ ਹੈ, ਕੋਈ ਬਾਬੂ ਕੋਈ ਹਟਵਾਨੀਆਂ ਆਪਸ ਵਿੱਚ ਛੇੜ ਛਾੜ ਬੋਲ ਬੁਲਾਰ ਵੀ ਢੇਰ ਹੈ, ਸ਼ਗਿਰਦ ਐਨੇ ਹਨ ਕਿ ਵਖਾਰੂ ਘੱਟ, ਬੜੀ ਭੀੜ ਹੈ, ਹਰ ਇਕ ਬੈਂਤ ਬੋਲਦਾ ਹੈ। ਹੇ ਰੱਬਾ। ਕੀ ਸਾਰਾ ਦੇਸ ਈ ਕਵੀ ਹੋ ਗਿਆ? ਕੀ ਕਵੀਆਂ ਦਾ ਮੀਂਹ ਵਸਿਆ, ਚੰਗੇ ਬੁਰੇ ਦੀ ਪਛਾਨ ਘੱਟ, ਪਰ ਅਜੇਹੇ ਥੋੜੇ ਹਨ ਜਿਨ੍ਹਾਂ ਦੀ ਕੁਝ ਕਦਰ ਹੈ॥

ਇਕ ਟੋਲੀ ਤੇ ਮੌਲਵੀ ਗੁਲਾਮ ਰਸੂਲ ਦੀ ਤਕੜੀ ਹੈ। ਇਸ ਵਿਚ ਸਵਾਦ ਵੀ ਚੰਗਾ ਅਰ ਰੰਗ ਵੀ ਚੰਗਾ। ਹਰ ਇਕ ਜੋਹੜਾ ਇਸ ਟੋਲੀ ਨੂੰ ਛੱਡ ਕੇ ਟੁਰਦਾ ਹੈ, "ਬਲੋਚਾ ਜ਼ਾਲਮਾਂ ਸੁਨ ਵੈਨ ਮੇਰੇ" ਈ ਗਾਉਂਦਾ ਦਿਸਦਾ ਹੈ। ਇਕ ਟੋਲੀ ਵਿਚ ਬੜੀ ਭੀੜ ਹੈ, ਕਵੀ ਵੀ ਨਵੇਂ ਫੈਸ਼ਨ ਵਿਚ ਹੈ, ਪਰ ਪ੍ਰੇਮ ਦਾ ਕੁੱਠਾ ਜਾਪਦਾ ਹੈ, ਕਿਸੇ ਜਨਾਨੀ ਦੇ ਇਸ਼ਕ ਦਾ ਮਾਰਿਆ। ਹੁਨ ਕਿੱਸੇ ਬਨਾ ਬਨਾ ਜੀ ਪਰਚਾਂਦਾ ਹੈ। ਪਰ ਕਿਸਿਆਂ ਵਿਚ ਰੰਗ ਹੋਰ ਦਾ ਹੋਰ ਹੈ। ਇਕ ਨਵੀਂ ਪੌਸ਼ਾਕ ਕਵਿਤਾ ਨੂੰ ਪਵਾਈ ਸੁ, ਗਲ ਕੀ ਸਿੱਧੀ ਸੋਹਣੀ ਪੰਜਾਬੀ ਨਾਰ ਨੂੰ ਗੈਹਨੇ ਕੱਪੜੇ ਪਵਾ ਅਜੇਹਾ ਸਜਾਇਆ ਕਿ ਅਸਲੀ ਰੂਪ ਤੇ ਢੱਕਿਆ ਗਿਆ ਗੈਹਣਿਆਂ ਦੀ ਛਨਕਾਰ, ਜਾਂ ਕੱਪੜਿਆਂ ਦੀ ਫੜ ਫੜ ਤੇ ਜੁੱਤੀ ਦਾ ਖੜਕਾੜ ਹੀ ਸੁਨਾਈ ਦਿੰਦਾ ਹੈ। ਲੋਕੀ ਆਖਦੇਹਨ। ਆਓ ਬੈਂਤ ਬਾਜ਼ੀ ਕਰੋ, ਮੁਕਾਬਲਾ ਕਰੋ ਪਰ ਏਹ ਮਸਤ ਕਦੀ ਜੀ ਚਾਹਿਆ ਚਲੇ ਗਏ ਨਾ ਸ਼ਗਿਰਦਾਂ ਦਾ ਰੌਲਾ, ਨਾ ਪਿਛਲਾਗੂਆਂ ਦਾ ਝੋਲਾ ਪੈਂਦਾ ਹੈ ਲੋਕ ਆਪ ਤੋਂ ਆਪ ਹੀ ਏਹਨਾਂ ਦੇ ਗੁਣਾਂ ਦੀ ਵਡਿਆਈ ਕਰਦੇ ਹਨ ਏਹ ਮਸਤ, ਅਰ ਜਾਨਦੇ ਹਨ ਕਿ ਅਸੀਂ ਸ਼ਗਿਰਦ ਕੀ ਕਰਨੇ ਹਨ, ਸਾਡੇ ਰਚਿਤ ਕਿੱਸੇ ਆਪ ਹੀ ਸ਼ਗਿਰਦ ਬਨਾਨਗੇ ਏਹ ਜੇ ਸ: ਫਜ਼ਲ ਸ਼ਾਹ ਕਵੀ ਨਵਾਂ ਕੋਟੀਏ। ਏਹਨਾਂ ਦੇ ਨਾਲ ਹੀ ਵੇਖੋ ਇਕ ਟੋਲੀ ਵਿਚ ਬੜੀ ਡੰਡ ਪਈ ਹੈ ਇਕ ਹਿੰਦੂ ਕਵੀ ਬੈਂਤ ਪੜ੍ਹਦਾ ਹੈ, ਤਾਂ ਵਾਹ ਵਾਹ ਦੀ ਡੰਡ ਪੈਂਦੀ ਹੈ ਕਵੀ ਵੀ ਸ਼ਰਾਬ ਵਿੱਚ ਮਸਤ ਨਜ਼ਰ ਆਉਂਦਾ ਹੈ, ਏਹ ਕੌਨ ਹੈ, ਏਹ ਜੇ ਅਰੂੜਾ ਰਾਏ ਅਰ ਨਾਲ ਨਾਲ ਹੀ ਇਸਦੇ ਸਾਵਨ, ਦੇਵੀ ਦਿਆਲ ਆਦਿ ਕਵੀ ਹਨ।

ਏਹਨਾਂ ਦੇ ਨਾਲ ਇਕ ਦੀਨਦਾਰ ਮਰਦ ਸਾਦੀ ਪੌਸ਼ਾਕ ਪਾਈ ਪੱਗ ਨਾਲ ਸੂਈਆਂ ਟੰਗੀਆਂ, ਅਪਨੇ ਬੈਂਤ ਜਿਨ੍ਹਾਂ ਵਿਚ ਪ੍ਰੇਮ ਤੇ ਰਬ ਦਾ ਝੋਲਾ ਪੈਂਦਾ ਹੈ, ਪੜ੍ਹਦੇ ਚਲੇ ਆਉਂਦੇ ਹਨ। ਏਹਨਾਂ ਦੇ

ਬੈਂਤ ਬੜੇ ਸਵਾਦਲੇ ਅਰ ਬਾਰਾ ਮਾਂਹ ਇਕ ਨਰਾਲੇ ਢੰਗ ਦਾ ਹੈ। ਏਹ ਕਵੀ ਹਦਾਇਤ ਉੱਲਾਹ ਜੀ ਹੈਨ।

ਇਸ ਸ਼ਰੇਨੀ ਵਿਚ ਸੀਹਰਫੀਆਂ ਦਾ ਜ਼ੋਰ ਹੈ। ਬਹੁਤੀਆਂ ਪਾਨੀ ਤੇ ਲੀਕ ਵਾਂਗੂ ਹੀ ਹਨ, ਪਰ ਫੇਰ ਵੀ ਕੋਈ ਕਵੀ ਚੰਗੇ ਬੈਂਤ ਸੁਨਾਂਦੇ ਹਨ ਅਰ ਉਹਨਾਂ ਦੀ ਕਵਿਤਾ ਜੀ ਤੇ ਚੋਟ, ਵੀ ਕਰਦੀ ਹੈ:-ਸਾਧੂ ਬਿਰਤੀ ਪਰ ਪ੍ਰੇਮ ਕੁਠੇ ਕਵੀ ਹੁਸੈਨ ਤੇ ਅਸ਼ਰਫ ਅਪਨੀ ਹੀਰ ਦੀਆਂ ਸੀਹਰਫੀਆਂ ਪੜ੍ਹ ਪੜ੍ਹ ਮਸਤੀ ਨਾਲ ਲੇਟਦੇ ਅਰ ਸੁਨਣ ਵਾਲਿਆਂ ਨੂੰ "ਵਜਦ' ਵਿਚ ਲਿਆਉਂਦੇ ਹਨ। ਮੋਹਰਮ ਸ਼ਾਹ ਤੇ ਖੁਲਦੀ ਦੀਆਂ ਸੀਹਰਫੀਆਂ ਜ਼ਮਾਨੇ ਦੇ ਹਾਲ ਦਾ ਨਕਸ਼ਾ ਖਿਚਦੀਆਂ ਹਨ। ਲੋਕ ਸੁਣ ਸੁਣ ਕੇ ਵਡਿਆਈ ਕਰਦੇ ਹਨ। ਇਹ ਸਿਲਸਿਲਾ ਬੜਾ ਲੰਮਾ ਹੈ। ਕਿਧਰੇ ਆਗਾ ਖਾਂ ਹਕੀਮ ਆਪਨੇ ਸ਼ਗਿਰਦਾਂ ਪੜ ਸ਼ਗਿਰਦਾਂ ਨਾਲ ਆਉਂਦੇ ਹਨ, ਏਹਨਾਂ ਵਿਚ ਹੀ ਮੌਲਾ ਬਖਸ਼ ਕੁਸ਼ਤਾ, ਇਕ ਹੀਰ ਦੇ ਕਿੱਸੇ ਨੂੰ ਉਚੀ ਸੁਨਾਂਦੇ, ਇਸੇ ਟੋਲੀ ਦੇ ਆਦਮੀ ਵਾਹ ਵਾਹ ਕਰਦੇ ਹਨ, ਪਰ ਹੋਰ ਸੁਨਣ ਵਾਲੇ ਚੁੱਪ। ਜਿਨ੍ਹਾਂ ਵਾਰਸ ਦੀ ਟੋਲੀ ਸੁਣੀ ਉਹਨਾਂ ਨੂੰ ਏਹ ਕਿੱਸੇ ਫਿਕੇ ਲਗਦੇ ਹਨ। ਇਸ ਭੀੜ ਵਿਚ ਕਿਸੇ ਕਵੀ ਦਾ ਪਤਾ ਥੋ ਲਗਦਾ ਨਹੀਂ। ਲੌ ਜੀ ਅੰਤ ਨੂੰ ਏਹ ਭੀੜ ਵੀ ਗਈ। ਪਰ ਏਹਨਾਂ ਨਾਲ ਹੀ ਫੇਰ ਲੈਂਹਦੇ ਦੇ ਲੋਕਾਂ ਵੀ ਭੀੜ ਭਾੜ ਵਿਚ ਕਵੀ ਵੀ ਲੈਂਹਦੇ ਦੇ ਕਿੱਸੇ ਸੁਨਾਂਦੇ ਹਨ। ਇਕ ਬੁੱਢਾ ਜੇਹਾ ਕਵੀ ਸਫੈਦ ਪੋਸ਼ ਹੈ ਜਿਸ ਦੇ ਹਥ ਅਪਨੇ ਰਚੇ ਕਿਸਿਆਂ ਦਾ ਦਬਾ ਫੜਿਆ ਹੈ, ਏਹ ਬੂਟਾ ਗੁਜ-ਰਾਤੀ ਤੇ ਨਾਲ ਹੀ "ਮਹੰਮਦ" ਆਦਿ ਕਵੀ ਇਸ ਪਾਸੇ ਦੇ ਹਨ। ਏਹਨਾਂ ਦਾ ਰੰਗ ਫਜ਼ਲ ਦੇ ਰੰਗ ਵਾਂਗੂ ਜਾਪਦਾ ਹੈ। ਔਹ ਲੌ ਹੁਨ ਛੈਨੇ ਢੋਲਕਾਂ ਦੀ ਵੀ ਅਵਾਜ਼ ਆਈ ਜੀਕਨ ਕੋਈ ਭਗਤਾਂ ਦਾ ਟੋਲਾ ਹੈ। ਇਸ ਟੋਲੇ ਵਿਚ ਫੇਰ ਸਾਰੇ ਕਵੀ ਹਨ,

ਸਾਧੂਆਂ ਵਾਂਗਰ ਚਾਲ ਢਾਲ, ਪੋਸ਼ਾਕ। ਬੋਲਨਾ ਵੀ ਸੁਆਦਲੇ, ਅਰ ਬਚਨ ਵੀ ਗਿਆਨ ਭਰੇ। ਕੋਈ ਸਾਧੂ, ਕਿੱਸੇ ਤੇ ਪੜ੍ਹਦੇ ਹਨ, ਪਰ ਅਪਨਾ ਧਰਮ ਹਥੋਂ ਨਹੀਂ ਛਡਦੇ। ਕਾਮ ਨੂੰ ਨੇੜੇ ਨਹੀਂ ਛੋਹਨ ਦਿੰਦੇ।

ਇਨ੍ਹਾਂ ਵਿਚੋਂ ਸਰੋਮਨੀ ਕਿਸ਼ਨ ਸਿੰਘ ਜੀ ਆਰਫ ਹਨ, ਔਹ ਲੋ ਈਸ਼ਰ ਦਾਸ ਹੋਰੀ ਕਾਫੀਆਂ ਪੜ੍ਹਦੇ ਆਉਂਦੇ ਹਨ। ਕਿਧਰੇ ਸਰਜੂ ਰਾਮ ਤੇ ਬਸੰਤ ਰਾਮ ਜੀ ਅਪਨੇ ਕਿਸੇ ਪੜ੍ਹਦੇ ਹਨ। ਇਕ ਅਚਰਜ ਰੰਗ ਹੈ। ਇਕ ਵੱਖਰੇ ਟੋਲੇ ਵਿਚ ਮਾਲਵੇ ਦੇ ਸਿਖਾਂ ਦਾ ਜ਼ੋਰ ਹੈ। ਦੋ ਕਵੀ ਕਬਿਤ ਪੜ੍ਹਦੇ ਹਨ ਪਰ ਬੜੇ ਸੋਹਨੇ, ਮਨ ਖਿਚਵੇਂ। ਸਿਖ ਮਸਤ ਹੁੰਦੇ ਨਚਦੇ ਤੇ ਕੁੱਦਦੇ ਹਨ। ਕਿਉਂ ਕਿਸਾ ਜੋ ਹੀਰ ਰਾਂਝੇ ਦਾ ਹੋਇਆ। ਏਹ ਜੇ ਜੋਗ ਸਿੰਘ ਤੇ ਭਗਵਨ ਸਿੰਘ ਮਾਲਵੇ ਦੇ ਪ੍ਰਸਿਧ ਕਵੀ ॥

ਏਹਨਾਂ ਦੇ ਪਿੱਛੇ ਇਕ ਕਵੀ ਦੇ ਗਿਰਦ ਬੜੀ ਭੀੜ ਭਾੜ ਹੈ। ਹਿੰਦੂ ਈ ਹਿੰਦੂ ਨਜ਼ਰ ਆਉਂਦੇ ਹਨ। ਇਸ ਭੀੜ ਵਿੱਚ, ਸਨਾਤਨੀ, ਮਹਾਸ਼ੇ ਬਾਬੂ, ਹਟਵਾਨੀਏ ਕੇਈ ਕੋਟ ਪਤਲੂਨ ਡਟੇ ਵੀ ਦਿਸਦੇ ਹਨ। ਏਹ ਕਵੀ ਜੀ ਵੀ ਭਗਤ ਬਨੇ ਦਿਸਦੇ ਹਨ, ਅਰ ਲੋਕਾਂ ਨੂੰ ਉਪਦੇਸ਼ ਦਿੰਦੇ ਹਨ। ਏਹਨਾਂ ਦੀ ਬਾਣੀ ਵਿੱਚ ਰਸ ਤੇ ਹੈ ਪਰ ਗਿਆਨ ਤੇ ਵੇਦਾਂਤ ਦਾ ਜ਼ੋਰ ਹੈ। ਲੋਕੀ ਇਕ ਬੈਂਤ ਸੁਨਦੇ ਹਨ ਤੇ ਵਾਹ ਵਾਹ-ਕਾਲੀਦਾਸ ਜੀ ਵਾਹ ਆਖਦੇ ਹਨ। ਇਹ ਗੁਜਰਾਂਵਾਲੀਏ ਕਾਲੀਦਾਸ ਜੀ ਹਨ।

ਏਸੇ ਭੀੜ ਭਾੜ ਵਿੱਚ ਕਈ ਸਾਧੂ ਰੂਪ ਕਵੀ, ਸੀਹਰਫੀਆਂ ਪੜ੍ਹ ਦੇ ਸਨ ਅਰ ਤ੍ਰੀਮਤਾਂ ਮਰਦ ਧੰਨ ਧੰਨ ਆਖਦੇ ਅਰ ਆਪਣੇ ਸਾਦੇ ਮਨਾਂ ਨੂੰ ਧਰਮ ਅੱਗੇ ਨਵਾਂਦੇ ਹਨ।

ਏਹ ਭੀੜ ਵੀ ਮੁੱਕੀ ਬੱਸ ਫੇਰ ਤੇ ਸੁੰਨ ਸਾਨ ਨਜ਼ਰ ਆਈ

ਪਰ ਕੁਝ ਡੇਰ ਪਿੱਛੋਂ ਕੋਟ ਪਤਲੂਨ ਪਾਈ ਐਨਕਾਂ ਚੜ੍ਹਾਈ ਕੁਝ ਕੁ "ਜੈਂਟਲਮੈਨ" ਆਏ। ਜਿਨ੍ਹਾਂ ਦੇ ਅੱਗੇ ਇਕ ਵਡੇ ਝੰਡੇ ਤੇ ਲਿਖਿਆ ਸੀ Renaissance। ਏਹ ਸਾਰੇ ਅੰਗ੍ਰੇਜ਼ੀ ਅਰ ਹੋਰਜ਼ਬਾਨਾਂ ਦੇ ਵਿਦਵਾਨ ਨਜ਼ਰੀ ਆਉਂਦੇ ਸਨ। ਸਭ ਮਜ਼ਹਬਾਂ ਦੇ ਲੋਕ ਸ਼ਾਮਲ ਸਨ ਪਰ ਸਿੱਖ ਢੇਰ, ਫੇਰ ਮੁਸਲਮਾਨ, ਹਿੰਦੂ ਵੀ ਸਨ, ਪਰ ਟਾਂਵੇਂ ਟਾਂਵੇਂ। ਏਹ ਅਗਲੀਆਂ ਟੋਲੀਆਂ ਨੂੰ ਕੁਝ ਵਡਿਆਈ ਦੇਨ ਨੂੰ ਤਿਆਰ ਨਹੀਂ ਸਨ। ਕੋਈ ਅੰਗ੍ਰੇਜ਼ੀ ਕਵਿਤਾ, ਕੋਈ ਸੰਸਕ੍ਰਿਤ, ਕੋਈ ਉਰਦੂ, ਕੋਈ ਫਾਰਸੀ ਕਵਿਤਾ, ਦੀਆਂ ਕਿਤਾਬਾਂ ਫੋਲਦੇ ਸਨ। ਕੋਈ ਕੋਈ ਟਾਵਾਂ ਟਾਵਾਂ ਗੀਤ ਜਾਂ ਬੋਲ ਸੁਨਾ ਅਪਨੇ ਸਾਥੀਆਂ ਕੋਲੋਂ "ਨਵੇਂ ਰਾਹ" ਦੀ ਕਵਿਤਾ ਦੀ ਪ੍ਰਵਾਨਗੀ ਲੈਨ ਨੂੰ ਤਿਆਰ ਸੀ। ਇਸ ਟੋਲੇ ਵਿਚ ਇਕ ਸ੍ਰੋਮਣੀ ਕਵੀ ਭਾਈ ਵੀਰ ਸਿੰਘ ਜੀ ਜਾਪਦੇ ਹਨ। ਬੱਸ ਏਹ ਟੋਲਾ ਵੀ ਮੁੱਕਾ, ਸੁਨਿਆ ਸੁਨਾਇਆ ਕੁਝ ਨਾਂ। ਅੰਤ ਵਿਚ ਝੰਡਾ ਆਇਆ ਅੰਗ੍ਰੇਜ਼ੀ ਹਰਫਾਂ ਨਾਲ ਲਿਖਿਆ ਸੀ:- "HOPE" ਆਸ ਰਖੋ।

—ਃਬੱਸਃ—

ਸੱਸੀ ਦਾ ਦਰਦ ਭੰਗੂੜਾ ਅੜਿਆ, ਝੂਲੇ ਦੇਂਰੇ ਦੁੱਖ ।
ਅਤੇ ਸੂਲ ਵਛਾਈ ਪੋਤੜੇ, ਤਕਨ ਨਾ ਮਿਲਿਆ ਮੁੱਖ ॥

ਸਸੀ ਨੂੰ ਜਮਦਿਆਂ ਸੰਦੂਕ ਵਿਚ ਪਾ ਨਦੀ ਰੁੜ੍ਹਾਂਦੇ ਨੇ, ਕਵੀ ਜੀ ਦਸਦੇ ਨੇ, ਕੇਹਾ ਨਿਕਰਮ ਜਨਮ ਹੈ । ਦਰਿਆ ਦਾ ਭਿਆਨਕ ਨਜ਼ਾਰਾ ਦਸਕੇ ਲਿਖਦੇ ਹਨ:-

ਜਿਧ ਵਬ ਸਨ ਚੰਦਲੀ ਰਾਵੀ ਸਨੇ ਵਿਹਾ ।
ਓਥੇ ਪੰਜ ਨੇਈਂ ਰਲ ਵਗੀਆਂ ਨੀਰ ਆਨੀ ਨਾ ਥਾਹ ॥
ਓਥੇ ਮਛਾਂ ਕਛਾਂ ਬੁਲਹਨੇ ਸੈਸਾਰਾਂ ਜਲ ਰਾਹ ।
ਓਹ ਵੇਖ ਕਪੜਾ *ਪੰਜ ਨੰਦ ਦਾ ਪਿੰਜਰ ਮਾਰੇ ਆਹ ॥
ਪਿੰਜਰ ਘਤ ਰੁੜ੍ਹਾਇਆ ਸਸ ਵੀ ਲੈਹਰੀ ਗੋਤੇ ਦੇਸੁ ।
ਤਾਂ ਯੂਨਸ ਵਾਲੀ ਮਛਲੀ, ਫਿਰ ਫਿਰ ਝਟ ਕਰੇਸੁ ॥
ਵਾਂਗੂ ਬੇੜੀ ਨੂਹ ਦੀ ਤੇਹ ਬਾਲਾ ਠਾਠ ਕਰੇਨ ।
ਹਾਫ਼ਜ਼ ਖ਼ੌਫ਼ ਖਤਰ ਦੇ ਰਾਹ ਥੌਂ ਰਬ ਰਖੇ ਤਾਂ ਕੌਣ ਮਰੇਨ ॥

ਜਟ ਅਤੇ ਧੋਬੀ ਨੇ ਸੰਦੂਕ ਬਾਹਰ ਕਢਿਆ ਅਰ ਖੋਲ੍ਹਿਆ ਤਾਂ:-

ਸਸੀ ਵਤ ਅੰਗੂਠਾ ਚੂੰਘਿਆ, ਪੀਂਵੇ ਦੁਧ ਸਵਾ ।
ਉਸ ਦੀ ਡਿਠੀ ਸੂਰਤ ਧੋਬੀਆਂ ਸੁੱਧ ਨ ਰਹੀਆ ਕਾ ॥
ਰਬਾ ਅਰਸ਼ੋ ਲਥੀ ਪੁਤਲੀ, ਯਾ ਏਹ ਹੂਰ ਪਰੀ ।
ਕਿਤ ਬਿਧ ਸਾਕੋਂ ਵਿਛੜੀ, ਕਿਤ ਬਿਧ ਨਦੀ ਪਈ ॥
ਸਾਨੂੰ ਆਈ ਬਾਦ ਔਲਾਦ ਦ਼ੀ, ਖਰਿਓਂ ਬੂੰਦ ਪਈ ।
ਏਹ ਭੇਜੀ ਤੇਰੀ ਰਬਨਾ ਅਸਾਂ ਸਿਰ ਤੇ ਝਲ ਲਈ ॥

*ਪੰਜ ਨੰਦ ਓਹ ਥਾਂ ਹੈ ਜਿਥੇ ਪੰਜਾਬ ਦੇ ਪੰਜੇ ਦਰਿਆ ਮਿਲਦੇ ਹਨ ।

ਧੋਬਨ ਬਨੀ ਨੀਰ ਉਛਲਿਆ, ਮੇਹਰ ਮੁਹਬਤ ਨਾਲ।
ਦੋਹਨੀ ਧੀ ਧਿਆਨੀ, ਫਲ ਲਗਾ ਸੁਕੇ ਡਾਲ॥

ਜਦ ਸਸੀ ਜਵਾਨ ਹੁੰਦੀ ਹੈ, ਧੋਬੀ ਵਰ ਦੀ ਟੋਲ ਕਰਦੇ ਹਨ, ਸਸੀ ਜੋਤਸ਼ੀਆਂ ਤੋਂ ਪੁਛਦੀ ਹੈ, ਉਹ ਉਸਦਾ ਜੋਗ ਪੁੰਨੂ ਨਾਲ ਦਸਦੇ ਨੇ, ਬਸ ਪੁੰਨੂ ਦਾ ਪ੍ਰੇਮ ਹੋ ਜਾਂਦਾ ਹੈ। "ਧੁਰ ਦੀ ਲਿਖੀ ਕੌਨ ਮੇਟੇ" ਤੇ ਭਰੋਸਾ ਕਰ ਬੈਠਦੀ ਹੈ। ਹੋਰ ਜਨਾਨੀਆਂ ਉਸਨੂੰ ਮੇਹਨੇ ਦੇਂਦੀਆਂ ਅਰ ਉਸਦਾ ਪਿਛਲਾ ਹਾਲ ਦਸੀਆਂ ਨੇ।

ਪਰ ਸਸੀ ਨੂੰ ਬੋਲਨ ਬੋਲੀਆਂ, ਕੁੜੀਆਂ ਅਤਨ ਬਾਂਹਿ।
ਜੇ ਰੁੜਦੀ ਕਢੀ ਤੈ ਧੋਬੀਆਂ, ਤੂੰ ਧੀ ਉਹਨਾਂ ਦੀ ਨਾਹਿ॥
ਰੱਬ ਅੰਬ ਖਵਾਏ ਧੋਬੀਆਂ, ਲਗਾ ਤੂਤ ਫਰਵਾਂਹ।
ਅਸੀ ਕੁਦਰਤ ਤੇਰੀ ਨੂੰ ਰੱਬਨਾ, ਲਖਵਾਰੀ ਬਲ ਜਾਂਹ॥
ਸਸੀ ਨੂੰ ਆਖਨ ਬੁੱਢੀਆਂ ਨਢੀਆਂ, ਕੀ ਬਾਂਹ ਲਡਾਵਨ ਉਹ।
ਅਤੇ ਘਰ ਸੁਲਤਾਨ ਜਰਮ ਲੈ, ਬੇਟੀ ਬਨੀ ਸਗੋਹ॥
ਹਿਕ ਕੁਰਬ ਨਾ ਚਾਹਨ ਅਪਨਾ, ਸਚ ਆਖਿਆਂ ਆਵੇ ਰੋਹ।
ਨਾਮ ਕੁੱਤੇ ਦਾ ਮੋਤੀ ਰਖੀਏ, ਪਰ ਹਰ ਕੋ ਆਖਸ ਤੋਹਿ॥

ਸਸੀ ਮਾਂ ਕੋਲੋਂ ਏਹਨਾਂ ਤਾਨਿਆਂ ਤੇ ਬੋਲੀਆਂ ਦਾ ਕਾਰਨ ਪੁਛਦੀ ਹੈ। ਮਾਂ ਆਖਦੀ ਹੈ:-

ਮਾਂ ਆਖੇ ਧੀਏ ਸਸੀ ਤੂੰ, ਡਿੰਗੇ ਬੋਲ ਨਾਂ ਬੋਲ।
ਅਸੀਂ ਕੌਨ ਕਮੀਨੇ ਆਦਮੀ, ਤੂੰ ਪਰਬਤ ਏਡ ਨਾ ਤੋਲ॥
ਕੋਈ ਹਾਕਮ ਸੁਨੇ ਭੰਬੋਰ ਦਾ, ਅਸੀ ਭੀ ਮਰਾਂ ਅਡੋਲ।
ਬਚਾ ਫਿਟ ਆਤਨ ਫਿਟ ਨਢੀਆਂ, ਤੈਨੂੰ ਬੈਹ ਕਿਤ ਭਾਵੇ ਕੋਲ।

ਮਾਂ ਸਮਝਾਂਦੀ ਅਰ ਧੋਬੀ ਗਭਰੂਆਂ ਵਿਚੋਂ ਆਪਨਾ ਹਾਨ ਚੁਨਣ ਨੂੰ ਆਖਦੀ ਹੈ। ਵੇਖੋ ਪੁਰਾਨੇ ਸਮੇਂ ਵਿਚ ਨਢੀਆਂ ਵਰ ਚੁਨਕੇ

ਕਰਦੀਆਂ ਸਨ, ਪਰ ਮਾਪਿਆਂ ਦੀ ਆਗਿਆ ਦੇ ਅਨਕੂਲ, ਅਰ ਅਪਨੀ ਜਾਤ ਬਰਾਦਰੀ ਵਿਚੋਂ:-

ਜਾਂ ਬਾਲਗ ਹੋਈ ਸਸੜੀ ਧੋਬੀ ਕਰਨ ਸਵਾਲ।
ਓਹ ਆਨ ਵਖਾਲਨ ਗਭਰੂ ਸੂਰਤ ਪਾਕ ਜਮਾਲ ॥
ਸੱਸੀ ਝੰੜੇ ਰੱਬ ਨਾਲ ਮੇਰਾ ਕਾਦਰ ਜਲ ਜਲਾਲ।
ਮੇਰਾ ਲੇਖ ਲਖਾਏ ਧੋਬੀਆਂ, ਜੀਵਨ ਮੁਝ ਮੁਹਾਲ ॥
ਸੱਸੀ ਆਖੇ ਮਾਂਉ ਨੂੰ ਤੂੰ ਸੁਨ ਮੇਰੀ ਗੱਲ।
ਮੈਨੂੰ ਨਿੱਤ ਚੜ੍ਹੀਵੇ ਸੌਂਪਦੀ, ਓਹ ਕਲੇਜਾ ਦੇਵੇ ਬਾਲ ॥
ਅੰਬਰ ਕਾਤੀ ਘਿੱਨਕੇ, ਮੇਰੀ ਲਾ ਅਪੁੱਠੀ ਖੱਲ।
ਤੁਸਾਂ ਚਾ ਘਨੇਰਾ ਧੋਬੀਆਂ, ਮੈਂ ਤੱਤੀ ਅੰਦਰ ਸੱਲ ॥
ਮਾਂਉ ਆਖੇ ਧੀਆ ਸੱਸੀ ਨੂੰ, ਘਿਨ ਨਾ ਲਦੀ ਮੱਤ।
ਅਤੇ ਗਰਬ ਨਾ ਕਰੀਏ ਰੂਪ ਦਾ, ਰਬ ਨਾ ਭਾਵੇ ਅੱਤ ॥
ਏਹ ਨਿੱਤ ਸ਼ਰੀਕਾਂ ਦੇ ਆਦਮੀ ਫ਼ਿਰ ਫਿਰ ਜਾਂਦੇ ਨਿੱਤ।
ਕਿਸੇ ਤੁਧ ਜੋੜੇ ਗਭਰੂ ਕੰਗੂ ਛੱਨੇ ਘਤ ॥

ਸਸੀ ਆਖੇ:-

ਅੰਬੜੀ ਬੋਲ ਨਾ ਬੋਲੀਆਂ ਕਸ ਕਸ ਤੀਰ ਨ ਲਾ।
ਅਤੇ ਵਖਤ ਪਵਨ ਸ਼ਾਹਜ਼ਾਦੀਆਂ ਧੋਬੀਆਂ ਮਿਲਨ ਨਾ ਜਾ ॥
ਮਾਈ ਮੇਰੇ ਮਸਤਕ ਪੁੰਨੂੰ ਹੋਤ ਦਾ ਚਿਠਾ ਲੇਖ ਲਖਾ।
ਅੰਮਾਂ ਮੈ ਪੇਛਾਨ ਲੌਹ ਮਾਹਫ਼ੂਜ਼ ਤੇ, ਤੁਸਾਂ ਵੇਖ ਲਭਨੀ ਨਾ ਜਾ ॥

ਮਾਓਂ ਆਖੇ:-

ਬਚੀ ਅੰਬਰ ਹਥ ਨਾ ਅਪੜਨ, ਜੇ ਕੀਜਨ ਜਤਨ ਹਜ਼ਾਰ।
ਅਤੇ ਬਾਦਸ਼ਾਹਾਂ ਦੀਆਂ ਅਤਲਸਾਂ, ਨਾਹੇ ਅਸਾਂ ਦਰਕਾਰ।
ਮੈਂ ਵਰ ਘਰ ਢੂੰਡਾਂ ਆਖਰਾ, ਸੂਰਤ ਅਪਰ ਅਪਾਰ।

ਜ਼ਾਤ ਉੱਤਮ ਕੋਈ ਉੱਜਲਾ, ਹੋਰ ਚੰਗਾ ਈ ਪਰਵਾਰ ॥
(ਏਹੀ ਮਾਪਿਆਂ ਦਾ ਧਰਮ ਹੈ)

ਸਸੀ ਉੱਤ੍ਰ ਦੇਂਦੀ ਹੈ:—

ਅਤੇ ਵਖਤ ਪਵੇ ਸ਼ਾਹ ਰਾਨੀਆਂ ਸਿਰ ਤੇ ਧਰਨ ਨਾ ਛਟ ।
ਮਾਈ ਧੋਬੀ ਧੋਨ ਨਾ ਉਜਲੇ ਵਿਹਾਗਨ ਡੁੱਬਨ ਘਟ ॥

ਸਸੀ ਅਕ ਕੇ ਅਪਨੇ ਪਿਓ ਨੂੰ ਚਿਠੀ ਲਿਖਦੀ, ਅਰ ਅਪਨੀ ਦੁਖ ਭਰੀ ਦਿਸ਼ਾ ਦਸਦੀ ਹੈ ਪਰ ਕਠੋਰ ਪਿਤਾ, ਹਾਏ ਪਥਰ ਦੇ ਜੀ ਵਾਲੇ ਮਾਪੇ ਸੂਰਜ ਜੇਹੀ ਸਸੀ ਨੂੰ ਕੋਲ ਨਹੀਂ ਬੁਲ਼ਾਂਦੇ । ਵਖਰਾ ਮਹਲ ਪਵਾ ਤੇ ਘਾਟ ਦੀ ਆਮਦਨ ਉਸਦੇ ਨਾ ਲਾ ਦੇਂਦੇ ਹਨ ।

ਸਸੀ ਦਾ ਖਤ:—

ਮੈਂ ਜਮਦੀਆਂ ਕੀਤੀ ਹਤਿਆਂ, ਯਾ ਕੁਝ ਹੋਰ ਗੁਨਾਹ ।
ਤਾਂ ਤਾਇਬ ਹੋਈ ਹਾਂ ਉਸ ਥੋਂ, ਕਰਕੇ ਰਬ ਗਵਾਹ ॥
ਮੈਂ ਦੇਸ ਤੇਰਾ ਨਾ ਵੰਡਨਾਂ, ਨ ਹੋਰ ਕੋਈ ਜਾ ।
ਪਰ ਮੈਂ ਕਰਮ ਹੀਨ ਤੁਧ ਧੀ ਹਾਂ, ਜੇ ਸੁਨਿਆ ਬਾਦਸ਼ਾਹ ॥

ਪਿਤਾ ਦਾ ਉੱਤ੍ਰ:—

ਅੱਗੋਂ ਸੱਸੀ ਨੂੰ ਲਿਖਿਆ, ਪਿਓ ਨੇ ਏ ਵਿਚਾਰ ।
ਬੱਚੀ ਦਿਤੀ ਖਬਰ ਨਜੂਮੀਆਂ, ਸਾਖੀ ਸੋ ਕਰਤਾਰ ॥
ਇਕੇ ਤੇ ਕੰਨਿਆਂ ਮਾਰੀਏ, ਨਾ ਭੀ ਦੁਖ ਦੇਸ ਪਰਵਾਰ ।
ਅਸੀ ਨਦੀ ਰੁੜ੍ਹਾਇਆ ਸੀ ਪਿੰਜਰਾ; ਵੇਖ ਸਿਰ ਤੇ ਰੱਖੀ ਬਾਰ ॥
ਧੀਆਂ ਰਖਨ ਵਾਲੇ ਰਖੀਓ, ਤਾ ਮਾਰ ਨ ਸੱਕੇ ਕੋ ॥

ਠੇਠ ਬੋਲੀ ਤੇ ਹਿੰਦੀ ਭਾਸ਼ਾ ਦਾ ਅਸਰ ਹੈ ।

ਏਹ ਤੇ ਸੱਸੀ ਦੀ ਜਵਾਨੀ ਦੇ ਕੀਰਨੇ ਹਨ, ਹੁਨ ਸਸੀ ਨੇ

ਪੱਤਨ ਤੇ ਲੱਖੀ ਬਾਗ ਬਨਾ ਧਰਨਾ ਮਾਰਿਆ। ਲੱਗੀ ਪੁੰਨੂੰ ਦੀ ਟੋਲ ਕਰਨ, ਸੱਚ ਹੈ ਰਬ ਆਪ ਮੇਲਨ ਹਾਰ ਹੈ। ਇਕ ਦਿਨ ਬਿਲੋਚਾਂ ਦਾ ਕਾਰਵਾਂਨ ਆ ਲੱਥਾ, ਬਸ ਸਭ ਫੜ ਲਏ। ਤਾਂ ਛਡੇ ਜੇ ਉਹ ਕੀਚਮ ਜਾਂ ਪੁੰਨੂੰ ਨੂੰ ਲੈ ਆਏ। ਬਿਲੋਚ ਪੁੰਨੂੰ ਕੋਲ ਜਾਕੇ ਕੂਕਦੇ ਹਨ:-

ਪੁੱਛ ਗਿੱਛ ਲੈ ਕਾਰਵਾਨੀਆਂ, ਧੁੰਮ ਘੱਤੀ ਦਰਬਾਰ।
ਜੇ ਨਾਲ ਨਾ ਵੰਞੇ ਬਾਦਸ਼ਾਹ, ਸਾਡੀ ਜਿੰਦੋਂ ਜਾਨਗੋਮਾਰ॥
ਜਿਸ ਕਰਹੋਨ ਬੱਧੇ ਸਨ ਕਾਰਵਾਨ, ਸੋ ਖਰੀ ਕੋ ਹੋਈ ਨਾਰ।
ਉਸਨੂੰ ਬਿਰਹੋਂ ਵਗਾਈਆਂ ਕੀਤੀਆਂ, ਗਈਆਂਗੁਜ਼ਰ ਦੋ ਪਾਰ॥

ਪੁੰਨੂੰ ਵੀ ਟੁਰ ਪੈਂਦਾ ਹੈ ਜਦ ਸੱਸੀ ਦੇ ਬਾਗ ਆਉਂਦਾ ਹੈ ਤਾਂ ਬਿਲੋਚ ਅਪਨੇ ਊਠ ਖੁੱਲੇ ਸੱਸੀ ਦੇ ਲੱਖੀ ਬਾਗ ਵਿਚ ਛਡ ਦੇਂਦੇ ਹੈਨ ਓਹ ਬਾਗ ਉਜਾੜਦੇ ਹਨ ਅਰ ਪੁੰਨੂੰ ਜੀ ਥੱਕੇ ਹੋਏ ਸੱਸੀ ਦਾ ਸੋਹਣਾ ਪਲੰਗ ਵਿਛਿਆਂ ਵੇਖ ਪੈਰ ਪਸਾਰਦੇ ਹੈਨ ਅਰ ਘੂਕ ਸੌਂ ਜਾਂਦੇ ਹਨ। ਸੱਚ ਹੈ ਰਾਜ ਦੀ ਮਸਤੀ ਅਰ ਸਸੀ ਨੂੰ ਅਪਨੇ ਇਸ਼ਕ ਵਿਚ ਮੋਹਤ ਹੋਇਆ ਜਾਨਕੇ ਉਹ ਕਿਸ ਤੋਂ ਡਰਦੇ। ਰਾਂਝੇ ਦਾ ਹੀਰ ਦੇ ਪਲੰਘ ਤੇ ਸੌਣ ਵਾਲੀ ਝਾਕੀ ਸੀ। ਸਸੀ ਨੇ ਕੂਕ ਸੁਨੀ ਆਈ ਮਾਰਨ ਹੋਤਾਂ ਨੂੰ ਪਰ ਜਦ ਪੁੰਨੂੰ ਦਾ ਨਾਉਂ ਸੁਨਿਆ ਤਾਂ ਮੋਈ ਆਪ:—

ਸਸੀ ਪੁੰਨੂੰ ਹੋਤ ਦੀ ਸੁਣਕੇ ਕੰਨ ਬਲੇਲ।
ਬਖਸ਼ ਦਿੱਤੀ ਚਾਰਵਾਹਿਆਂ ਗਲ ਦੀ ਲਾਹ ਹਮੇਲ॥
ਮੀਂਹ ਉਠਿਆ ਸੁੱਕੇ ਬਦਲੋਂ ਭਰ ਭਰ ਚਲੀ ਵੇਲ।
ਤਖਤੋਂ ਸੁੱਟ ਦਰਯੂਸ ਨੂੰ ਵੇਖ ਰਬਾਨੀ ਖੇਲ॥
ਸਸੀ ਸਣੇ ਸਹੇਲੀਆਂ ਆਈ ਰੰਗ ਮਹਲ।
ਅਤੇ ਪੁੰਨੂੰ ਹੋਤ ਨਾ ਜਗਿਆ, ਝਾਲ ਸਸੀ ਦੀ ਝਲ॥
ਉਸ ਪੁਰ ਕਰ ਲਾਏ ਹਾਫ਼ਜ਼ਾਂ ਦੋ ਨੈਨਾਂ ਦੇ ਛਲ।

ਓਹ ਲੈਹਨ ਸੰਜੋਈ ਨਿਕਲੇ ਬਾਨ ਕਲੇਜਾ ਸਲ ॥

(ਕੇਹਾ ਸੋਹਨਾ ਖਿਆਲ ਹੈ)

ਹਾਇ ਇਸ਼ਕ ! ਪੁੰਨੂ ਵੇਖਦਿਆਂ ਈ ਸੱਸੀ ਦੇ ਵਸ ਹੋ ਗਿਆ ਅਰ ਉਸਦੇ ਆਖੇ ਧੋਬੀਆਂ ਦਾ ਵੇਸ ਵਟਾਇਆ । ਅਪਨੇ ਬਲੋਚਾਂ ਨੂੰ ਵਿਦਾ ਕਰਾਇਆ । ਹੋਤਾਂ ਨੂੰ ਛੁਡਾ ਆਪ ਨੂੰ ਇਸ਼ਕ ਫਾਹੀ ਵਿਚ ਫਸਾਇਆ । ਸਸੀ ਪੁੰਨੂ ਨੂੰ ਚਾ ਨਾਲ ਮਾਂ ਕੋਲ ਲਜਾਂਦੀ ਹੈ ਅਰ ਅਪਨਾ ਚੁਨਿਆਂ ਵਰ ਵਖਾਂਦੀ ਹੈ । ਪੁੰਨੂ ਦਾ ਇਮਤਿਹਾਨ ਕਿ ਏਹ ਧੋਬੀ ਹੈ ਕਿ ਨਹੀਂ, ਕਪੜੇ ਲੈ ਘਾਟ ਤੇ ਧੁਆਨ ਜਾਂਦਾ ਹੈ, ਅਰ ਮਜੂਰੀ ਦੇ ਧੁਆ ਲਿਔਂਦਾ ਹੈ । ਮਾਪੇ ਸਸੀ ਨੂੰ ਖੁਸ਼ੀ ਨਾਲ ਵਿਆਹ ਦੇਂਦੇ ਹਨ । ਮਾਂ ਕੋਲ ਸਸੀ ਜਾਂਦੀ ਸੰਗਦੀ ਹੈ, ਅਰ ਜਗਦੇ ਵਰਤਾਰੇ ਤੋਂ ਡਰਦੀ ਹੈ:-

ਰਬਾ ਡਿੱਠਾ ਵਰ ਨਾ ਕਰਨ, ਧੀਆਂ ਦਾ ਏਹ ਵਰਤਬ ।
ਪਰ ਮੇਹਰ ਪਵੇ ਦਿਲ ਮਾਉਂ ਦੇ, ਅਤੇ ਰਾਜ਼ੀ ਹੋਵੇ ਬੱਬ ॥
ਅੰਮਾਂ ਮੈਂ ਢੂੰਡ ਲੱਧਾ ਵਰ ਅਪਨਾ, ਜੇ ਪਿਉ ਰਾਜ਼ੀ ਹੋ ।
ਇਸ ਤੋਂ ਸੂਰਤ ਸੀਰਤ ਅਗਲਾ, ਨਾ ਚੜ੍ਹ ਹੋਇਆ ਕੋ ॥
ਬੱਚੀ ਵਰ ਲਿਆਵੇ ਢੂੰਡ ਕੇ, ਜਿਸਦੇ ਵਾਸੇ ਦੀ ਸੁਧ ।
ਕਿਉਂ ਦੇਵੇਂ ਧੀਆਂ ਸੱਸੀਏ, ਫੂਕਾਂ ਠੰਡੇ ਦੁਧ ॥
ਜ਼ਾਂ ਪੁੰਨੂ ਮਾਂਓ ਸਾਹਮਨਾ, ਸੱਸੀ ਸਦ ਬਹਾਇਆ ਆਨ ।
ਅਤੇ ਫੜਕੀ ਨਜ਼ਰ ਕਰ ਨਿਗਾਹ, ਇਹ ਡਿਠੋਸ ਸ਼ੇਰ ਜਵਾਨ ॥
ਉਸਦੇ ਤ੍ਰਿਖੇ ਨੈਨ ਕਟਾਰੀਆਂ, ਬਿਰਹੋਂ ਚੜ੍ਹਾਈ ਸਾਨ ।
ਅਤੇ ਧੁਪੇ ਡਿੱਠੀ ਲਿਸ਼ਕਦੀ, ਜਿਉਂ ਬਿਜਲੀ ਅਸਮਾਨ ।

ਅੰਤਲੇ ਬੈਂਤ ਵਿੱਚ ਕਵੀ ਜੀ ਨੇ ਤਸ਼ਬੀਹ ਇਕ ਅਨੋਖੀ ਵਰਤੀ ਹੈ ਧੁਪੇ ਬਿਜਲੀ ਵਖਾਈ, ਪਰ ਪੁੰਨੂ ਦੇ ਸੂਰਜ ਵਰਗੇ ਮੁਖ ਨੂੰ ਹਨੇਰੇ ਦੀ ਲਾਜ ਨਾ ਲਾਈ ॥

ਹਾਫ਼ਜ਼ ਪੁੰਨੂ ਭਾਰ ਉਠਾਇਆ, ਸਿਰੇ ਤੇ ਵੇਖ ਰੱਬਾਨੀ ਖੇਲ ।
ਸਿਰ ਭਾਰ ਦੇਂਦਾ ਛੱਤ੍ਰੋਂ, ਮਾਰਿਆਂ ਦਰਦ ਇਸ਼ਕ ਉਲੇਲ ॥
ਉਹ ਰਾਜੇ ਰਾਨੇ ਬਾਦਸ਼ਾਹ, ਯਾ ਉਹ ਮੇਹਰ ਪਟੇਲ ।
ਕੈ ਜਾਨ ਨਾ ਦੇਂਦਾ ਭਾਈਆਂ, ਮਲ ਮਲ ਮਾਰੇ ਸੇਲ ॥

ਪੁੰਨੂ ਨੇ ਕੱਪੜੇ ਕੀਕਨ ਧੁਵਾਏ:—

ਪੁੰਨੂ ਆਖੇ ਧੋਬੀਆਂ ਯਾਰੋ ਕਰਿਓ ਕੰਮ ਸਵਾਰ ।
ਇਕਸ ਟਕੇ ਦੇ ਕੰਮ ਦੇ ਟਕੇ ਦੇਵਸਾਂ ਚਾਰ ॥
ਜੇ ਇਕਸ ਪੈਸੇ ਦਾ ਕੰਮ ਸੀ, ਪੁੰਨੂ ਕੱਢ ਫੜਾਇਆ ਰੋਕ ।
ਦਿਲ ਵਿਚ ਜਾਤਾ ਧੋਬੀਆਂ ਹੈ ਕੋਈ ਚੰਗਾ ਲੋਕ ॥

ਜਦ ਸੱਸੀ ਤੇ ਪੁੰਨੂ ਦਾ ਨਕਾਹ ਹੋ ਗਿਆ ਤਾਂ :—

ਸੱਸੀ ਨੂੰ ਦਾਈਆਂ ਸਨੇ ਸਹੇਲੀਆਂ, ਆਂਦਾ ਮੋਢੇ ਲਾ ।
ਬਲਕੀਸ ਜਿਵੇਂ ਸੁਲੇਮਾਨ ਸਨ, ਤਖਤ ਬੈਠੇ ਸੀ ਆ ॥

ਦੋਹਾਂ ਦਾ ਰੂਪ ਵੇਖਨ ਨੂੰ:—

ਉਥੇ ਝੁਰਮਟ ਪਾਇਆ ਤਾਰਿਆਂ ਚੰਨ ਝਾਤੀ ਪਾਵੇ ਚਾ ।
ਅਤੇ ਚੜ੍ਹਿਆ ਲੋੜੇ ਰਾਤ ਰਾਤ, ਸੂਰਜ ਚਾਮਲ ਚਾਮਲ ਚਾ ॥
ਕਰੇ ਦੁਆਈਂ ਸਸ ਵੀ, ਕਿਵੇਂ ਰੱਬਾ ਦੇਹੁੰ ਨਾ ਚਾੜ੍ਹੀਂ ਝੱਬੁ ।
ਮੈਂ ਰੱਜ ਲਗ ਸੋਵਾਂ ਗਲ ਯਾਰ ਦੇ, ਤਾਂ ਦੇਹੁੰ ਚਾੜ੍ਹੀਂ ਰੱਬੁ ॥
ਏਹ ਹਾਰ ਦੇਵਾਂ ਗਜ ਮੋਤੀਆਂ, ਜੇ ਮਾਇਆ ਮੰਗੇਨ ਲੱਬੁ ।
ਪਰ ਏਹ ਵੀ ਕਰਸਨ ਹਲਜੁਲਾ, ਖ਼ਾਤ ਜਿਨ੍ਹਾਂ ਵਰਤੱਬ ॥
ਹਾਫ਼ਜ਼ ਨੈਣ ਵਿਸਾਲ ਦੇ, ਆਸ਼ਕਾਂ ਬਰਸ ਵਿਹਾਂਦਾ ਸੋ ।
ਅਤੇ ਸੈਹਮ ਰੈਹਨ ਗਲ ਲਗਕੇ, ਅਜੇ ਨਾ ਰਜਨ ਸੋ ।
ਸਸੀ ਨੂੰ ਦਸਤਕ ਮਾਰੀ ਸਹੇਲੀਆਂ, ਬਹਾਰ ਦਰੋਂ ਖਲੋ ।
ਆਨ ਉਠਾਇਆ ਦੇਹੁੰ ਚੜ੍ਹਜੇ ਨੀ, ਇਸ ਵਕਤ ਨਾ ਸੌਂਦਾ ਕੋ ।

ਏਹ ਵਿਸਾਲ ਦਾ ਬਿਆਨ ਹੈ, ਪਰ ਇਸ਼ਕ ਬਿਰਹੋਂ ਵਖਾਨ ਨੂੰ ਸਿਰ ਖੜਾ ਹੈ ਕਵੀ ਲਿਖਦਾ ਹੈ ।

ਜੋ ਸਿਰ ਸਸੀ ਦੇ ਵਰਤਿਆ, ਪਰ ਏਹ ਕਿਤ ਹੋਇਆ ਜਗ ।
ਪਰ ਹਥ ਸਿਰੇ ਥੋਂ ਫੇਰਕੇ, ਏਹ ਇਸ਼ਕ ਮਰੇਂਦਾ ਠਗ ।

ਪੁੰਨੂ ਏਧਰ ਸਸੀ ਨਾਲ ਰੰਗ ਰਲੀਆਂ ਤੇ ਮੌਜਾਂ ਮਾਨਦਾ ਸੀ ਓਧਰ ਕੀਚਮ ਵਿਚ ਡਾਢਾ ਹਾਹਾ ਕਾਰ । ਪੁੰਨੂ ਦੇ ਭਰਾ ਝਟ ਤਿਆਰ ਹੋ ਭੰਬੋਰ ਵਿੱਚ ਪੁੰਨੂ ਨੂੰ ਲੈਨ ਆਏ । ਸੱਸੀ ਘਰ ਸਦਾਏ, ਆਦਰ ਕਰਾਏ, ਪਰ ਹਾਏ ਓਹਨਾਂ ਹੋਤਾਂ ਕੀਹ ਦਗਾ ਕਮਾਇਆ ਸ਼ਰਾਬ ਪਿਆ ਸੱਸੀ ਤੇ ਪੁੰਨੂ ਦੋਹਾਂ ਨੂੰ ਬੇਹੋਸ਼ ਕੀਤਾ, ਅਰ ਪੁੰਨੂ ਚੁਕ ਕਚਾਵੇ ਪਾ ਔਹ ਗਏ ਔਹ ਗਏ ! ਸੱਸੀ ਨੂੰ ਅਕੱਲੀ ਬੇਹੋਸ਼ ਛੱਡ ਗਏ । ਜੇ ਸ਼ਰਾਬ ਮੂੰਹ ਨਾ ਲਾਂਦੀ ਤਾਂ ਏਹ ਦੁਖ ਕਿਉਂ ਉਠਾਂਦੀ । ਪਰ ਲੇਖ !

ਗਏ ਖੁਮਾਰੀ ਦੇ ਵੇਖਕੇ ਰੱਬਾ ਨਾ ਕਰਯੂਨ ਨਾ ਹੋਤ ।
ਲੱਦ ਸਧਾਏ ਸੁੱਤੜੀ ਰਹੀ ਅਕੱਲੇ ਸੋਤ ॥
ਨਾ ਸ਼ਮਾ ਨਾ ਚਾਨਨ ਚੰਦ ਦਾ ਨਾ ਤਾਰਿਆਂ ਸੰਦੀ ਜੋਤ ।
ਰਾਹ ਦਿਹੋਂ ਜੋ ਆਏ ਸਾਂ ਵੇਖਦੇ ਪਰ ਮੁੜਕੇ ਹੋਏ ਓਤ ॥
ਓਥੇ ਨਾ ਕਰਹੋਨ ਨਾ ਕਰਹੋਨ ਵਾਲੇ ਨਾ ਪੁੰਨੂ ਹੈ ਯਾਰ ।
ਉਨ੍ਹਾਂ ਸਵੀਂ ਸੰਞੀ ਹੈ ਚੀਰਿਆ ਥੱਲ ਡੂੰਗਰ ਕੈਹਰ ਕਹਾਰ ॥

ਸੱਸੀ ਉੱਠਕੇ ਯਾਰ ਨੂੰ ਨਾਂ ਵੇਖ;-

ਵੇਹੜੇ ਉੱਚੜੇ ਸੱਸੜੀ ਸਿਰ ਵਿਚ ਪਾਵੇ ਖੇਹ ॥
ਅਤੇ ਹਾਰ ਹਮੇਲਾਂ ਜੇਵਰਾਂ ਸਟ ਸਟ ਪਾਵੇ ਏਹ ॥
ਪਰ ਹਾਵੜ ਤਿਨਾ ਹੰਜੂ ਕਜਲ ਕਾਲਿਆਂ ਤੱਨ ਲੈ ਦੁਖਾਇਆ ਏਹ
ਜ਼ਾਲਮ ਇਸ਼ਕ ਸੂਲਾਂ ਖਿੱਚਿਆ ਅਤੇ ਦਰਦਾਂ ਚੀਰੀ ਦੇਹ ।

ਮਾਂ ਨਸੀਹਤ ਦੇਂਦੀ ਹੈ:-

ਮਾਓ ਆਖੇ ਧੀਆ ਸੱਸੀ ਜਿਨ੍ਹਾਂ ਦਾ ਨਾਮ ਨਾਂ ਜਾਨੇ ਥਾਉਂ।
ਉਨ੍ਹਾਂ ਦੀ ਜੰਮਨ ਭੂਮ ਨ ਜਾਨੀਏਂ ਨਾ ਕੋ ਸ਼ੈਹਰ ਗਰਾਉਂ।
ਓਹ ਹੋਨ ਅਜੇਹੇ ਆਦਮੀ ਤੱਕਨ ਪਏ ਸੁਵਾਉਂ।
ਬੱਚੀ ਇਲੀਂ ਕਿਸ ਨੂੰ ਪਰਨਾਈਆਂ ਕਿਸ ਪਿੰਜਰੇ ਘੱਤੇ ਕਾਉਂ ॥
ਬੱਚੀ ਧੀਆਂ ਮੱਤੀ ਆਪਨੀ, ਜਾ ਜੇਹੜੀਆਂ ਮਤ ਮਰੇਨ।
ਮਾਂ ਮਾਪੇ ਕਤਨਾ ਕੁਲਾਹਨ ਤੇ ਕਤਨਾ ਰਫਾ ਕਰੇਨ।
ਅਤੇ ਧੀਆਂ ਨੂੰ ਸੁਨਦੇ ਆਖਨਾਂ ਵੇਖ ਨਸੀਹਤ ਦੇਨ।
ਪਰ ਧੀਆਂ ਨੂੰਹਾਂ ਨ ਵਾਕ ਵਿਚ, ਪਰ ਮਾਪੇ ਸਬਰ ਕਰੇਨ ॥

(ਕਲਜੁਗ ਦਾ ਸਮਾਂ)

ਪਰ ਸੱਸੀ ਕਿਥੋਂ ਨਸੀਹਤਾਂ ਮੰਨੇ:-

ਸਸੀ ਖਿਝੀ ਮਾਉਂ ਨਾਲ ਤੁਧ ਪੇਟ ਨ ਕਢੀ ਆ ਬਾਰ।
ਅਤੇ ਮੇਰਾ ਦਰਦ ਕੀ ਲਗੇ ਤੁਧ ਨੂੰ ਕਿਉਂ ਨਕੰਮੀ ਜ਼ਾਰ।
ਮਾਈ ਬੋਲ ਅਵੱਲੇ ਬੋਲਕੇ ਮੇਰਾ ਆਜਜ਼ ਜੀਉ ਨਾ ਸਾੜ।
ਅੱਮਾਂ ਜਿਨ੍ਹਾਂ ਜ਼ਖਮ ਇਸ਼ਕ ਦਾ ਤਿਨ੍ਹਾਂ ਇਸ਼ਕੇ ਦੀ ਸਾਰ।
ਮੈਂ ਲੱਖੀ ਸਾਥ ਲੁਟਾਇਆ ਜਿਉਂ ਮੋਤੀ ਹੱਥ ਕਰਾੜ।
ਹਾਫਜ਼ ਉਨ੍ਹਾਂ ਪੁੰਨੂ ਡਾਚੀ ਘੱਤਿਆ ਸੱਸੀ ਰਹੀ ਉਰਾਰ ॥

ਸੱਸੀ ਥਲਾਂ ਨੂੰ ਵਗ ਟੁਰਦੀ ਹੈ ਅਰ ਦੁੱਖ ਜਰਦੀ ਹੈ। ਅੰਤ ਵੇਲੇ ਬਕਰਵਾਨਾਂ ਨੂੰ ਦਿਸਦੀ ਹੈ।

ਸੱਸੀ ਆਖਦੀ:-

ਏਹ ਭੱਠ ਬਿਰਹੋਂ ਬਦ ਮੁਆਮਲਾ ਸਿਰ ਤੇ ਕਫਨੀ ਬੰਨ੍ਹ।
ਅਤੇ ਛੱਤੇ ਹੱਥ ਨਾ ਅੱਪੜੇ ਦੇਵੇ ਉਨ੍ਹਾਂ ਨੂੰ ਸੱਨ ॥
ਉਹ ਇਕਤੇ ਸਟ ਦੋਵਾਂ ਦੇ ਹੱਡ ਭਨੀਦਾ ਬੱਨ।

ਜ਼ਿਨ੍ਹਾਂ ਵੇਦਨ ਇਸ਼ਕ ਸਰੀਰ ਨੂੰ ਸੋ ਕੀਕਰ ਸੁਖ ਸੋਵੱਨ ॥
ਹਾਲ ਸੱਸੀ ਦਾ ਵੇਖਕੇ ਢਾਹੀਂ ਰੁੰਨੇ ਝਾੜ।
ਅਤੇ ਮਾਲਾਂ ਆਹੀਂ ਘੱਤੀਆਂ; ਬਿਰਹੋਂ ਵੇਖ ਨਵਾੜ॥
ਪੁੰਨੂੰ ਗਿਨ ਗਿਨ ਸੀਵਾਂ ਕਫਨੀਆਂ; ਇਸ਼ਕ ਨ ਕੱਢਨ ਸਾੜ।
ਸੱਸੀ ਮਾਤਮ ਬੈਠੀ ਉਤ ਦਿਨ ਕਰ ਕਾਲਾ ਵੇਸ ਪਹਾੜ॥

ਸੱਸੀ ਨੇ ਜਾਨ ਦਿੱਤੀ, ਤਾਂ ਜੰਗਲ ਵਿਚ ਮਾਤਮ ਕਿਨ੍ਹਾਂ ਕੀਤਾ:-

ਸੱਸੀ ਦਾ ਮਾਤਮ ਬਘਿਆੜਾਂ ਗਿੱਦੜਾਂ ਕੀਤਾ ਆ।
ਅਤੇ ਲੂੰਬੜੀਆਂ ਤੇ ਪਾਹੜੇ ਉਸ ਨੂੰ ਰੋਵਨ ਪੱਲੂ ਪਾ॥
ਉਹ ਮੋਰ ਜੰਗਲ ਤੇ ਝਾਗਰੀ ਕੁਰਲਾਵਨ ਕੂੰਜਾਂ ਆ।
ਨਿਤ ਦੁੱਧ ਨਾ ਦਿੱਤਾ ਹਰਨੀਆਂ ਥੱਕੇ ਪਗ ਵਿਹਾ॥
ਯਾਰੋ ਜੂਹੀਂ ਚੁੱਗਨ ਨਾ ਪੰਖਨੂ ਅਤੇ ਮੁਰਗਾਂ ਪਿਆ ਵਿਜੋਗ।
ਜੋ ਏਥੇ ਥਾਂ ਨਾ ਹੋਇਆ ਇਸ਼ਕ ਦਾ ਅਬ ਅਸਾਂ ਕੀ ਰੋਗ॥
ਏਹ ਇਸ਼ਕ ਕਰੇਸੀ ਤਖਤਾਂ ਵਨ ਤਿਨ ਵਿਹਾਈ ਰੋਗ।
ਸਸੀ ਘਿੰਨ ਮੋਈ ਗਮ ਯਾਰ ਦਾ ਘੱਤ ਥਲਾਂ ਵਿਚ ਸੋਗ॥

ਇਧਰ ਸਸੀ ਨੇ ਥਲੀਂ ਜਾਨ ਦਿਤੀ ਉਦਰ ਪੁੰਨੂ ਨੂੰ ਜਾਗ ਆਈ, ਸੱਸੀ ਨਾਂ ਵੇਖ ਬਿਆਕੁਲ ਹੋਇਆ, ਵਾਹੋਦਾਹੀ ਪਿਛੇ ਮੁੜਿਆ ਪਰ ਥਲਾਂ ਵਿੱਚ ਸੱਸੀ ਦੀ ਕਬਰ ਹੀ ਮਿਲੀ ਓਹ ਇਸ਼ਕ ਪੂਰਾ ਕਰ ਗਈ, ਹੁਣ ਪੁੰਨੂ ਦੀ ਵਾਰੀ ਆਈ ਨਵੀਂ ਕਬਰ ਵੇਖ ਅਯਾਲੀ ਨੂੰ ਪੁੱਛਦਾ ਹੈ:-

ਪੁੰਨੂੰ ਪੁਛੇ ਭਾਈ ਆਜੜੀ, ਦੱਸ ਅਸਾਂ ਏਹ ਗੱਲ।
ਏਹ ਗੋਰ ਨਵੀਂ ਇਸ ਰਾਹ ਤੇ ਅੱਜ ਹੋਈ ਕੇ ਕੱਲ?
ਨਾਹੀਂ ਥੇਹ ਨਜ਼ੀਕ ਕੋ ਚਰਾਂ ਨਹੀਂ ਇਤ ਵੱਲ।
ਏਹ ਕੌਨ ਸੋਇਆ ਕਟ ਦੀਦਨੇ ਕਿੱਥੋਂ ਆਇਆ ਸੀ ਚੱਲ॥

ਆਜਜ਼ੀ ਦਾ ਉਤ੍ਰ ਕੇਹਾ ਸੋਹਣਾ ਹੈ:-

ਮੀਆਂ ! ਉਚੀ, ਲੰਮੀ ਪਤਲੀ, ਨਿੱਕੇ ਲੱਕ ਜਵਾਨ ।
ਨਾਮ ਸੱਸੀ ਧੀ ਜਾਮ ਦੀ ਹੋਈ ਬਿਰਹੋਂ ਦੇ ਮਾਨ ॥
ਏਹ ਪੁੰਨੂੰ ਪੁੰਨੂੰ ਕਰ ਮਰ ਗਈ ਅਸਾਂ ਖਲਿਆਂ ਦਿੱਤੀ ਜਾਨ ।
ਸਾਨੂੰ ਗੋਰ ਅਥਾਂਈ ਕੇਹੀ ਸੂ ਸਭ ਕੋ ਖੜੇ ਹਰਾਨ ॥

ਪੁੰਨੂੰ ਸੁਣਕੇ, ਕੀਰਨੇ ਕਰਕੇ ਜਾਨ ਦੇਂਦਾ ਹੈ ਅਰ ਮਰ ਕੇ ਯਾਰ ਨੂੰ ਮਿਲਦਾ ਹੈ:-

ਹਾਫ਼ਜ਼ ਪੁੰਨੂੰ ਮਾਰੇ ਧਰਤ ਤੇ ਲਾਹ ਸਿਰੋਂ ਤੋਂ ਪੱਗ ।
ਮੈਨੂੰ ਘਤ ਕਚਾਵੇ ਲੈ ਗਏ ਪਾ ਭੁਲਾਉੜਾ ਠੱਗ ॥
ਓਹ ਫਿਟ ਕੀਚਮ ਫਿਟ ਭਾ ਮੇਰੇ ਫਿਟ ਕਰਹਾਨ ਦੇ ਵੱਗ ।
ਮੈਨੂੰ ਚੰਗੀ ਸੀ ਜ਼ੈਹਰ ਸ਼ਰਾਬ ਏ ਦੇਂਦੀ ਤੇਗ਼ ਅਲੱਗ ॥

ਰੱਬ ਅੱਗੇ ਪੁੰਨੂੰ ਬੇਨਤੀ ਕਰਦਾ ਹੈ:-

ਰਬਾ ਅਸੀਂ ਜੁੱਸੇ ਆਪੋ ਆਪਣੇ ਦੋਹਾਂ ਜਿਸਮਾਂ ਇਕ ਜਾਨ ।
ਜੇ ਇਕ ਰਹੇ ਇਕ ਯਾਰ ਬਿਨ ਤਾਂ ਖਤਾ ਦੋਹਾਂ ਈਮਾਨ ॥
ਇਕੋ ਪੁੰਨੂੰ ਖੜੀਂ ਓਸਤੇ ਇਕੋ ਉਹ ਮਲਾਈਂ ਜਾਨ ।
ਕਿਵੇਂ ਅਸਾਂ ਰਾਜ਼ੀ ਰੱਖਨਾ ਅਤੇ ਗੱਲਾਂ ਰੈਹਨ ਜਹਾਨ ॥

ਰੱਬ ਦੀ ਮੇਹਰ ਕਬਰ ਫੱਟ ਗਈ:-

ਉਹ ਹੁਕਮੇ ਨਾਲ ਅਲਾਹ ਦੇ ਪਾਟੀ ਗੋਰ ਉਹ ਚਾਹ ।
ਵੇਖ ਕੁਦਰਤ ਡਿੱਠੀ ਰੱਬ ਦੀ ਪਿਆ ਅਯਾਲ ਤ੍ਰਾਹ ॥
ਉਹ ਦੋਵੇਂ ਜੀਵੇ ਯਾ ਮੋਏ ਜਾਨੇ ਆਪ ਅਲਾਹ ।
ਪਰ ਹਾਫ਼ਜ਼ ਸੁਣ ਕੇ ਗੱਲਾਂ ਖਲਕਤੋਂ, ਹੋਇਆ ਜੱਗ ਅਗਾਹ ॥

ਕੇਹੀ ਸੋਹਣੀ ਬੋਲੀ ਵਿੱਚ ਸੱਸੀ ਤੇ ਪੁੰਨੂ ਦੇ ਪ੍ਰੇਮ ਦਾ

ਬਿਆਨ ਲਿਖਿਆ ਹੈ। ਬੋਲੀ ਜੀ ਨੂੰ ਡਾਢੀ ਪਿਆਰੀ ਲਗਦੀ ਹੈ।

ਸੱਸੀ ਪੁੰਨੂ ਦੇ ਪਲਾਟ ਵਿਚ ਦੋ ਸ਼ੰਕੇ ਉਠਦੇ ਹਨ:-

(੧) ਜਦ ਸੱਸੀ ਅਪਨੇ ਲੱਖੀ ਮਹਲ ਵਿੱਚ ਰਹਿੰਦੀ ਸੀ ਅਰ ਉਸ ਪਾਸ ਪੱਤਨ ਦੀ ਆਮਦਨ ਵੀ ਚੋਖੀ ਸੀ ਤਾਂ ਪੁੰਨੂ ਲੱਭਨ ਗਿਆਂ ਉਹ ਪੈਦਲ ਕਿਉਂ ਗਈ। ਥਲਾਂ ਦਾ ਉਸ ਨੂੰ ਪਤਾ ਸੀ ਉਹ ਵੀ ਇਕ ਚੰਗੀ ਡਾਚੀ ਲੈਕੇ ਪੁੰਨੂ ਦੇ ਪਿੱਛੇ ਜਾਂਦੀ। ਪਰ ਜੇ ਏਹ ਕਰਦੀ ਤਾਂ ਮਰਦੀ ਕੀਕਨ, ਅਰ ਏਹ ਕਿੱਸਾ ਕਿਥੋਂ ਬਨਦਾ ?

(੨) ਜਦ ਸੱਸੀ ਪਾਸ ਅਪਨੀ ਵੱਖਰੀ ਦੌਲਤ ਤੇ ਆਮਦਨ ਸੀ ਤਾਂ ਪੁੰਨੂ ਨੂੰ ਧੋਬੀ ਬਨਾ ਕੇ ਮਾਂ ਪਿਓ ਪਰਚਾਨ ਦੀ ਕੀ ਲੋੜ ਸੀ ਅਰ ਵਿਚਾਰੇ ਪੁੰਨੂ ਨੂੰ ਕਪੜੇ ਚੁਕਾ ਧਵਾਨ ਘੱਲਨ ਦੀ ਵੀ ਲੋੜ ਨਹੀਂ ਸੀ। ਕਿਧਰੇ ਤੇ ਸੱਸੀ ਮਾਂ ਨੂੰ ਝਿੜਕ ਸੁਟਦੀ ਹੈ ਅਰ ਕੈਂਹਦੀ ਹੈ ਤੂੰ ਕੁਖੋਂ ਕਦ ਜੰਮਿਆ ਸੀ, ਅਰ ਕਿਧਰੇ ਉਹਨੂੰ ਰਾਜ਼ੀ ਕਰਨ ਲਈ ਅਪਨੇ ਯਾਰ ਨੂੰ ਦੁਖ ਦਵਾਂਦੀ ਹੈ ਪਰ ਏਹ ਵੀ ਖਵਰੇ ਇਸ਼ਕ ਦਾ ਇਮਤਿਹਾਨ ਸੀ।

**ਮਿਰਜ਼ਾ ਸਾਹਿਬਾਂ**:—ਏਹ ਕਿੱਸਾ ਕੇਵਲ ਕਵੀ ਜੀ ਦੀ ਰਚੀਆਂ ਹੋਈਆਂ ਸੱਦਾਂ ਦਾ ਇਕੱਠ ਹੈ। ਲੜੀ ਵਾਰ ਸੱਦਾਂ ਵੀ ਨਹੀਂ, ਕੋਈ ਅੱਗੇ ਤੇ ਕੋਈ ਪਿੱਛੇ ਪਰ ਪੰਜਾਬੀ ਠੇਠ ਤੇ ਸਵਾਦਲੀ ਹੈ ਅਰ ਕਵਿਤਾ ਦਾ ਰੰਗ ਵੀ ਚੰਗਾ ਹੈ। ਮਿਰਜ਼ੇ ਦੀਆਂ ਸੱਦਾਂ ਸੱਸੀ ਪੁੰਨੂ ਤੋਂ ਪਿਛੋਂ ਕਵੀ ਨੇ ਬਨਾਈਆਂ ਹਨ ਕਿਉਂ ਜੋ ਇਸ ਕਿੱਸੇ ਵਿੱਚ ਕਿੰਨੀਂ ਥਾਂ ਪੁੰਨੂ ਤੇ ਹੋਤਾਂ ਦਾ ਜ਼ਿਕਰ ਆਇਆ ਹੈ। ਸੌ ਵਿਸਵਾ ਏਹ ਕਿੱਸਾ ਜ਼ੁਲੈਖਾਂ ਤੋਂ ਵੀ ਪੈਹਲੇ ਲਿਖਿਆ ਹੋਨ ਹੈ। ਕਿਉਂ ਜੋ ਇਸਦੇ ਸ਼ੁਰੂ ਵਿੱਚ ਜ਼ੁਲੈਖਾਂ ਦੇ ਇਸ਼ਕ ਦ ਹਾਲ ਦੱਸਿਆ ਹੈ। ਜਾਂ ਇਸ ਕਿੱਸੇ ਦੇ ਲਿਖਨ ਲੱਗਿਆਂ ਜ਼ੁਲੈਖ

ਤੇ ਯੂਸਫ ਦਾ ਇਸ਼ਕ ਵੀ ਅੱਖੀਆਂ ਸਾਮਨੇ ਫਿਰਦਾ ਹੋਨਾ ਏ ਜਿਸਦਾ ਨਿਰਨਾਂ ਉਹਨਾਂ ਨੇ ਫੇਰ ਇਕ ਵੱਖਰੇ ਕਿੱਸੇ ਵਿੱਚ ਕੀਤਾ।

ਇਸ ਕਿੱਸੇ ਦੀਆਂ ਚੰਗੀਆਂ ੨ ਸੱਦਾਂ ਲਿਖਦੇ ਹਾਂ ਜਿਸ ਤੋਂ ਕਵੀ ਦੀ ਕਵਿਤਾ ਦਾ ਜ਼ੋਰ, ਅਰ ਉਹਨਾਂ ਵਿਚ ਮਨ ਦੇ ਭਾਵ ਨੂੰ ਪ੍ਰਤਖ ਕਰਕੇ ਦੱਸਨ ਦੀ ਸ਼ਕਤੀ ਦਿਸਦੀ ਹੈ;-

ਜੀ ਇਸ਼ਕ ਭਲੇਰਾ ਪਾਤਨੀ, ਕਿਸੇ ਨਾ ਚਾੜ੍ਹੇ ਪਾਰ !
ਭਰ ਭਰ ਬੇੜੇ ਡੋਬਦਾ, ਅਧ ਘੜੀ ਵਿੱਚ ਯਾਰ ॥
ਰੱਬਾ ਰੱਖੀਂ ਇਸ਼ਕ ਮਜਾਜ਼ੀਓਂ ਰੂਨੀ ਘੱਤਨ ਮਾਰ।
ਸੱਸੀ, ਬਾਈ, ਬੋਬਨਾ ਸਨੇ ਜਲਾਲੀ ਚਾਰ ॥

ਏਹ ਇਸ਼ਕ ਹੋਰਾਂ ਦੇ ਕਰਤਬ ਵਖਾਏ ਹਨ, ਅਰ ਇਸ਼ਕ ਕੋਹੀਆਂ ਚਾਰ ਮੁਟਿਆਰਾਂ ਦੇ ਨਾਂ ਦੱਸੇ ਹਨ। ਸਾਹਿਬਾਂ ਦੇ ਰੂਪ ਦਾ ਬਿਆਨ ਕੇਹੀ ਠੇਠ ਬੋਲੀ ਤੇ ਨਵੇਂ ਗੁਨਾਂ ਨਾਲ ਕਰਦਾ ਹੈ:-

ਸਾਹਿਬਾਂ ਰੰਗ ਮਜੀਠ ਦਾ, ਜਿਉਂ ਜਿਉਂ ਧਰਤ ਰਗੰਨ।
ਓਦ੍ਹੀ ਜੁਤੀ ਦੇ ਦੋ ਵਾਲੀਆਂ, ਦੋ ਬਤਕਾਂ ਚੋਗ ਚੁਗੰਨ ॥
ਉਸ ਦਾ ਕੱਦ ਸਕੀਮ ਤਨ, ਵਿਚ ਤ੍ਰਿਕਲ ਵਟ ਪਵੰਨ।
ਅਤੇ ਨੱਕ ਕੁੰਡੀ ਦਾ ਪੀਪਲਾ, ਜ਼ੁਲਫਾਂ ਨਾਗ ਪਲਮੰਨ ॥

ਤ੍ਰੀਮਤਾਂ ਦੇ ਕਰਤਬ ਦਸਦਾ ਹੈ;—

ਬਾਰ ਸੰਗਲ ਦੇ ਪਾਉਨ ਆ ਗਲੀ, ਜਿਥੇ ਪਦਮਨਾ ਵਜੰਨ।
ਝਾੜੀ ਬੀਜੇ ਅੰਬ ਜੋ, ਜੰਡੋਂ ਅੰਬ ਕਰੰਨ ॥

ਫੇਰ ਸਾਹਿਬਾਂ ਦੇ ਰੂਪ ਦਾ ਬਿਆਨ:—

ਉਹਦੀਆਂ ਸੁਰਖ ਲਬਾਂ ਦੰਦ ਉਜਲੇ, ਜਿਉਂ ਮੋਤੀ ਲਾਲ ਭੁਖੰਨ।
ਜਾਂ ਗੱਲ ਕਰੇਂਦੀ ਹੱਸਕੇ, ਮੁਖਹੁ ਫਲ ਝੜੰਨ ॥
ਸਾਹਿਬਾਂ ਦੇ ਤ੍ਰਿਖੇ ਨੈਨ ਕਟਾਰੀਆਂ, ਦੂੱਸਰ ਘਾ ਕਰੰਨ।

ਜਿਉਂ ਤੇਜੀ ਸੂਰਜ ਸਾਮਨੇ, ਲਾਟਾਂ ਨੈਨ ਮਰੇਨ ॥
ਓਦ੍ਹੇ ਪਟ ਚੰਦਨ ਦੀਆਂ ਗੇਲੀਆਂ ਚੰਗੇ ਮੁਸ਼ਕ ਛੜੰਨ ।
ਉਸਦੀ ਧੁੰਨੀ ਤੁੰਗ ਸ਼ਰਾਬ ਦੀ, ਆਸ਼ਕ ਘੁੱਟ ਪੀਵੰਨ ॥
ਉਸਦੇ ਸੀਨੇ ਤੇ ਦੋ ਡੱਬੀਆਂ, ਆਸ਼ਕ ਮਸਤ ਕਰੰਨ ।
ਉਪਰ ਭੋਛਨ ਕਾਢਵਾਂ, ਵਿਚ ਤਿਲੀਅਰ ਚੋਗ ਚੁਗੰਨ ॥

ਉਸ ਵੇਲੇ ਦੀਆਂ ਫੁਲਕਾਰੀਆਂ ਕੇਹੀਆਂ ਸੋਹਣੀਆਂ ਹੁੰਦੀਆਂ ਹੋਣਗੀਆਂ:-

ਪਾਨੀ ਉਪਰ ਬੁਲ ਬੁਲਾ, ਵਿਚ ਵਜੂਦੇ ਸਾਹ ।
ਉਹ ਲਖ ਵਾਰੀ ਵੜ ਨਿਕਲੇ, ਪਲ ਇਵੇਂ ਹੋਸੀ ਰਾਹ ।
ਨਿਕਲ ਗਿਆ ਫਿਰ ਨਾ ਵੜੇ, ਦਮ ਦਾ ਨਹੀਂ ਵਸਾਹ ।
ਪਿੱਛੇ ਪੈਰ ਨਾ ਰੱਖੀਏ, ਅੱਗੇ ਹੋਵੇ ਸੋ ਵਾਹ ॥

ਇਸ ਜ਼ਿੰਦਗੀ ਦੀ ਬੇ ਬੁਨਆਦਾ ਨੂੰ ਕੇਹੀ ਸੋਹਣੀ ਤਰਹ ਦੱਸਿਆ ਹੈ । ਸਾਹਿਬਾਂ ਦਾ ਇਸ਼ਕ ਦਸਦੇ ਹੋਏ ਕਵੀ ਜੀ ਲਿਖਦੇ ਹਨ:-

ਹਾਫ਼ਜ਼ ਇਸ਼ਕ ਆਇਆ ਘਟ ਬੰਨ੍ਹਕੇ; ਪੋਸ਼ ਕਰੇਂਦਾ ਪੋਸ਼ ।
ਸਾਹਿਬਾਂ ਘਤ ਪਿਆਲੀ ਇਸ਼ਕ ਦੀ, ਹੋਸ਼ੋਂ ਬਨੀ ਬੇਹੋਸ਼ ॥
ਸਾਹਿਬਾਂ ਘਤ ਪਿਆਲੀ ਇਸ਼ਕ ਦੀ, ਪਰ ਬਿਰਹੋਂ ਦਾ ਜੋਸ਼
ਸਾਹਿਬਾਂ ਦਾ ਖਾਵਣ ਪੀਵਨ ਮੁੱਕਿਆ, ਪਰ ਬਿਰਹੋਂ ਦਾ ਜੋਸ਼
ਜਾ ਅਤਨ ਦਰਸਨ ਨਦੀਆਂ, ਤਾਂ ਕਵਨ ਜੋਸ਼ ਖਿਰੋਸ਼ ॥

ਇਸ਼ਕ ਦਾ ਚਰਚਾ:-

ਮਿਰਜ਼ਾ ਚਰਚਾ ਕਰਨ ਸੁਆਨੀਆਂ, ਲਗੇ ਚੰਦ ਨੂੰ ਕਲੰਕ ।
ਜੇ ਉੱਧਲ ਜਾਨ ਕੁਆਰੀਆਂ ਦੋਹਾਂ ਗਲਾਂ ਥੋਂ ਤੰਗ ।
ਅਸਾਂ ਇਸਤਰੀਆਂ ਨੂੰ ਤੁਸਾਂ ਥੋਂ ਚੜ੍ਹਦਾ ਰੰਗ ।
ਤੂੰ ਤੋੜ ਨ ਵਧੀਆਂ ਗੰਦਲਾਂ ਅੱਗੋਂ ਜਾਨ ਸਲਾਮਤ ਮੰਗ ॥

ਏਹ ਤਾਨੇ ਸੁਨ ਸਾਹਿਬਾਂ ਬੋਲਦੀ ਏ:-

ਮਿਰਜ਼ਿਆ ਸ਼ੈਹਰ ਝਨਾਓਂ ਦੇ, ਹਾਕਮ ਹੈ ਤੇਰੇ ਵੈਰ।
ਮੇਰੀ ਜ਼ਾਲਮ ਮਤਰੇਈ ਮਾਉਂ ਨਾਲ ਜੋ ਚੰਗਿਓਂ ਕਰੈ ਅੰਗ਼ੈਰ ॥
ਮੈਂ ਰੋ ਰੋ ਚੀਕਾਂ ਮਾਰਦੀ, ਸੇਵਾਂ ਖਵਾਜਾ ਪੀਰ।
ਜੀਵੇਂ ਚੰਦਨ, ਗੰਦਲਾ, ਮੈਂ ਚਖ ਚਖ ਸਟਾਂ ਚੀਰੁ ॥

ਮਿਰਜ਼ਾ:-

ਸਾਹਿਬਾਂ ਲਾਵੀ ਚੜ੍ਹੀ ਪ੍ਰੇਮ ਦੀ, ਚੋ ਚੋ ਪੈਂਦੇ ਮਘੰਗ।
ਏਹ ਜ਼ੈਹਰ ਪਿਆਲਾ ਇਸ਼ਕ ਦਾ, ਪਰ ਭਰੰ ਭਰ ਪੀ ਨਿਸ਼ੰਗ ॥
ਜੇ ਸਿਰ ਜਾਏ ਤਾਂ ਜਾਨ ਦੇ, ਪਰ ਇਸ਼ਕ ਨ ਲਗੇ ਨੰਗ ॥
ਲਾਜ ਲਗੇ ਤਿਸ ਇਸ਼ਕ ਨੂੰ, ਜੇ ਸੜਨੋਂ ਡਰੇ ਪਤੰਗ ॥

ਸਾਹਿਬਾਂ:-

ਮਿਰਜ਼ਿਆ ਮੇਰਾ ਮਾਸ ਜੰਬੂਰੀ ਕੱਟੀਏ, ਜੇ ਮਾਂਓ ਸੁਨੇ ਮਤਰੇਰ
ਮੇਰੇ ਹਾਲ ਔਤਰੇ ਨਾਲ ਜੋ, ਪਾਸਨ ਕਰਦੇ ਸੇਰ ॥
ਕੋਈ ਸਜਨ ਨਾਂਹੀ ਸ਼ੈਹਰ ਵਿਚ, ਦੂਤੀ ਹੋਏ ਢੇਰ।
ਅਤੇ ਰਾਜ ਨਹੀਂ ਵਿਚ ਮੁਗਲਾਂ, ਖੀਵੇ ਦੇ ਸ਼ੈਹਰ ਅੰਧੇਰ ॥
ਉਸ ਵੇਲੇ ਮੁਲਕ ਵਿਚ ਬਦਅਮਨੀ ਸੀ ॥

ਮਿਰਜ਼ਾ:

ਸਾਹਿਬਾਂ ਅੱਗ ਨਾ ਸਾੜੇ ਆਸ਼ਕਾਂ ਕੂਕੇ ਦੇਖ ਨਜ਼ੀਰ।
ਜਾਂ ਚਲੀ ਸੜਨ ਮਹਾ ਸਤੀ ਦਸਤ ਬੁਹਾਰੇ ਬੀਰ ॥

ਏਹ ਆਸ਼ਕ ਤੇ ਮਾਸ਼ੂਕ ਦੀਆਂ ਸਮਝੌਤੀਆਂ ਤੇ ਪਕਿਆਈਆਂ ਹਨ। ਮਿਰਜ਼ੇ ਦੇ ਜਾਨੇ ਦੇ ਪਿੱਛੋਂ ਸਾਹਿਬਾਂ ਬੜੀ ਬਿਆਕੁਲ ਹੁੰਦੀ ਹੈ:-

ਮੈਂ ਆਪ ਕੁੱਸਾਂ ਹੋ ਬਕਰੀ ਵਤ ਭੁੰਨ ਕਬਾਬ ਹਜ਼ਾਰ ।
ਅਤੇ ਭਰ ਭਰ ਨੈਨ ਸੁਰਾਹੀਆਂ, ਮੈਂ ਥੀਵਾਂ ਪਾਨੀ ਹਾਰ ॥
ਹੋਰ ਭੋਜਨ ਚੰਗਾ ਜਿੰਦ ਥੋਂ, ਨਾਹੀਂ ਵਿਚ ਸੰਸਾਰ ।
ਸੋ ਅੱਗੇ ਧਰਦੇ ਸਜਨਾਂ, ਮੈਂ ਪਾਨੀ ਪੀਵਾਂ ਵਾਰ ॥

ਇਸ ਤੋਂ ਚੰਗਾ ਹੋਰ ਕੀ ਭੋਜਨ ਪਿਆਰੇ ਲਈ ਹੋਨਾਂ ਏ । ਏਹ ਜਾਨ ਦਾ ਵਾਰਨਾ ਹੈ । ਇਸ਼ਕ ਦਾ ਇਕ ਹੋਰ ਨਜ਼ਾਰਾ:—

ਜਿਨ੍ਹਾਂ ਇਸ਼ਕ ਤਨੇ ਵਿਚ ਰੱਚਿਆ, ਘਾਉ ਨ ਦਿੱਸੇ ਅੰਗ ।
ਨੀਂਦਰ ਭੁੱਖ ਨ ਆਸ਼ਕਾਂ, ਉਹ ਰੈਹਨ ਨਾ ਮੌਤੋਂ ਸੰਗ ॥
ਸਾਹਿਬਾਂ ਮਸਤੀ ਚੜ੍ਹੀ ਪ੍ਰੇਮ ਦੀ ਜਿਉਂ ਮਸਤੀ ਚੜ੍ਹਦੀ ਭੰਗ ।
ਅਤੇ ਅਕਲ ਨ ਮਿਲਸੀ ਢੂੰਡਿਆਂ, ਨਾ ਮਿਲਸੀ ਮੂਲਨਾ ਮੰਗ ॥
ਉਸਨੂੰ ਕੁੰਡੀ ਲੱਗੀ ਮੱਛ ਜਿਉਂ, ਮਿਰਜ਼ਾ ਛੋੜ ਗਿਆ ਉਸਟੰਗ ॥
ਪਰ ਕਿਆ ਪਰਵਾਹ ਚਰਾਗ ਨੂੰ, ਜੋ ਦੇਸੀ ਜਿੰਦ ਪਤੰਗ ॥
ਹੰਝੂ ਵਗਨ ਆਸ਼ਕਾਂ, ਮੋਤੀ ਜਿਉਂ ਅਨ ਤੁਲ ।
ਰਤੋਂ ਰੋਵੇ ਸਾਹਿਬਾਂ, ਜਿਉਂ ਝੜਨ ਚਰਾਗੋਂ ਫੁਲ ॥
ਠਾਠ ਜਿਵੇਂ ਦਰਿਆ ਦੇ, ਜਿੱਥੇ ਪਵੇ ਬਿਰਹੋਂ ਦੀ ਛੱਲ ।
ਸਰ ਪਰ ਡੋਬੇ ਤਾਰੂਆਂ, ਭੁੱਲੀ ਸਭ ਅਕਲ ॥
ਮਿਰਜਾ ਸਾਇਤ ਵੇਖ ਨ ਚਲਿਆ, ਪੁਛ ਨ ਟੁਰਿਆ ਵਾਰ ।
ਅੱਗੇ ਬਾਹਮਨ ਮਿਲਜੋਸੂ ਸਾਹਮਨੇ, ਜਦ ਚੜ੍ਹ ਹੋਇਆ ਅਸਵਾਰ॥

(ਏਹ ਪੁਰਾਨੇ ਸਮੇਂ ਵਿਚ ਸ਼ਗਨ ਦੀ ਵੀਚਾਰ ਹੈ)

ਮਿਰਜ਼ੇ ਦੀ ਮਾਂ ਵੀ ਮਿਰਜ਼ੇ ਨੂੰ ਰੋਕਦੀ ਹੈ ਅਰ ਅਪਨੇ ਭਿਆਨਕ ਸੁਪਨੇ ਦਾ ਹਾਲ ਦਸਦੀ ਹੈ ਪਰ ਮਿਰਜ਼ਾ ਇਸ਼ਕ ਦਾ ਰੱਤਾ, ਬਚਨਾਂ ਦਾ ਬੱਧਾ ਕੀਕਨ ਮੁੜੇ:——

ਚੜ੍ਹਦੇ ਮਿਰਜ਼ੇ ਖਾਨ ਨੂੰ, ਅੱਗੋਂ ਮਾਦਰ ਦੇਵੇ ਮੱਤ ।

ਜਾਇ ਬਗਾਨੀ ਨਾਰ ਨੂੰ, ਮੂਰਖ ਪਾਵੇਂ ਹੱਥ ॥
ਲੱਖੀਂ ਹੱਥ ਨਾ ਆਂਵਦੀ, ਦਾਨਸ਼ ਮੰਦਾਂ ਦੀ ਪੱਤ ।
ਮੈਂ ਬੱਕਰਾ ਦੇਸਾਂ ਪੀਰ ਦਾ, ਜੇ ਘਰ ਆਵੇ ਮੁੜ ਵੱਤ ।
ਸੁਤੇ ਸੁਪਨਾ ਵਾਚਿਆ, ਸੁਪਨਾ ਬੁਰੀ ਬਲਾਇ ।
ਕਾਲੀ ਜੇਹੀ ਇਸਤ੍ਰੀ, ਖੁਲੇ ਮੂਹਾਂ ਦੀ ਆਇ ॥
ਚਬਾਰੜੇ ਦਾ ਢੇਹ ਪਇਆ ਬੰਨਾ, ਜਿੱਥੇ ਚੜ੍ਹ ਲਏ ਹਵਾਇ
ਮੇਰੇ ਥੰਮ ਕੜਕਾ ਮਾਰਿਆ ਪਿਆ ਧਰਤੀ ਤੇ ਆਇ ॥
ਕੱਟਾ ਸੰਡਾ ਡੁਬ ਮੁਇਆ, ਮੰਗੂ ਮੁਗਲਾ ਦੀ ਜਾਇ ।
ਮੈਂ ਵਾਸਤਾ ਘਤਿਆ ਰੱਬ ਦਾ, ਖੀਵੇ ਸ਼ੈਹਰ ਨ ਜਾਇ ।

ਸਵੇਰ ਦੇ ਸਮੇਂ ਦੀ ਪੜਤਾਲ:—

ਭਾਈਆ ਵੇ ਘੜਿਯਾਲੀਆ, ਕਿਤਨੀ ਕੁ ਰਾਤ ਗਈ ।
ਮੇਰੇ ਮੋਤੀ ਮੋਤੀ ਚੁਗ ਲਏ, ਮੁਖ ਤੇ ਖੂਨ ਵਹੀ ॥
ਮੇਰੇ ਡੁਲ੍ਹੇ ਮੋਤੀ ਭੋਂ ਪਏ, ਉਤਰ ਤੇ ਆਪ ਗਏ ॥

ਤਾਰਿਆਂ ਦਾ ਛਿਪਨਾ ਅਰ ਚੜ੍ਹਦੇ ਲਾਲੀ ਦਾ ਦਿਸਨਾ ਕੇਹੀ ਸੋਹਣੀ ਤਰ੍ਹਾਂ ਦਸਿਆ ਹੈ, ਜਦ ਮਿਰਜਾ ਜੰਗਲ ਵਿਚ ਘੇਰਿਆ ਜਾਂਦਾ ਹੈ; ਅਰ ਉਸਦਾ ਤਰਕਸ਼ ਤੇ ਕਮਾਨ ਦਰਖਤ ਤੇ ਟੰਗਿਆ ਹੁੰਦਾ ਹੈ । ਸਾਹਿਬਾਂ ਦੀ ਭੁਲ ਨੂੰ ਰੋਂਦਾ ਹੈ ਅਰ ਬੇਹਥਿਆਰਾ ਮਾਰਿਆ ਜਾਨ ਦਾ ਅਫਸੋਸ ਕਰਦਾ ਹੈ । ਬੋਲਦਾ ਹੈ:—

ਬੁਰਾ ਕੀਤੋਈ ਸਾਹਿਬਾਂ, ਮੇਰਾ ਤਰਕਸ਼ ਛਡਿਓਈ ਜੰਡ ।
ਮੇਰਾ ਜੀਵਨ ਬਹੁਤ ਮੁਹਾਲ ਹੈ, ਪਰ ਤੂੰ ਭੀ ਹੋਸੇਂ ਰੰਡ ।
ਇਕ ਮੰਦਾ ਕੀਤਾਈ ਸਾਹਿਬਾਂ, ਮੇਰੀ ਨੀਲੀ ਛਡੀ ਢੰਗ ।
ਤ੍ਰੈ ਸਠ ਕਾਨੇ ਮੈਂ ਤਰਕਸੋਂ, ਦੇਵਾਂ ਖਲਿਆਂ ਵੰਡ ॥

ਮਰਦੀ ਵਾਰੀ ਸਾਹਿਬਾਂ ਅਪਨੇ ਯਾਰ ਦੇ ਵਿਛੋੜੇ ਵਿਚ

ਵੈਨ ਕਰਦੀ ਹੈ:—

ਸਾਹਿਬਾਂ ਪਟ ਪਟ ਸਟੇ ਮੇਂਢੀਆਂ, ਹੰਝੂ ਨੀਰ ਵਹਾ।
ਅਤੇ ਖਾਰਿਓਂ ਥੰਮ੍ਹ ਨ ਲਾਹਿਆ, ਤੇਲ ਫੁਲੇਲ ਮਲਾ॥
ਨਾਹੀਂ ਚੂੰਡ ਗੁਦਾਈਆਂ, ਮਾਂਗ ਸੰਧੂਰ ਭਰਾ।
ਸਾਨੂੰ ਰਹੇ ਉਮੈਦ ਨਕਾਹ ਦੀ, ਨੌਸ਼ਾਹ ਨੂੰ ਅੰਗ ਲਾ॥
ਮੌਲੀ ਮੈਂਹਦੀ ਸਿਰ ਧੜੀ ਸਾਡੀ ਸੱਧਰ ਨਾ ਲੱਥੀ ਕਾ।
ਪਰ ਮਤਰੇਰ ਮਾਉਂ ਘਰ ਜਿਸ ਅੱਗ ਦਿਤੀ ਸੁ ਲਗਾ॥

ਪਰ ਜ਼ਾਲਮ ਭਿਰਾਵਾਂ ਨੇ ਮਿਰਜ਼ੇ ਨੂੰ ਮਾਰ ਸਾਹਿਬਾਂ ਦੀ ਜਿੰਦ ਵੀ ਨਾ ਛੱਡੀ:—

ਮਾਹਨਯਾਂ ਸੱਲ ਕਲੇਜਾ ਛਲਕੇ, ਗਲ ਵਿਚ ਪਟਕਾ ਪਾ।
ਫਾਹੀ ਦਿਤੀ ਸਾਹਿਬਾਂ ਨਾਲ ਵਣਾਂ ਦੇ ਚਾ॥

ਪਰ ਹੋਨੀ ਨਾਲ ਕੀ ਜ਼ੋਰ ਸੀ ਵੈਰੀਆਂ ਮਾਰ ਲਿਆ ਪਰ ਸਾਹਿਬਾਂ ਵੀ ਦੂਏ ਨਾਲ ਵਿਆਹ ਨਾ ਕੀਤਾ। ਭਿਰਾਵਾਂ ਦੇ ਹਥੋਂ ਕੋਹੀ ਜਾ ਕੇ ਆਸ਼ਕ ਨਾਲ ਜਾ ਮਿਲੀ॥

ਜਨੌਰਾਂ ਦਾ ਸੋਗ ਕਵੀ ਜੀ ਨੂੰ ਬੜਾ ਭਾਂਵਦਾ ਹੈ:—

ਤੋਤਿਆਂ ਮੈਨਾਂ ਕੂਹੀਆਂ ਚੁੰਜੂ ਲਾਲ ਵਸੰਨ।
ਅਤੇ ਛਾਤੀ ਕੋਹੀ ਤਿਲੀਅਰਾਂ ਹੰਜੂ ਨੀਰ ਪਵੰਨ।
ਆਸ਼ਕਾਂ ਦਾ ਮਾਤਮ ਕੀਤਾ ਪੰਖੂਆਂ ਕੱਲੇ ਪਏ ਰਵੰਨ।
ਅਤੇ ਨੀਲਾ ਵੇਸ ਬਨਾਇਅਨ ਥਰ ਥਰ ਪਏ ਕਬੰਨ।
ਕਰ ਤੁਰਿਆ ਸਾਤਾ ਪਖਿਨੂੰ ਰੋ ਰੋ ਵਿਦਾ ਥੀਵੰਨ॥

(ਚੰਗਾ ਸਿਆਪਾ ਹੈ)

ਕਵੀ ਜੀ ਨੇ ਜ਼ੁਲੈਖਾਂ ਸੌ ਵਿਸਵਾ ਸੱਸੀ ਤੇ ਮਿਰਜ਼ੇ ਤੋਂ ਪਿਛੋਂ ਲਿਖੀ ਹੈ। ਏਸ ਵਿਚ ਕਿਧਰੇ ੨ ਫਾਰਸੀ ਦਾ ਜੋਸ਼ ਵੀ ਦਸਿਆ ਹੈ

ਕੀ ਕਰਨ ਓਸ ਵੇਲੇ ਰਾਜ ਪਾਠ ਦੀ ਬੋਲੀ ਫਾਰਸੀ ਈ ਸੀ, ਇਸ ਬਿਨਾ ਕਿਸੇ ਕਵੀ ਦੀ ਲਿਆਕਤ ਨਹੀਂ ਜਾਣੀ ਜਾਂਦੀ ਸੀ। ਏਸ ਜ਼ੁਲੈਖਾਂ ਤੋਂ ਪਤਾ ਲਗਦਾ ਹੈ ਕਿ ਕਵੀ ਜੀ ਵਿਦਿਆ ਤੋਂ ਕੋਰੇ ਨਹੀਂ ਸਨ ਅਰ "ਫਿਲਸਫਾ" ਵੀ ਜਾਣਦੇ ਸਨ। ਜ਼ੁਲੈਖਾਂ ਯੂਸਫ਼ ਦਾ ਕਿੱਸਾ ਕਵੀ ਜੀ ਨੇ ੧੦੯੦ ਹਿਜਰੀ ਜਾਂ ਸੰਨ ੧੬੭੬ ਈ; ਵਿਚਲਿਖਿਆ, ਅਰ ਲਿਖ ਕੇ ਨਵਾਬ ਜਾਫਰ ਖਾਨ ਦੀ ਭੇਟਾ ਕੀਤਾ ਜਿਸ ਤੋਂ ਸੱਤ ਬਿਘੇ ਜਮੀਨ ਜੋੜਾ ਘੋੜਾ, ਤੇ ਸੌ ਰੁਪਿਆ ਅਨਾਮ ਮਿਲਿਆ, ਕਵੀ ਜੀ ਨੇ ਲਿਖਿਆ ਹੈ;—

ਨਵਾਬ ਜਾਫਰ ਖਾਂ ਖਾਹਸ਼ ਕੀਤੀ ਤਾਂ ਏ ਕਿੱਸਾ ਬਨਿਆਂ।
ਜ਼ਾਹਰ ਬਾਤਨ ਅਰਜ਼ੀ ਹੋਯਾ, ਜਾ ਪੜ੍ਹਿਆ ਏ ਸੁਨਿਆਂ॥
ਇਕ ਜ਼ਮੀਨ ਇਨਾਇਤ ਕੀਤੀ, ਬਿਘੇ ਸੱਤ ਪਛਾਨੀ।
ਜੋੜਾ ਘੋੜਾ ਨਕਦ ਦਲਵਾਇਆ, ਸੌ ਰੁਪੈਆ ਜਾਨੀ॥

ਏਸ ਕਿੱਸੇ ਦੇ ਚੋਣਵੇਂ ਬੈਂਤ ਲਿਖਦੇ ਹਾਂ ਜਿਸਤੋਂ ਕਵੀ ਦੀ ਲਿਆਕਤ ਦਾ ਬੋਹ ਲਗਦਾ ਹੈ:—

ਰਿਜ਼ਕ ਪਿਛੇ ਜੱਗ ਦੇ ਕੀਰਨੇ ਤੇ ਰੱਬ ਦੀ ਕੁਦਰਤ ਕੇਹੀ ਸੋਹਨੀ ਬੋਲੀ ਵਿਚ ਦੱਸੇ ਹਨ:—

ਇਕਨਾ ਰਿਜ਼ਕ ਘਰੀ ਪੁਚਾਵੇ ਹਿਕ ਰਿਜ਼ਕ ਨੂੰ ਵੇਂਹਦੇ।
ਜਿਉਂ ਰੱਬ ਰੱਖੇ ਓਂਵੇਂ ਰੈਹਨਾ ਕੁਝ ਹੱਥੀਂ ਕਦੀਵੀਂ ਦੇ।
ਜਿਨ੍ਹਾਂ ਰੱਬ ਧੁਰੋਂ ਕੁਸ਼ਾਇਸ਼ ਹੋਏ ਤਿਨ੍ਹਾਂ ਕਮੀ ਨਾ ਕਾਇ।
ਉਹ ਖਾਵਨ ਪੀਵਨ ਧਨ ਜੋਹੜਾ, ਦੂਨਾ ਹੁੰਦਾ ਜਾਇ॥
ਜਿਨ੍ਹਾਂ ਨੂੰ ਰੱਬ ਤੰਗੀ ਦੇਵੇ ਕੌਨ ਕੁਸ਼ਾਇਸ਼ ਕਰਨੀ।
ਉਹ ਪੁਤ੍ਰ ਮੰਗਨ ਜਾ ਫਕੀਰਾਂ, ਪਿਛੋਂ ਰੋਨਾ ਮਰਨੀ॥
ਇਕ ਰਿਜ਼ਕੇ ਕਾਰਨ ਸਦਾ ਮੁਸਾਫਰ, ਲੱਦਨ ਰਖਤ ਮੁਤਾਂਆਂ।

ਆਈ ਮੌਤ ਮਰਨ ਪਰ ਜੂਹੇ, ਖਾਦਾ ਮਾਲ ਕਿਨਾਹਾਂ ।
ਇਕ ਰਿਜ਼ਕੇ ਕਾਰਨ ਪਿੱਨਨ ਰੱਤੂ, ਵੰਜਨ ਤੋੜ ਬੰਗਾਲੇ ।
ਹਿਕਨਾ ਘਰੀਂ ਕਸ਼ਾਇਸ਼ ਹੋਵੇ, ਲੇਟਨ ਲੇਫ ਨਿਹਾਲੇ ॥
ਇਕ ਉਠ ਰਾਤੀਂ ਵੰਜਨ ਚੋਰੀ, ਖਾਵਨ ਮਾਲ ਪਰਾਇਆ ।
ਉਹ ਆਪੇ ਅਪਨੇ ਭੈੜੇ ਕਾਰਨ, ਸੂਲੀ ਪਕੜ ਚੜ੍ਹਾਇਆ ॥

ਕੇਹੇ ਰਿਜ਼ਕ ਦੇ ਕਜ਼ੀਏ ਹਨ, ਕਵੀ ਜੀ ਨੇ ਸੱਚਾ ਫੋਟੋ ਖਿੱਚਿਆ ਹੈ:—

ਅੱਗੇ ਚੱਲ ਕੇ ਰਚਨਾ ਦੀ ਉਤਪਤੀ ਦਾ ਅਨੋਖਾ ਨਕਸ਼ਾ ਦੱਸਦੇ ਹਨ, ਅਰ ਮਨੁੱਖ ਦੀ ਪੈਦਾਇਸ਼ ਦਾ ਹਾਲ ਦੱਸਦੇ ਨੇ:—

ਅੱਵਲ ਨਜ਼ਰ ਖੁਦੋਂ ਕਰ ਬੰਦੇ, ਨਜ਼ਰ ਦਰੂਨੀ ਘੱਤੇ ।
ਕੁਦਰਤ ਦਾ ਰੱਬ ਕੋਟ ਬਨਾਇਆ, ਧਰ ਦਰਵਾਜ਼ੇ ਸੱਤੇ ॥
ਦਰਦ ਆਹੀਂ ਦਾ ਬਾਹਰ ਆਵੇ, ਮੇਲ ਕਸਾਵੱਤ ਸਾਰੀ ।
ਦਾਊਦੀ ਰਬ ਕਲਾ ਬਨਾਈ, ਕਰਕੇ ਹਿੰਮਤ ਸਾਰੀ ।
ਤਿਸ ਕੋਠੀਓਂ ਚਿੱਕੜ ਗਾਰਾ, ਇੱਟ ਤਨ ਕੀਤੇ ਵੱਟਾ ।
ਕਬਰੇ ਥਾਂਉ ਚੁਟਕੀ ਭਰਕੇ, ਮਲਕ ਲਿਆਵਨ ਘੱਟਾ ।
ਉਹ ਗੰਦੇ ਪਾਨੀ ਨਾਲ ਲਾਇ, ਸ਼ਿਕਮੇ ਵਿਚ ਟਿਕਾਏ ।
ਚਾਲੀ ਰੋਜ਼ੀਂ ਲੋਹੁ ਕਰਕੇ ਵਤ, ਚਾਲੀਂ ਮਾਸ ਬਨਾਏ ।
ਵਤ ਚਾਲੀ ਰੋਜ਼ੀਂ ਜੁੱਸਾ ਸਾਰਾ; ਚਾਲੀ ਰੂਪ ਪਵਾਇਆ ।
ਜਾਂ ਵਾਲ ਨਾ ਜੰਮੇ ਸਾਬਤ ਹੋਵੇ, ਨਾਵੇਂ ਮਾਹ ਜਮਾਇਆ ॥

ਫੇਰ ਰੱਬ ਦੇ ਹੋਨ ਦੀ ਯੁਕਤੀ ਦਸਦੇ ਹਨ:-

ਭਾਂਡੇ ਲਾ ਕਾਂਰੀਗਰਾਂ ਰੱਖੇ ਚੱਕੀ ਉੱਤੇ ਸਾਰੇ ।
ਜੇ ਕੋਈ ਵੇਖੇ ਸੋਈ ਆਖੇ ਧਨ ਬਨਾਵਨ ਹਾਰੇ ॥
ਬਾਝ ਕਾਰੀਗਰ ਕਾਰ ਨਾ ਥੀਵੇ ਇੱਕੋ ਮਨ ਕਾ ਸਾਰਾ ।

ਪਾਸ ਤਸ਼ਬੀਹ ਕਿਉਂ ਪੂਰੀ ਹੋਵੇ ਦਸ ਦਖਾਈਂ ਸਾਰਾ ।
ਸੂਰਤ ਤੋਂ ਮਹਸੂਲ ਮੁਸੱਵਰ ਦਿਲ ਪਰ ਅਨਕ ਧਰੀਏ।
ਉਨ੍ਹਾਂ ਜਲਵਾ ਜ਼ਾਤ ਜਮਾਲੋਂ ਮਤੇ ਗੈਰ ਦਲੀਲ ਨਾ ਕਰੀਏ।
ਫ਼ਿਕਰ ਖਿਆਲ ਜੋ ਕਰਕੇ ਦਿਲ ਵਿਚ ਜੇ ਲੱਖ ਫਿਕਰ ਟਕਾਏ।
ਹਰ ਸਿਫਤੇ ਵਿਚ ਸੁਨਿਆ ਜ਼ਾਹਰ ਢੂੰਡਨ ਕਿਤਵਲ ਜਾਏ ॥

ਕਵੀ ਜੀ ਦੀ ਭੁੱਲਕੇ ਕਾਨੀ ਰਚਨਾ ਦਾ ਨਕਸ਼ਾ ਖਿੱਚਨ ਤੇ ਵੀ ਫਿਰ ਗਈ ॥

ਰਾਤ:-ਰੌਸ਼ਨ ਰਾਤ ਚੋਹੇਂ ਤੋਂ ਆਈ, ਤਰ ਤਰ ਤੁੱਕਨ ਤਾਰੇ ।
ਚੋਰ ਨਾ ਜਾਗੇ ਨਾ ਸਗ ਭੌਂਕੇ ਨਾ ਦਰਬਾਨ ਪੁਕਾਰੇ ॥

ਰੱਬ ਦੀ ਬੇ ਪਰਵਾਹੀ ਨੂੰ ਦਸਕੇ ਲਿਖਦੇ ਹਨ:-

ਇਕਨਾ ਦੇ ਸਿਰ ਤਾਜ ਧਰੇਂਦਾ, ਹੁਕਮ ਕਰੇਂਦਾ ਸ਼ਾਹੀ ।
ਇੱਕ ਮਜ਼ਦੂਰੀ ਮੇਹਨਤ ਲਾਏ, ਬੇ ਪਰਵਾਹ ਇਲਾਹੀ ॥

ਰੂਪ ਦੀ ਵਡਿਆਈ ਕਰਦੇ ਲਿਖਦੇ ਹਨ:-

ਹਰ ਹਰ ਬਹੁਤ ਤਮਾਸ਼ਾ ਡਿੱਠਾ, ਆਦਮ ਵਿੱਚ ਸਫ਼ਾਂ ਦੇ ।
ਚੰਨ ਜਿਵੇਂ ਵਿੱਚ ਤਾਰਿਆਂ ਰੋਸ਼ਨ, ਯੂਸਫ਼ ਵਿਚ ਉਨ੍ਹਾਂ ਦੇ ॥
ਮਜਲਸ ਵਿੱਚ ਚਰਾਗਾਂ ਰੋਸ਼ਨ, ਸਫ਼ਾਂ ਅੰਦਰ ਰੁਸ਼ਨਾਈ ॥
ਬਾਦਸ਼ਾਹਾਂ ਦਾ ਛੱਤ੍ਰ ਉਹ ਦਿੱਸੇ, ਖੂਬੀ ਤੀਰ ਨਗਾਹੀ ॥

ਜ਼ੁਲੈਖਾਂ ਦਾ ਰੂਪ ਤੇ ਫ਼ਾਰਸੀ ਦਾ ਅਸਰ: -

ਸੂਰਤ ਇਸ ਹਸਾਬੋਂ ਬਾਹਰ, ਕਿਆ ਕਿਆ ਸਿਫ਼ਤ ਕਜੀਵੇ ।
ਮੂੰਹ ਮਾਹਤਾਬ, ਸਨੌਬਰ ਕਾਮਤ, ਅੱਖੀ ਰੌਸ਼ਨ ਦੀਵੇ ॥
ਪਲਕਾਂ ਤੀਰ ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ ।
ਨਾਜ਼ਕ ਬਦਨ, ਸੁਰਾਹੀ ਗਰਦਨ, ਉਂਗਲੀਆਂ ਜੂੰ ਫਲੀਆਂ ॥
ਠੋਡੀ ਸੇਬ ਅਲਫ ਜੂ ਬੀਨੀ, ਲੌਂਗ ਨਵਾਬ ਸਮਾਵੇ ।

ਗੁਲ ਲਾਲਾ ਤੋਂ ਰੰਗ ਸਵਾਇਆ, ਦੇਖ ਪਰੀ ਸ਼ਰਮਾਵੇ ॥
ਜ਼ੁਲਫ਼ਾਂ ਪੇਚ ਪਾਏ ਰੁੱਖ ਉੱਤੇ, ਵਾਂਙੂ ਕਾਲਿਆਂ ਨਾਗਾਂ ।
ਹੁਸਨ ਜ਼ੁਲੈਖਾਂ ਓੜਕ ਨਾਹੀਂ ਸੋ ਲਿਖੀ ਕਾਗਾਂ ॥
ਪਿੰਡਾ ਮਖਮਲ ਪਸ਼ਮ ਸੁਹੇਂਦੀ, ਚੰਨਨ ਵਾਂਗ ਕਲਾਈਆਂ
ਜਾਂ ਤਕ ਅਦਬ ਨਾ ਹੋਵੇ ਜ਼ਰਾ, ਸ਼ਰ੍ਹਾ ਲਿਖ ਰਖਾਈਆਂ ॥

ਸਭ ਫ਼ਾਰਸੀ ਤਸ਼ਬੀਹਾਂ ਦੀ ਨਕਲ, ਅਰ ਕਵੀ ਜੀ ਆਪ ਵੀ ਮੰਨਦੇ ਹਨ:–"ਕੁਲ ਸ਼ਾਇਰਾਂ ਦੀਆਂ ਸੁਨ ਤਕਰੀਰਾਂ ਕੀਤੀ ਨਕਲ ਕਤਾਬੋਂ" ਪਰ ਪਿੰਡੇ ਦੀ ਤਸ਼ਬੀਹ ਨਵੀਂ ਹੈ ।

ਯੂਸਫ਼ ਦੇ ਰੂਪ ਦੀ ਵਡਿਆਈ ਕਰਦੇ ਕਰਦੇ ਲਿਖਦੇ ਹਨ ਕਿ ਜਦ ਮਿਸਰ ਦੀਆਂ ਜ਼ਨਾਨੀਆਂ ਨੇ ਯੂਸਫ ਨੂੰ ਡਿੱਠਾ ਤਾਂ ਉਨ੍ਹਾਂ ਦਾ ਕੀ ਹਾਲ ਹੋਇਆ :–

ਨੈਨ ਯੂਸਫ ਦੇ ਬਲਨ ਮਸਾਲਾਂ, ਝਾਤ ਜ਼ੁਲੈਖਾਂ ਪਾਈ ।
ਜਲ ਬਲ ਖ਼ਾਕ ਹੋਈਆਂ ਸਬ ਰੰਨਾਂ, ਤਾਬਸ਼ ਰਹੀ ਨਾ ਕਾਈ ॥
ਇਕਨਾ ਚੋਲੀ ਕੱਪੜੇ ਪਾੜ੍ਹੇ, ਇਕਨਾ ਮਲਮਲ ਖਾਸੇ ।
ਇਕ ਗਈਆਂ ਦਰ ਤਕ ਮਜਜ਼ੂਬਾ, ਇਕ ਕਟਨ ਪਈਆਂ ਹਾਸੇ ।
ਪਲਕਾਂ ਤੀਰ ਜਿਗਰ ਵਿਚ ਮਾਰੇ, ਅਬਰੂ ਖਿੱਚ ਕਮਾਨਾ ।
ਲੱਗੀ ਕਮਚੀ ਜ਼ੁਲਫ ਯੂਸਫ ਦੀ, ਭੁੱਲਾ ਹੋਸ਼ ਜ਼ਮਾਨਾ ॥
ਭੁੱਲ ਗਏ ਉਹ ਫਖਰ ਰੰਨਾਂ ਦੇ, ਲਾਫਾਂ ਵਿੱਸਰ ਗਈਆਂ ।
ਯੂਸਫ ਦੇ ਵਲ ਤਾਰਿਆਂ ਵਾਂਙੂ ਤਰ ਤਰ ਵੇਖਨ ਪਈਆਂ।
ਛੁਰੀਆਂ ਨਾਲ ਤੁੰਰਜੀ ਕਟਦਿਆਂ, ਪੁਰਜ਼ੇ ਹੱਥ ਕੀਤੋ ਨੇ ।
ਕਲਮ ਅਗੁੰਸ਼ਤਾ ਗ਼ਿਰਫ਼ਤ ਹੋਈਆਂ, ਸਰ ਖਤ ਲਿਖ ਦਿਤੋ ਨੇ ॥

ਅਪਨੇ ਆਪ ਨੂੰ ਇਸਤੋਂ ਹੋਰ ਕੀ ਵੱਧ ਭੁੱਲਨਾ ਹੈ । ਰੂਪ ਦੀ ਮਸਤੀ ਨੇ ਸਾਰੀ ਸੁੱਧ ਬੁੱਧ ਭੁਲਾ ਦਿੱਤੀ, ਅਦਭੁਤ ਰਸ ਦੀ

ਕਵਿਤਾ ਹੈ, ਵਿਛੋੜੇ ਨੂੰ ਦਸਦੇ ਹਨ:--

ਨਾ ਕੁਝ ਖਾਵੇ ਨ ਕੁਝ ਪੀਵੇ ਪੀਲੀ ਹੁੰਦੀ ਜਾਵੇ।
ਛੋਟੀ ਉਮਰੇ ਦੁਖ ਕਜੀਏ ਪਏ ਕਵਾਰੀ ਕੰਜੇ ॥

ਬਿਰਹੋਂ ਦਾ ਰੋਗ ਡਾਢਾ, ਅੰਦਰੋ ਅੰਦਰੀ ਖਾਂਦਾ ਹੈ, ਹਕੀਮ ਤੇ ਵੈਦਾਂ ਨੂੰ ਹੱਥ ਨਹੀਂ ਆਂਦਾ ਹੈ। ਕਵੀ ਜੀ ਨੇ ਕੰਜਕਾ ਪਦ ਨੂੰ ਕੰਜੇ ਕਰਕੇ ਲਿਖਿਆ ਹੈ, ਹੋਰ ਸੁਨੋ:-

ਲਿਟਾਂ ਪੱਟੇ ਤੇ ਸਿਰ ਨੂੰ ਸਟੇ ਗੁਜ਼ਰੀ ਸਬਰ ਕਰਾਰੋਂ।
ਪਾ ਜ਼ੰਜ਼ੀਰ ਬੱਧੀ ਗਲ ਥੱਮਾਂ ਰੋਂਦੀ ਰੰਗ ਵਟਾਇਆ ॥
ਓੜਕ ਹਾਸਲ ਏਹੀ ਇਸ਼ਕੋਂ ਜੈਂ ਲਾਇਆ ਫਲ ਪਾਇਆ।
ਪੈਰੀਂ ਵੇਖ ਜ਼ੰਜੀਰ ਜ਼ੁਲੈਖਾਂ ਰਤੂੰ ਭਰਭਰ ਰੋਵੇ।
ਨੀਂਦਰ ਭੁਖ ਨਾ ਦਰਦਾਂ ਵਾਲਿਆਂ ਲੋਕ ਸੁਨਾਵੇ ਡਰੋਵੇ ॥
ਅਸਾਂ ਤਾਲੇ ਸ਼ੂਮ ਧੁਰੋਂ ਹੈ ਲਿਖੇ ਸੰਗਲ ਸਾੜ੍ਹੇ ਹਿੱਸੇ।
ਪੈਰੋਂ ਲਾਹ ਘੱਤਾਂ ਗਲ ਉਸਦੇ ਜੇ ਫਿਰ ਅੱਖੀਂ ਦਿੱਸੇ ॥

ਇੱਕ ਤੇ ਜ਼ੁਲੇਖਾਂ ਨੂੰ ਯੂਸਫ ਦਾ ਬਿਰਹੋਂ ਸਤਾਂਦਾ ਸੀ, ਦੂਜੇ ਮਾਪਿਆਂ ਦੀ ਬੇਸਮਝੀ ਨੇ ਝੱਲੀ ਬਨਾ ਦਿੱਤਾ।

ਇਸ਼ਕ ਦੀ ਮੱਤੀ ਨੂੰ ਸਚ ਮੁਚ ਝੱਲੀ ਸਮਝ। ਪੈਰੀਂ ਸੰਗਲ ਪਵਾ ਦਿਤੇ। ਹਾਏ ਜ਼ਾਲਮ ਮਾਪਿਆਂ ਨੇ ਬਿਰਹੋਂ ਦੀ ਸਾੜੀ ਧੀ ਨੂੰ ਹੋਰ ਦੁਖ ਦਵਾਏ। ਕੀ ਉਸ ਨੂੰ ਯੂਸਫ ਦੀ ਜ਼ੁਲਫਾਂ ਦੇ ਵਲਦਾਰ ਸੰਗਲ ਥੋੜੇ ਸਨ ਜੋ ਹੋਰ ਸੰਗਲ ਪਵਾਏ? ਪਰ ਸੋਈ ਤਨ ਜਾਨੇ ਜਿਸ ਤਨ ਲੱਗੀ। ਦੂਜੇ ਤਮਾਸ਼ਾ ਈ ਵੇਖਦੇ ਹਨ ਪਰ ਮਾਪੇ ਵੀ ਸੱਚੇ ਸਨ। ਇਕ ਸੱਤ ਬਰਸਾਂ ਦੀ ਕੁੜੀ ਨੂੰ ਇਸ਼ਕ ਤੇ ਬਿਰਹੋਂ ਕੀ ਆਖੇ? ਏਹ ਵੀ ਇਕ ਅਸਚਰਜ ਸੀ ਪਰ ਰੱਬ ਦਾ ਭਾਨਾ ਅਰ ਕੁੜੀ ਦੇ ਲੇਖ!

ਕਵੀ ਜੀ ਹੋਰ ਪੁਰਾਤਨ ਕਵੀਆਂ ਵਾਂਗਰ ਤੀਵੀਂਆਂ ਦੇ ਵਰੋਧੀ

ਹਨ ਅਰ ਜੋ ਮਕਰ ਫਰੇਬ ਹੋਏ ਉਨ੍ਹਾਂ ਬੇ ਦੋਸੀਆਂ ਦੇ ਸਿਰ ਥੱਪੜੇ ਹਨ ਅਰ ਮਰਦ ਦੇ ਕਸੂਰਾਂ ਨੂੰ ਢੱਕਦੇ ਹਨ। ਰਬ ਕਰਦਾ, ਕਿ ਕਵੀ ਜੀ ਨੂੰ ਇਸਤਰੀ ਜਾਤੀ ਦਾ ਉੱਚਾ ਖਿਆਲ ਹੁੰਦਾ।

ਜੈਂ ਯੂਸਫ ਦਾ ਵਸਾਹ ਨ ਕਰਦੀ ਕੈਦ ਕਰਾਇਓ ਸੁ ਆਪੇ।
ਆਪੇ ਰੰਨਾਂ ਮੋਹਰਾਂ ਦੇਵਨ, ਆਪੇ ਕਰਨ ਸਿਆਪੇ॥
ਭਠ ਰੰਨਾ ਭਠ ਅਕਲ ਰੰਨਾਂ ਦੀ, ਕੋਤਾਹ ਅਕਲ ਜਿਨ੍ਹਾਂ ਦੇ।
ਮਾਸ਼ੂਕਾਂ ਨੂੰ ਕੈਦ ਕਰਾਵਨ, ਫਾਸਦ ਵੈਹਮ ਰਨਾਂ ਦੇ॥
ਯੂਸਫ਼ ਜੇਹਾਂ ਲਾਵਨ ਲੀਕਾਂ, ਰੰਨਾਂ ਨਾਮ ਜਿਨ੍ਹਾਂ ਦਾ।
ਦੈਹਸਰ ਜੇਹਾਂ ਦੇ ਸਿਰ ਕੱਟੇ, ਸਿਦਕ ਇਨ੍ਹਾਂ ਰੰਨਾਂ ਦਾ॥
ਰਾਜੇ ਭੋਜ ਜੇਹਾਂ ਦੇ ਤਾਈਂ, ਪਾਏ ਮੂੰਹ ਕੜਯਾਲੇ।
ਕਿਸ ਕਿਸ ਵਾਂਗਨ ਦੱਸੇ ਹਾਫ਼ਜ਼, ਕਿਸਦਾ ਨਾਮ ਸੰਭਾਲੇ॥
ਫੰਦ ਫਰੇਬ ਜ਼ਨਾਨੇ ਕਰਕੇ, ਯੂਸਫ਼ ਲਾਜ਼ਮ ਕੀਤੇ।
ਅੰਬਰ ਪਾੜ ਕੀਤੇ ਪਰਕਾਲੇ, ਕੱਚੀ ਧਾਗੇ ਸੀਤੇ॥
ਭੱਠ ਰੰਨਾਂ ਭੱਠ ਇਸ਼ਕ ਰੰਨਾਂ ਦਾ, ਹਾਫਜ਼ ਆਖ ਪਸਾਰੇ।
ਜੋ ਮੰਦੀ ਨੀਤ ਨਜ਼ਰਾਂ ਕਰਸਨ, ਦੋਜ਼ਖ ਸੜਸਨ ਸਾਰੇ॥

ਰੰਨਾਂ ਨੂੰ ਬੁਰਾ ਬਨਾਨਾ ਇਕ ਹਾਫਜ਼ ਨੇ ਈ ਨਹੀਂ ਆਰੰਭਿਆ, ਵਾਰਸ ਦੀ ਵੀ ਅਜੇਹੀ ਈ ਮੱਤ ਮਾਰੀ ਗਈ ਏ॥

ਝੱਟ ਆਖ ਰੰਨੇਂ ਕੇਹੀ ਧੁੰਨ ਪਾਈ, ਤੁਸਾਂ ਭੋਜ ਰਾਜਾ ਲੱਤੀਂ ਕੁੱਟਿਆ ਜੇ। ਦੈਂਹਸਰ ਮਾਰਿਆ ਭੇਤ ਘਰੋਗੜੇ ਦੇ, ਸਣੇ ਲੰਕ ਦੇ ਉਸ ਨੂੰ ਪੱਟਿਆ ਜੇ॥

ਮੱਤ ਮਾਰੀ ਜਾਂਦੀ ਹੈ ਮਰਦਾਂ ਦੀ ਤੇ ਦੋਸ਼ ਤੀਂਵੀਆਂ ਦਾ, ਹੈ ਨਾ ਹਨੇਰ ਪਹ ਕੀ ਕਰਨ ਵਿਚਾਰੀਆਂ। ਲਿਖਨ ਵਾਲੇ ਜੋ ਮਰਦ ਹੋਏ। ਜੇ ਕਿਧਰੇ ਅਜ ਕਲ ਦੀਆਂ "ਸਫਰੇ ਜੈਟ" (Suffragit) ਰੰਨਾਂ ਦੇ ਹੱਥ ਲਗਦੇ ਤਾਂ ਕਵੀ ਸਭ ਕੁਝ ਭੁੱਲ ਜਾਂਦੇ।

ਹੋਰ ਚੋਨਵੇਂ ਬੈਂਤ ਹੇਠ ਲਿਖਦੇ ਹਾਂ, ਇਕ ਦਾਵਤ ਦੀ ਤਾਰੀਫ:-

ਸ਼ੱਕਰਤਰੀ ਮਿਸਰੀ ਦੇ ਹਲਵੇ, ਫਿਰਨੀ ਹੋਰ ਫਲੂਦਾ।
ਜ਼ਰਦਾ ਪੁਲਾਓ ਕਬੂਲੀ ਖੁਸ਼ਕਾ, ਜਿਉਂ ਆਹਾ ਫਰਮੂਦਾ॥
ਪੇਚਦਾਰ ਕੱਮਚੇ ਕੁਲਚੇ; ਗਿਰਦੀ ਨਾਨ ਖਤਾਈ।
ਮੱਠੇ ਚੱਕੇ ਦਹੀਂ ਮੰਗਾਏ, ਸ਼ੀਰੀਂ ਬਰੰਜ ਮਲਾਈ॥
ਦਿਲਦਾਰਾਂ ਦਿਲ ਬਹਿਸ਼ਤ ਜੈਸੇ, ਬਰਫੀ ਸ਼ੱਕਰ ਪਾਰੇ।
ਦੱਸਤਰ ਖਾਨ ਬਛਾਈ ਸਫਰਜੀ, ਭਰ ਭਰ ਖਾਨ ਉਤਾਰੇ॥
ਖੁਸ਼ਕ ਕਬਾਬ ਤੇ ਚਿਕਨੇ ਕਹੀਏ, ਹਰ ਹਰ ਭਾਂਤ ਅਚਾਰਾਂ।
ਹਰ ਕਿਸਮੇ ਦੇ ਮੇਵੇ ਆਂਦੇ ਹੋਈਆਂ ਰੰਗ ਬਹਾਰਾਂ॥

ਕਿਆ ਖਾਣੇ ਗਿਣੇ ਹਨ ਕਵੀ ਜੀ ਦੇ ਵੇਲੇ ਏਹੀ ਖਾਣੇ ਪਰਧਾਨ ਹੋਣਗੇ।

ਪਿਆਰੇ ਨੂੰ ਵੇਖ ਕੀ ਹਾਲ ਹੁੰਦਾ ਹੈ। ਕਦ ਜਦ ਵਿਸਾਲ ਤੋਂ ਦੂਰ, ਪ੍ਰੇਮ ਦਾ ਘਾਓ ਲੱਗਾ। ਯੂਸਫ ਨੂੰ ਜਦ ਅਪਨੀਆਂ ਸਹੇਲੀਆਂ ਨੂੰ ਵਖਾਂਦੀ ਹੈ ਪਰ ਆਪ ਜਿਗਰ ਵਿਚ ਖੰਜਰ ਖਾਂਦੀ ਹੈ।

ਆਪ ਜ਼ੁਲੈਖਾਂ ਉੱਭੇ ਸਾਹੀਂ ਦਰ ਤੇ ਆ ਖਲੋਤੀ।
ਹੰਝੁੜੀਆਂ ਝੜ ਪਈਆਂ ਝੋਲੀ ਜੂੰ ਆਯਾ ਵਿਚ ਮੋਤੀ॥
ਆਖ ਵੇਖਾ ਤੁੱਧ ਬਾਝੋਂ ਯੂਸਫ ਹਾਲ ਕਹਾਂ ਮੈਂ ਕੈਨੂੰ।
ਤੇਰੇ ਪਿਆਰੋਂ ਰੰਨਾਂ ਗੱਜ਼ਲਾਂ ਆਕੇ ਸਾੜਨ ਮੈਨੂੰ।

ਅਜਬ ਸਮਾਂ ਹੈ, ਸਾਉਨ ਦੀ ਝੜੀ ਲੱਗੀ:-

ਕੱਦ ਅਲਫ ਜੋ ਮੇਰਾ ਆਹਾ ਜੀਮ ਕੀਤਾ ਗ਼ਮ ਤੇਰੇ।
ਦਾਲੋਂ ਜ਼ਾਲੋਂ ਰੇਓਂ ਜ਼ੇਓਂ ਗੁਜਰੀ ਲੰਘ ਅਗੇਰੇ॥

ਕੇਹਾ ਅਬਜਦ ਦਾ ਹਿਸਾਬ ਖੋਲਿਆ ਤੀਰ ਨੂੰ ਕਮਾਨ ਕਰ

ਵਿਖਾਇਆ। ਕਵੀ ਬੁੱਤ ਪੂਜਨ ਵਾਲਿਆਂ ਦੀ ਖਬਰ ਲੈਂਦੇ ਹਨ।
ਹਾਏ! ਆਸ਼ਕ ਹੋਕੇ ਬੁੱਤ ਨੂੰ ਨਿੰਦਨਾ ਨਹੀਂ ਬਨਦਾ :–

ਭੱਠ ਪੱਥਰ ਭੱਠ ਪੂਜਨ ਵਾਲੇ, ਫਾਸਦ ਵੈਹਮ ਜਿਨ੍ਹਾਂ ਦੇ।
ਪੱਥਰ ਪੂਜਨ ਰਬ ਵਸਾਰਨ, ਸਹੀ ਥੀਵਨ ਦਰਮਾਂਦੇ ॥
ਸੌ ਸਟ ਖਾਕੇ ਪੱਥਰ ਵਿੱਚੋਂ ਸੂਰਤ ਜੋ ਬਨ ਆਵੇ।
ਸਿਰ ਅਪਨੇ ਹੱਥ ਪਰ ਨਾ ਫੱਕੇ, ਕਦੋਂ ਮੁਰਾਦ ਪੁਜਾਵੇ ॥

ਕਬੀਰ ਜੀ ਦਾ ਕਥਨ ਯਾਦ ਆਉਂਦਾ ਹੈ:–

ਪਖਾਨ ਗਢਿ ਕੇ ਮੂਰਤਿ ਕੀਨੀ ਦੇਕੈ ਛਾਤੀ ਪਾਉ।
ਜੇ ਏਹ ਮੂਰਤ ਸਾਚੀ ਹੈ ਤਉ ਘੜਣ ਹਾਰੇ ਖਾਉ ॥

ਫੇਰ ਕਵੀ ਜੀ ਕਿਧਰੇ ਸਾਈਂ ਲੋਕਾਂ ਵਾਂਗਰ ਸੱਚੇ ਬਚਨ ਕਰਦੇ ਹਨ। ਏਹ ਹੈ ਕਿ ਕਵੀ ਜੀ ਦੀ ਲਗਨ ਰੱਬ ਦੇ ਪਾਸੇ ਵੀ ਸੀ, ਕਦੀ ਇਸ਼ਕ ਮਜਾਜ਼ੀ ਕਦੀ ਹਕੀਕੀ, ਪਰ ਪਾਇਆ ਕੁਝ ਵੀ ਨਾਂ:–

ਕੂੜੀਂ ਗੱਲੀ ਕੁਝ ਨਾ ਵੱਸੇ ਬਖਸ਼ ਕਦਾਂਈ ਭੋਰਾ।
ਅਮਲਾਂ ਬਾਝੋਂ ਢੋਈ ਨਾਹੀਂ ਨਾਂ ਕਰ ਵੇਖੀਂ ਜ਼ੋਰਾ ॥
ਯੂਸਫ ਜੇਹਾਂ ਪੌਨ ਕਜ਼ੀਏ ਹੈਂ ਤੂੰ ਕੌਨ ਵਿਚਾਰੇ।
ਲਿਖੀ ਕਲਮ ਕਦੀ ਨਾ ਮਿਟਸੀ ਰਬ ਰੱਖੇ ਰੱਬ ਮਾਰੇ ॥
ਮੀਆਂ ਚੁਗਲਾਂ ਦੀ ਖਸਲਤ ਮੰਦੀ ਸੁਣਕੇ ਸਭ ਕੋ ਡਰਦਾ।
ਚੁਗਲਾਂ ਦਾ ਮੂੰਹ ਕਾਲਾ ਹੋਸੀ ਰੋਜ਼ ਕਿਆਮਤ ਫਰਦਾ ॥
ਖੰਜਰ ਸੱਟ ਜ਼ੁਲੈਖਾਂ ਦਿੱਤਾ ਸਟ ਪਾਇਓਸੁ ਹੱਥ ਸ਼ਤਾਬੀ ॥
ਸੱਪ ਲੇਟੇ ਚਿੱਲਮਨ ਜਿਉਂ ਕਰ ਚੇਹਰਾ ਜ਼ਰਦ ਗੁਲਾਬੀ।

(ਕੇਹਾ ਸੋਹਨਾ ਨਕਸ਼ਾ ਹੈ

ਕਵੀ ਜੀ ਅਪਨੀ ਰਚਨਾ ਜਾਂ ਸ਼ਾਇਰੀ ਦੀ ਬਾਬਤ ਲਿਖਦੇ ਹਨ:–

ਇੱਕ ਇੱਕ ਬੈਂਤ ਜੋ ਦਾਖਲ ਕੀਤਾ ਅੰਦਰ ਏਸ ਰਸਾਲੇ ।
ਮੈਂ ਭਰ ਜਾਮ ਉਤੇ ਉਤੀ ਪੀਤੇ ਲੋਹੂ ਦਿਲ ਦੇ ਨਾਲੇ ॥
ਸ਼ਾਇਰ ਹੋਵਨ ਹੱਸਨ ਖੇਡਨ ਪੀਵਾਂ ਜ਼ੈਹਰ ਪਿਆਲਾ ।
ਬੇ ਬਿਫਕਰਾਂ ਨੂੰ ਚਰਬ ਨਵਾਲਾ ਖੰਡੂ ਖੀਰ ਨਵਾਲਾ ।
ਭਰ ਭਰ ਸ਼ਾਇਰ ਗੋਤੇ ਮਾਰਨ ਅੰਦਰ ਲਹੂ ਦਿਲਾਂ ਦੇ ।
ਤਾਂ ਕੱਢ ਕੱਢ ਲਾਲ ਪ੍ਰੋਵਨ ਲੜੀਆਂ ਜੂੰ ਜੂੰ ਵੇਖਨ ਮਿਲਦੇ ॥
ਜਾਂ ਰਲ ਸੁਘੜ ਮਜਲਸ ਬੈਠੇ ਜੂੰ ਅਸਮਾਨ ਸਤਾਰੇ ।
ਉਹ ਤਾਵਨ ਤਾਵਾਂ ਚਰਬ ਪਛਾਨਨ ਦੇਨ ਬੁਲਾਕ ਸੁਨਾਰੇ ।
ਹੈਂ ਨੈਨਾਂ ਦੇ ਨਾਲ ਪਰੋਏ ਚੁਨ ਚੁਨ ਦੁਰ ਪਰਾਨੇ ।
ਤਾਂ ਉਹ ਹਾਰ ਮੁਰਤਬ ਹੋਇਆ ਆਲਮ ਗੀਰ ਜ਼ਮਾਨੇ ॥

ਸੱਚ ਮੁੱਚ ਕਵੀ ਜੀ ਦਾ ਕਥਨ ਠੀਕ ਹੈ ਕਵਿਤਾ ਲਿਖਨੀ ਕੋਈ ਖਾਲਾ ਜੀ ਦਾ ਘਰ ਨਹੀਂ ॥

## ਮੁਕਬਲ ਸ਼ਾਹ

ਮੁਕਬਲ ਸ਼ਾਹ ਹੋਰੀ ਵੀ ਪੰਜਾਬੀ ਦੇ ਇਕ ਪ੍ਰਸਿਧ ਕਵੀ ਹਨ। ਵਾਰਸਸ਼ਾਹ ਦੇ ਨਾਲ ਏਹ ਵੀ ਮੁਹੰਮਦ ਸ਼ਾਹ ਬਾਦਸ਼ਾਹ ਦੇ ਰਾਜ ਵਿਚ ਹੋਏ। ਏਹ ਵਾਰਸ ਤੋਂ ਰਤੀ ਪੁਰਾਣੇ ਜਾਪਦੇ ਹਨ। ਏਹਨਾਂ ਦੇ ਜਨਮ ਦੀ ਤਾਰੀਖ ਤੇ ਨਾਹੀਂ ਮਿਲੀ ਪਰ ਏਹਨਾਂ ਨੇ ਜੰਗ ਨਾਮਾਂ ੧੧੬੦ ਹਿਜਰੀ ਵਿਚ ਲਿਖਿਆ ਜੇਹੜਾ ਸੌ ਵਿਸਵਾ ਏਹਨਾਂ ਨੇ ਹੀਰ ਤੋਂ ਪਿਛੇ ਲਿਖਿਆ ਹੋਸੀ, ਅਪਨੇ ਬੁਢੇਪੇ ਵਿਚ। ਜੇ ਹੀਰ ਪਛਲੇਰੀ ਹੁੰਦੀ ਤਾਂ ਉਸ ਵਿਚ ਲਿਖਨ ਦਾ ਸੰਨ ਦਿੰਦੇ ॥

ਹੀਰ ਦੇ ਕਿੱਸੇ ਵਿੱਚ ਏਹਨਾਂ ਨੇ ਬੈਂਤ ਦੀ ਧਾਟਨਾ ਵਰਤੀ ਹੈ। ਇਸ ਤੋਂ ਪੁਰਾਣਾ ਕੋਈ ਕਿੱਸਾ ਨਹੀਂ ਮਿਲਦਾ ਜਿਸ ਵਿਚ ਬੈਂਤ

ਦੀ ਧਾਰਨਾ ਵਰਤੀ ਹੋਵੇ । ਏਹ ਵੀ ਸਾਬਤ ਨਹੀਂ ਹੁੰਦਾ ਕਿ ਬੈਂਤ ਏਹਨਾਂ ਦੀ ਕਾਢ ਹੈ ਕਿਉਂ ਜੋ ਇਕਦਰ ਏਹਨਾਂ ਨੇ ਬੈਂਤਾਂ ਵਿੱਚ ਕਿੱਸਾ ਲਿਖਿਆ ਅਰ ਓਦਰ ਵਾਰਸਸ਼ਾਹ ਨੇ ਅਪਣੀ ਹੀਰ ਵੀ ਬੈਂਤਾਂ ਵਿਚ ਲਿਖੀ । ਉਸ ਸਮੇਂ ਬੈਂਤਾਂ ਦੀ ਧਾਰਨਾ ਚੰਗੀ ਪ੍ਰਚਲਤ ਹੋਸੀ । ਜੇ ਅਜੇ ਬੈਂਤਾਂ ਦਾ ਸ਼ੁਰੂ ਬੋਹਰ ਹੁੰਦਾ ਤਾਂ ਬੈਂਤ ਟੁਟੇ ਫੁਟੇ ਹੁੰਦੇ । ਏਹ ਗੱਲ ਹੋਸੀ ਕਿ ਇਸਤੋਂ ਪੈਹਲੇ ਬੈਂਤ ਫੁਟਕਲ ਕਵਿਤਾ ਵਿਚ ਵਰਤੇ ਜਾਂਦੇ ਹੋਣਗੇ, ਕਿੱਸੇ ਵਿਚ ਵਰਤਣਾਂ ਦੋਸ਼ ਸਮਝਦੇ ਹੋਸਨ ॥ ਏਹਨਾਂ ਆਕੇ ਰਾਹ ਦੱਸਿਆ ਅਰ ਬੈਂਤ ਨੂੰ ਪ੍ਰਧਾਨ ਕਰਾਇਆ ।

ਏਹਨਾਂ ਦਾ ਜੰਗਾ ਨਾਮਾਂ ਫਾਰਸੀ ਦੀ ਬੋਹਰ ਵਿਚ ਹੈ । ਏਹ ਜੰਗ-ਨਾਮਾ ੧੧੬੦ ਹਿਜਰੀ ਵਿਚ ਬਨਾਇਆ ਗਿਆ ਸੀ ਪਰ ਇਕ ਉਰਦੂ ਦੇ ਛਾਪੇ ਦੀ ਹੀ ਸੈਂਚੀ ਵਿਚ ੧੨੦੮ ਲਿਖਿਆ ਹੈ ਪਰ ਏਹ ਠੀਕ ਅਸ਼ੁਧ ਹੈ । ਜੰਗਨਾਮੇ ਵਿਚ ਲਿਖਿਆ ਹੈਃ—

ਸ਼ੇਹਰ ਜ਼ੀ ਕਦੋਂ ਸਤਵੀਂ ਰੋਜ਼ ਦੋ ਸ਼ੰਬਾ ਪੀਰ ।
ਬਾਰਾਂ ਸੈ ਲੈ ਅੱਠਵੀਂ ਸੰਨ ਹਿਜਰੀ ਤੈਹਰੀਰ ॥
ਐਹਦ ਮੁਹੰਮਦ ਸ਼ਾਹ ਦਾ ਸੰਨ ਉਨੱਤੀ ਜਾਨ ।
ਏਹ ਰਸਾਲਾ ਜੋੜਿਆ ਮੁਕਬਲ ਸ਼ਾਹ ਜਹਾਨ ॥

ਹੁਣ ਮੁਹੰਮਦ ਸ਼ਾਹ ਸੰਨ ੧੭੧੭ ਵਿਚ ਤਖਤ ਤੇ ਬੈਠਾ ਸੀ ਤੇ ਸੰਨ ੧੭੪੬ ਈ: ਵਿਚ ਏ ਰਸਾਲਾ ਜੰਗ ਨਾਮਾ ਲਿਖਿਆ ਗਿਆ ਜਿਸ ਨੂੰ (੧੯੧੨) ਅਜ ਤੋਂ ੧੬੫ ਵਰਹੇ ਹੋਏ । ਹਿਜਰੀ ਸਾਲ ੧੦ ਦਿਨ ਘੱਟ ਹੁੰਦਾ ਹੈ, ਹਸਾਬ ਕਰੀਏ ਤਾਂ ਜੰਗ ਨਾਮੇ ਦੀ ਤਰੀਖ ੧੧੬੦ ਹਿਜਰੀ ਦੇ ਕਰੀਬ ੨ ਜਾ ਪੁਜਦੀ ਹੈ ਤਾਂ ਬੈਂਤ ਵਿਚ ਸੰਨ ਉਲਟਾ ਛਪਿਆ ਹੈ । ਬਾਰਾਂ ਸੈ ਲੈ ਅੱਠਵੀਂ ਦੀ ਥਾਂ ੧੧ ਸੈ ਲੈ ਸੱਠਵੀਂ ਹੋਣਾ ਚਾਹੀਦਾ ਸੀ, ਤੇ ਉਹ ਫਾਰਸੀ ਅੱਖਰਾਂ ਵਿਚ ਨੁਕਤੇ ਦਾ ਰੈਹ ਜਾਨਾ ਜਾਂ ਸੱਠ ਦਾ ਅੱਠ ਲਿਖਿਆ ਜਾਨਾ ਕੋਈ ਅਨਹੋਨੀ ਗਲ

ਨਹੀਂ। ਇਸ ਕਰਕੇ ਜੰਗਨਾਮਾ ੧੧੬੦ ਵਿਚ ਲਿਖਿਆ ਗਿਆ। ਵਾਰਸ ਦੀ ਹੀਰ ਤੋਂ ੨੦ ਵਰਹੇ ਪੈਹਲੇ ਕਵੀ ਜੀ ਦੀ ਕਵਿਤਾ "ਹੀਰ" ਸਵਾਦਲੀ ਤੇ ਠੇਠ ਪੰਜਾਬੀ ਵਿਚ ਹੈ। ਵਾਰਸ ਨਾਲ ਮਿਲਦੀ ਹੈ ਪਰ ਬੋਹਤ ਲੰਮਾ ਚੌੜਾ ਨਹੀਂ ਕੀਤਾ। ਇਕ ਸਾਧਾਰਨ ਪ੍ਰੇਮ ਦੇ ਕਿੱਸੇ ਨੂੰ ਸਧਾਰਨ ਗੱਲਾਂ ਵਿਚ ਆਖ ਸੁਨਾਇਆ ਹੈ। ਜੰਗ ਨਾਮੇ ਦੀ ਧਾਰਨਾ ਪੁਰਾਤਨ ਹੈ ਫਾਰਸੀ ਦੀ ਬੈਹਰ:- (ਫੇਲਨ ਫੇਲਨ ਫਾਇਲਨ ਮਫ-ਊਲਿਨ ਮਫਊਲ) ਜੋ ਢੇਰ ਸਾਰੇ ਕਵੀਆਂ ਨੇ ਜੰਗਨਾਮੇ ਲਿਖਨ ਵਿਚ ਵਰਤੀ ਹੈ ਓਹੀ ਏਹਨਾਂ ਵਰਤੀ, ਅਰ ਏਹ ਬੈਹਰ (ਧਾਰਨਾ) ਪੰਜਾਬੀ ਵਿਚ ਬੀਰ ਰਸ ਦੀ ਧਾਰਨਾ ਹੋ ਚੁਕੀ ਹੈ॥

ਕਵੀ ਜੀ ਨੇ ਬੀਰ ਰਸ ਦਾ ਚੰਗਾ ਸਮਾਂ ਨਹੀਂ ਬੱਧਾ, ਹਾਂ ਕਰਨਾ ਰਸ ਚੰਗਾ ਵਿਖਾਲਿਆ ਹੈ ਅਰ ਪੜ੍ਹਨ ਵਾਲਿਆਂ ਦੇ ਜੀਆਂ ਨੂੰ ਮੋਮ ਕਰ ਦੇਨ ਵਿਚ, ਕਿਧਰੇ ੨ ਆਪ ਨੇ ਕਾਮਯਾਬੀ ਪਾਈ ਹੈ॥

ਜੀਕਨ:-ਕਾਸਮ ਦੀ ਲੋਥ ਤੇ ਉਸਦੀ ਨਵੀਂ ਵਿਆਹੀ ਵਿਧਵਾ ਵੈਨ ਕਰਦੀ ਹੈ:-

ਸਾਈਆਂ ਤੇਰੀ ਸੇਜ ਤੇ ਮੂਲ ਨ ਸੁੱਤੀ ਸੁੱਖ।
ਕੇਹਾ ਲਾਇਆ ਰਬ ਨੇ ਮੈਨੂੰ ਡਾਢਾ ਦੁੱਖ॥
ਲੋੜ੍ਹਾ ਕੇਹਿਆ ਵਰਤਿਆ ਮੈਂ ਤੱਤੀ ਦੇ ਭਾ।
ਇਕ ਅਕੱਲੀ ਮੈਂ ਰਹੀ ਚਲਾ ਗਿਆ ਨੌ ਸ਼ਾਹ॥
ਮੇਲਾ ਮੇਹਰ ਨਾ ਹੋਇਆ ਖੁਸ਼ੀ ਨਾ ਹੋਈ ਇੱਕ।
ਮੱਥਾ ਸਾਰਾ ਭਨਿਆ ਭੱਨੀ ਸਾਰੀ ਹਿੱਕ॥
ਏਹ ਦੁੱਖ ਸਾਰੀ ਉਮਰ ਦਾ ਕੱਟਨ ਹੋਇਆ ਮੁਹਾਲ।
ਬੀਬੀ ਆਹੀਂ ਮਾਰਦੀ ਹਾਲੋਂ ਹੋ ਬੇਹਾਲ॥

ਹਜ਼ਰਤ ਹੁਸੈਨ ਦੇ ਸ਼ਹੀਦ ਹੋਨ ਤੇ ਵੈਨ:-

ਜ਼ੈਨਬ ਆਹੀਂ ਮਾਰੀਆਂ ਨਾਲੇ ਆਪ ਕਲਥੂਮ ।
ਵੀਰ ਅਸਾਂ ਨੂੰ ਕਰ ਗਿਓਂ ਨਮਾਨਿਆਂ ਤੇ ਮਜ਼ਲੂਮ ॥
ਬੀਬੀ ਚੂੜਾ ਭੰਨਿਆ ਪੱਟ ਪੱਟ ਸੁੱਟੇ ਵਾਲ ।
ਸਾਈਆਂ ਕਰ ਕਰ ਪਿੱਟਦੀ ਚੀਕਾਂ ਮਾਰ ਬੇਹਾਲ ।
ਮਾਰ ਤਮਾਚੇ ਕੈਹਰ ਦੇ ਮੂੰਹ ਤੇ ਪਾਏ ਨੀਲ ।
ਬਾਲ ਟੰਡੇਪਾ ਆਇਆ ਮੌਲਾ ਰੱਖੇ ਅਸੀਲ ।
ਨੱਕੋ ਨੱਥ ਉਤਾਰ ਕੇ ਕੈਂਹਦੀ ਕਰ ਕਰ ਵੈਨ ।
ਰੰਡਾ ਡੇਰਾ ਕਰ ਗਿਓਂ ਦੂਲੋ ਸ਼ਾਹ ਹੁਸੈਨ ॥

ਕਵੀ ਨੇ ਪੰਜਾਬ ਦੇ ਹਿੰਦਕੇ ਮਾਤਮ ਦਾ ਨਕਸ਼ਾ ਬੰਨ੍ਹਿਆ ਹੈ । ਨੱਥ ਸੁਹਾਗ ਦੀ ਨਸ਼ਾਨੀ ਹਿੰਦੁਸਤਾਨ ਵਿਚ ਈ ਹੈ ॥

ਜਦ ਹਜ਼ਰਤ ਹਸਨ ਅਪਨੇ ਪਤੀ ਨੂੰ, ਬੀਬੀ ਜ਼ੈਨਬ ਨੇ ਭੁਲੇਖੇ ਨਾਲ ਜ਼ੈਹਰ ਪਿਲਾਇਆ, ਤਾਂ ਪਤੀ ਦਾ ਬੁਰਾ ਹਾਲ ਵੇਖ ਕੇ ਪਛਤਾਵਾ, ਤੇ ਵੈਨ ਕਰਦੀ ਹੈ:-

ਲੱਕੜੀ ਹੋਵਾਂ ਬਲ ਬੁੱਝਾਂ ਲੂਨ ਹੋਵਾਂ ਗਲ ਜਾਂ ।
ਤੇਰੀ ਜੰਮਨ ਰਾਤ ਤੋਂ ਸਾਈਆਂ ਬਲ ਬਲ ਜਾਂ ॥
ਨਾਂ ਤੂੰ ਹੋਇਓ ਜ਼ੈਹਮਤੀ ਨਾ ਤੁੱਧ ਕੁੱਝ ਹੋਯਾ ।
ਕੇਹਿਆ ਲੋੜ੍ਹਾ ਵਰਤਿਆ ਮੈਂ ਤੱਤੀ ਦੇ ਭਾ ॥
ਸਾਈਆਂ ਜੇ ਮੈਂ ਜਾਨਦੀ ਗੋਲੀ ਦੇ ਵਿੱਚ ਜ਼ੈਹਰ ।
ਖਾਕੇ ਮਰਦੀ ਆਪ ਮੈਂ ਕਿਉਂ ਹੁੰਦਾ ਏ ਕੈਹਰ ॥
ਪੈਰ ਕੁਹਾੜਾ ਮਾਰਿਆ ਮੈਂ ਤੱਤੀ ਨੇ ਆਪ ।
ਸਾਰੀ ਉਮਰ ਨਾ ਵੰਜਸੀ ਮੇਰੇ ਦਿਲ ਵਿਸ਼ਾਪ ॥
ਲਾਨਤ ਸਾਡੀ ਅਕਲ ਨੂੰ ਖੁਰੀ ਜਿਨ੍ਹਾਂ ਦੀ ਮੱਤ ।
ਸਾਇਤ ਵੇਲਾ ਗੁਜ਼ਰਿਆ ਹੱਥ ਨਾ ਆਵੇ ਵੱਤ ॥

ਸੁਫਨੇ ਵਿੱਚ ਬੀਬੀ ਫਾਤਮਾ ਆਪਨੀ ਨੂੰਹ ਸ਼ੈਹਰਬਾਨੋਂ

ਹਜ਼ਰਤ ਹੁਸੈਨ ਦੀ ਆਉਨ ਵਾਲੀ ਮੌਤ ਨੂੰ ਦੱਸਦੀ ਹੈ ਪਰ ਕਵੀ ਜੀ ਨੇ ਤੇ ਦੋ ਹਰਫ ਲਿਖਕੇ ਕਲੇਜਾ ਕੱਢ ਲਿਆ:—ਬੀਬੀ ਫਾਤਮਾ ਇਕ ਜੰਗਲ ਵਿਚ ਬੌਕਰ ਦੇਂਦੀ ਸੀ, ਨੂੰਹ ਪੁਛਦੀ ਏ ਕੀ ਕਰਦੇ ਓ ?

ਉਤ੍ਰ:—

ਕੇਹਾ ਬੀਬੀ ਫ਼ਾਤਮਾ ਤੂੰ ਸੁਨ ਮੇਰੀ ਧੀ।
ਉਮਰ ਇਮਾਮ ਹੁਸੈਨ ਦੀ ਸਾਰੀ ਪੁੱਜ ਰਹੀ॥
ਭਲਕੇ ਮੇਰਾ ਲਾਡਲਾ ਸ਼ਾਹ ਹੁਸੈਨ ਇਮਾਮ।
ਤਾਜ਼ੀ ਘੋੜੇ ਉਪਰੋਂ ਡਿਗੇ ਇੱਤ ਮੁਕਾਮ॥
ਕਰਨੀ ਹਾਂ ਇਸ ਜ਼ਗਾਂ ਥੀਂ ਕੈਂਕਰ ਕੰਡੇ ਦੂਰ।
ਮਤ ਕੋਈ ਚੁੱਭੇ ਉਸਨੂੰ ਤਨ ਹੋਵੇ ਰੰਜੂਰ॥

ਹਾਏ ਜਿਗਰਾਂ। ਜਗਤ ਦਾ ਮਾਤਮ ਤੇ ਸੋਗ ਦੱਸਦੇ ਹਨ:—

(ਇਸ ਦਾ ਮੁਕਾਬਲਾ ਹਾਫਜ਼ਨਾਲ ਕਰੋ

ਬਾਗੀ ਰੋਵਨ ਕੋਇਲਾਂ ਵਿਚ ਪਹਾੜਾਂ ਮੋਰ।
ਸਨ ਪੜਾਂ ਸਨ ਡਾਲੀਆਂ ਰੁਖਾਂ ਪਾਇਆ ਸ਼ੋਰ।
ਰੁਨੀ ਚਿੜੀ ਚਤੂੰਗੜੀ ਰੋਏ ਜੰਗਲ ਘਾਹ।
ਝੜੀ ਲਾਈ ਸੀ ਬੱਦਲਾਂ ਮਾਰੀ ਡਾਢੀ ਆਹ॥
ਅੰਬਰ ਕਾਲਾ ਹੋਇਆ ਰੋਵੇ ਬੇ ਹਿਸਾਬ।
ਹੁਕਮ ਹੋਵੇ ਤਾਂ ਝੜ ਪਵਾਂ ਮੈਨੂੰ ਨਾਹੀਂ ਤਾਬ॥
ਧਰਤ ਨਮਾਨੀ ਆਖਦੀ ਕਰ ਕਰ ਡਾਢੇ ਹਾਲ।
ਨਿੱਘਰ ਜਾਵਿਨ ਖਾਰਜੀ, ਚਕ ਪਵੇ ਜੰਜਾਲ॥

ਜੰਗ ਦਾ ਨਕਸ਼ਾ ਖਿੱਚਦੇ ਹੋਏ ਕਵੀ ਜੀ ਨੇ ਲਿਖਿਆ ਹੈ:—

ਫੱਟੇ ਸਾਰੇ ਖਾਰਜੀ ਸੈ ਸੈ ਗੋਲੇ ਨਾਲ।

ਕੁਲ ਤ੍ਰਿਹਾਏ ਰੱਤ ਦੇ ਫੌਜ ਰਹੇ ਵਿਲਹਾਲ ।
ਪੁਰਜ਼ੇ ਕੀਤੇ ਮਿਸਰੀਆਂ ਜ਼ੱਰਾ ਬੱਕਤਰ ਖੋਲ੍ਹ ।
ਪਿੜ ਛੱਡ ਚੱਲੇ ਖਾਰਜੀ ਨਿਕਲ ਗੇਓ ਨੇ ਬੋਲ ।।
ਨੇਜ਼ੇ ਨਾਲ ਉੜੰਬਦਾ ਸ਼ਾਹ ਹਨੀਫ ਦਲੇਰ ।
ਵਾਂਗੂੰ ਸੀਖ ਕਬਾਬ ਦੀ ਸੌ ਸੌ ਕੀਤੇ ਢੇਰ ।।
ਜਿਸਨੂੰ ਪੁਰ ਕਰ ਲਾਂਵਦਾ ਸ਼ਾਹ ਸਨੀਫ ਤੁਫੰਗ ।
ਜ਼ੱਰਾ ਬੱਖਤਰ ਫੱਟਕੇ ਦਿੱਲ ਵਿਚ ਰਹੇ ਨਸੰਗ ।।
ਗੋਲੀ ਉਪਰ ਸ਼ੇਰ ਤੇ ਫੇਟ ਚੁਪਾਏ ਕੱਟ ।
ਬੈਹਕੇ ਨਾਲ ਬੰਦੂਕ ਦੇ ਹੱਥੋਂ ਮਾਰੇ ਸੱਟ ।।

ਓਸ ਵੇਲੇ ਬੰਦੂਕ ਤੇ ਗੋਲਾ ਬਾਰੂਦ ਨਹੀਂ ਸਨ, ਕਵੀ ਜੀ ਨੇ ਅਪਨੇ ਸਮੇਂ ਦੀ ਵਾਰਤਾ ਲਿਖੀ ਹੈ ।।

ਕਵੀ ਜੀ ਨੇ ਏਹ ਜੰਗ ਨਾਮਾ ਆਪਨੀ ਹਦੀਸ ਦੀ ਵਾਕ-ਫੀਅਤ ਤੋਂ ਲਿਖਿਆ ਹੈ, ਫਾਰਸੀ ਪਦ ਵੀ ਚੰਗੀ ਤਰ੍ਹਾਂ ਵਰਤੇ ਹਨ ਕਿ ਉਹਨਾਂ ਦੀ ਵਿਦਿਆ ਦਾ ਪਤਾ ਲੱਗੇ ਪਰ ਅਸਲੀ ਕਵਿਤਾ ਉਥੇ ਹੀ ਆਈ ਹੈ ਜਿੱਥੇ ਠੇਠ ਪੰਜਾਬੀ ਵਰਤੀ ਹੈ । ਕਵੀ ਜੀ ਅੱਖਾਂ ਤੋਂ ਅੰਨ੍ਹੇ ਸਨ ਲਿਖਦੇ ਹਨ:-

ਤਖੱਲਸ ਏਸ ਫਕੀਰ ਦਾ ਮੁਕਬਲ ਹੈ ਮਸ਼ਹੂਰ ।
ਏਹ ਆਜਜ਼ ਹੈ ਭਾਈਓ ਅੱਖੀਂ ਥੀਂ ਮੈਹਜੂਰ ।।

ਹੀਰ ਮੁਕਬਲ:-ਏਹ ਹੀਰ ਸੌ ਵਿਸਵੇ ਸਭ ਤੋਂ ਪੁਰਾਨੀ ਹੈ । ਇਸ ਦਾ ਸੰਨ ਕੋਈ ਨਹੀਂ ਪਰ ਜੇ ਇਹ ਜੰਗ ਨਾਮੇ ਤੋਂ ਪੈਹਲੇ ਲਿਖੀ ਹੈ ਤਾਂ ਵਾਰਸ ਤੋਂ ਪੁਰਾਨੀ ਹੀ ਹੈ । ਇਸ ਹੀਰ ਵਿੱਚ ਗੱਲਾਂ ਨੂੰ ਲੰਮਾ ਚੌੜਾ ਕਰਕੇ ਨਹੀਂ ਦਸਿਆ, ਜੋ ਮਜ਼ਮੂਨ ਇਸ ਹੀਰ ਵਿੱਚ ਹੈ ਓਹੀ ਵਾਰਸ ਵਿੱਚ, ਫਰਕ ਇਨਾ ਕਿ ਵਾਰਸ ਵਿਚ ਵਧਾ ਕੇ ਲਿਖਿਆ ਹੈ ਅਰ ਮੁਕਬਲ ਨੇ ਸਰੰਚ ਨਾਲ । ਇਸ

ਤੋਂ ਪਤਾ ਲਗਦਾ ਹੈ ਕਿ ਸਗੁੰਚ ਨਾਲ ਲਿਖਿਆ ਹੋਇਆ ਕਿਸਾ ਪੈਹਲਾ ਹੈ ਪਰ ਏਹ ਕੋਈ ਚੰਗਾ ਸਬੂਤ ਨਹੀਂ। ਮੁਕਬਲ ਨੇ ਕਿਧਰੇ ਅਪਨੀ ਹੀਰ ਵਿਚ ਅਪਨੀ ਵਡਿਆਈ ਜਾਂ ਦੂਸਰੇ ਕਵੀਆਂ ਦਾ ਜ਼ਿਕਰ ਨਹੀਂ ਕੀਤਾ ਵਾਰਸ ਨੇ ਕੀਤਾ ਹੈ। ਜੇ ਵਾਰਸ ਦੀ ਹੀਰ ਪੈਹਲੋਂ ਹੁੰਦੀ ਤਾਂ ਮੁਕਬਲ ਇਸ਼ਾਰਾ ਜ਼ਰੂਰ ਕਰਦਾ।

ਇਸਨੇ ਭਾਵੇਂ ਅੱਗੋਂ ਲਿਖੀ ਭਾਵੇਂ ਪਿਛੋਂ, ਪਰ ਏਹ ਗਲ ਜ਼ਰੂਰ ਹੈ ਕਿ ਮੁਕਬਲ ਨੂੰ ਵਾਰਸ ਦੀ ਹੀਰ ਦਾ ਤੇ ਵਾਰਸ ਨੂੰ ਮੁਕ-ਬਲ ਦੀ ਹੀਰ ਦਾ ਪਤਾ ਨਹੀਂ ਸੀ। ਸ਼ੈਦ ਵਾਰਸ ਨੂੰ ਹੋਵੇ ਤਾਂ ਕੋਈ ਅਚੰਭਾ ਨਹੀਂ, ਕਿਉਂ ਜੋ ਉਹਨਾਂ ਅੰਤ ਵਿਚ ਲਿਖਿਆ ਹੈ:—

ਹੋਰ ਸ਼ਾਇਰਾਂ ਚੱਕੀਆਂ ਝੋਤੀਆਂ ਨੀ ਗੱਲਾਂ ਪੀਠਿਆ ਵਿਚ ਖਰਾਸ ਦੇ ਮੈਂ। ਸਮਝ ਲੈਨ ਆਕਲ ਹੋਸ਼ ਗੌਰ ਕਰਕੇ, ਭੇਤ ਰੱਖਿਆ ਵਿਚ ਲ਼ਬਾਸ ਦੇ ਮੈਂ॥

ਏਹ ਵਡਿਆਈ ਦਸਦੀ ਹੈ ਕਿ ਕਿਸੇ ਪੁਰਾਣੇ ਮੁਸੱਨਫ ਵੱਲ ਇਸ਼ਾਰਾ ਹੈ।

ਮੁਕਬਲ ਤੇ ਵਾਰਸ ਦੀ ਬੋਲੀ ਆਪਸ ਵਿਚ ਬੜੀ ਮਿਲਦੀ ਹੈ। ਇਕ ਦੂਜੇ ਦੇ ਬੈਂਤ ਬਿਨਾਂ ਨਾਂ ਦੇ ਪਛਾਨੇ ਨਹੀਂ ਜਾਂਦੇ। ਮੁਕਬਲ ਨੇ ਅਪਨੀ ਹੀਰ ਚੌਕੜੀਆਂ ਵਿਚ ਲਿਖੀ ਹੈ ਅਰ ਵਾਰਸ ਨੇ ਬੰਦਾਂ ਵਿਚ। ਇਸ ਕਰਕੇ ਹਰ ਚੌਥੀ ਤੁਕ ਵਿਚ ਵੀ ਵਾਰਸ ਵਾਂਗੂੰ ਕੋਈ ਨਾ ਕੋਈ ਅਖਾਨ ਜਾਂ ਡੂੰਘੀ ਸਚਾਈ ਭਰੀ ਹੋਈ ਹੈ। ਜੀਕਨ:—

ਜਦੋਂ ਆਦਮੀ ਨੂੰ ਦੁਖ ਲੱਗਦੇ ਨੀ, ਤਦੋਂ ਆਂਵਦੀ ਮੁਕਬਲਾ ਯਾਦ ਅੰਮਾਂ॥ ਮੁਕਬਲ ਮੁਫਤ ਦਾ ਖੈਰ ਹੈ ਜੱਸ ਕਰਨਾ, ਰਲਿਆ ਅਪਨਾ ਸਭ ਕੋਈ ਖਾਂਵਦਾ ਈ॥ ਬਨੀ ਕਟਨੀ ਮੁਕਬਲਾ ਬੰਦਿਆਂ ਤੇ, ਤਕਦੀਰ ਸੇਤੀ ਤਕਰਾਰ ਨਹੀਂ॥

ਸੋਈ ਲੈਣਗੇ ਮੁਕਬਲਾ ਜਾ ਅੱਗੇ, ਜਿਨ੍ਹਾਂ ਇਸ ਜਹਾਨ ਤੇ ਬੀ ਬੋਇਆ ॥

ਇਸ਼ਕ ਦੇਵਤੇ ਦਾ ਅਰਾਧਨ ਕਰਦੇ ਲਿਖਦੇ ਹਨ, ਪਰ ਕੇਹੜਾ ਇਸ਼ਕ, ਸੱਚਾ ਪ੍ਰੇਮ:-

ਇਸ਼ਕ ਬਰਨ ਹੈ ਔਲੀਆਂ ਅੰਬੀਆਂ ਦਾ, ਮਜ਼ਾ ਇਸ਼ਕ ਦਾ ਫਕਰ ਤੋਂ ਪਾਵੀਏ ਜੀ। ਇਸ਼ਕ ਹੱਕ ਨੂੰ ਚਾ ਮਲਾਂਵਦਾ ਏ, ਇਸ ਇਸ਼ਕ ਦੇ ਵਾਰਨੇ ਜਾਵੀਏ ਜੀ। ਕੁੱਠੇ ਇਸ਼ਕ ਦੇ ਨੂੰ ਨਹੀਂ ਮੌਤ ਮੂਲੋਂ, ਤੇਗ ਇਸ਼ਕ ਦੀ ਮੂੰਹੋਂ ਮੂੰਹ ਖਾਵੀਏ ਜੀ। ਰਲ ਆਖਿਆ ਆਸ਼ਕਾਂ ਮੁਕਬਲੇ ਨੂੰ, ਸਾਨੂੰ ਹੀਰ ਦਾ ਇਸ਼ਕ ਸੁਨਾਵੀਏ ਜੀ ॥

ਭੜਕੇ ਇਸ਼ਕ ਦੀ ਭਾ ਪਤੰਗ ਵਾਂਗੂੰ, ਮੂਲ ਜਲਦਿਆਂ ਅੰਗ ਨਾ ਮੋੜੀਏ ਜੀ। ਭੁਜ ਮਰਨ ਕਬੂਲ ਹੈ ਆਸ਼ਕਾਂ ਨੂੰ; ਨੇਹੋਂ ਲਾਇਕੇ ਮੂਲ ਨਾਂ ਤੋੜੀਏ ਜੀ ॥

ਪੰਜਾਬੀ ਠੇਠ ਦਾ ਰੰਗ ਏਹਨਾਂ ਬੈਂਤਾਂ ਵਿਚ ਦਸਿਆ ਹੈ:-

ਇਕ ਰੋਜ਼ ਰਾਂਝਾ ਹੱਥ ਪਗਾੜ ਕੇਹੀ, ਬੂਟੇ ਮਾਰਨੇ ਨੂੰ ਜੂਹੇ ਚੱਲਿਆ ਹੈ। ਬੂਟੇ ਮਾਰਦੇ ਹਥ ਪਏ ਛਾਲੇ, ਬੰਦ ਬੰਦ ਰੰਝੇਟੇ ਦਾ ਹੱਲਿਆ ਹੈ। ਬੁਰੇ ਹਾਲ ਹੋਕੇ ਪਿਆ ਵਿਚ ਝੱਲਾਂ, ਨੈਨ ਰੋਂਦਿਆਂ ਨੀਰ ਆ ਡੁੱਲ੍ਹਿਆ ਹੈ। ਸੁਖਆਰਿਆਂ ਨੂੰ ਰੱਬ ਨੇ ਦੁਖ ਪਾਇ, ਜੀਉ ਮੁਕਬਲੇ ਦਾ ਬਰਥੱਲਿਆ ਹੈ।

ਭਰਜਾਈਆਂ ਲਿਆਈਆਂ ਛਾ ਵੇਲੇ, ਬੱਤਾ ਰਾਂਝਨੇ ਗਰਬ ਗਹੇਲੜੇ ਨੂੰ। ਬੇਲੇ ਵਿਚ ਢੂਢੇਦੀਆਂ ਫਿਰਦੀਆਂ ਨੇ, ਮੇਹਰ ਬੇਟੀਆਂ ਅੰਤ ਸਹੇਲੜੇ ਨੂੰ। ਰਾਂਝਾ ਕਿਧਰੋਂ ਨਜ਼ਰ ਨਾ ਆਇਓ ਨੇ, ਢੂੰਡ ਭਾਲ ਰਹੀਆਂ ਸਾਰੇ ਬੇਲੜੇ ਨੂੰ। ਜਦੋਂ ਮੁਕਬਲੇ ਨੂੰ

ਘਰੋਂ ਘਲਿਆ ਨੇ, ਪਛੋਤਾਂਦੀਆਂ ਨੇ ਉਸ ਵੇਲੜੇ ਨੂੰ ॥

ਪ੍ਰੇਮ ਦੀਆਂ ਹੋਰ ਝਾਕੀਆਂ ਦਸਦੇ ਹਨ । ਇਸ਼ਕ ਦਾ ਮੁੱਢ:-

ਚਾਟ ਬਿਰਹੋਂ ਦੀ ਹੀਰ ਨੂੰ ਜੋਰ ਲਗੀ, ਸੁੱਧ ਬੁੱਧ ਜਹਾਨ ਦੀ ਭੁੱਲ ਗਈ। ਜੋ ਕੁਝ ਹੀਰ ਦੇ ਪਾਸ ਬਸਾਤ ਆਈ, ਧਾੜ ਬਿਰਹੋਂ ਦੀ ਧਾਇਕੇ ਮੁੱਲ ਗਈ। ਅਚਨ ਚੇਤੜੇ ਚੁਪ ਚੁਪਾਤੜੀ ਨੂੰ, ਚੋਲੀ ਹੀਰ ਸਿਆਲ ਦੀ ਚਿਨਗ ਪਈ ਮੁਕਬਲ ਜੱਗ ਜਹਾਨ ਥੀਂ ਬਾਹਰੀ ਹੈ, ਇਸ ਇਸ਼ਕ ਬੇ ਦਰਦ ਦੀ ਚਾਲ ਪਈ ॥

ਹੀਰ ਆਖਦੀ ਰਾਂਝਨਾ ਕਰਮ ਕੀਤੋ, ਦਿੱਤੋ ਆਨਕੇ ਤੁਰਤ ਦੀਦਾਰ ਮੈਨੂੰ । ਸੰਗ ਅਪਨੇ ਚਾਇ ਮਲਾਇਓ ਈ, ਕੀਤੋ ਗੈਰ ਥੀਂ ਚਾ ਬੇਜ਼ਾਰ ਮੈਨੂੰ । ਮੈਥੋਂ ਕੱਤਨਾਂ ਤੁੰਮਨਾ ਹੋ ਰਿਹਾ, ਤੇਰੇ ਇਸ਼ਕ ਦੀ ਬੱਸ ਹੈ ਕਾਰ ਮੈਨੂੰ । ਤੇਰੀ ਬੰਦੀ ਹਾਂ ਮੁਕਬਲਾ ਬਾਝ ਦੱਮਾਂ, ਖੜੀ ਵੇਚ ਲੈ ਹੱਟ ਬਾਜ਼ਾਰ ਮੈਨੂੰ ॥

ਇਸ਼ਕ ਦਾ ਪਾਲਨਾ:-

ਰਾਂਝੇ ਹੀਰ ਅਕੱਠਿਆਂ ਵਿਚ ਬੇਲੇ, ਕਈ ਮੁੱਦਤਾਂ ਮੱਝੀਆਂ ਚਾਰੀਆਂ ਨੇ । ਪਿੰਡ ਆਵਨਾਂ ਰਾਂਝੇ ਨੇ ਤਰਕ ਕੀਤਾ, ਰਾਤਾਂ ਝੱਲਾਂ ਦੇ ਵਿੱਚ ਗੁਜ਼ਾਰੀਆਂ ਨੇ । ਚੂਰੀ ਕੁਟਕੇ ਹੀਰ ਦੋ ਵਕਤ ਲਿਆਵੇ, ਰਾਂਝੇ ਖਾਇਕੇ ਅੱਖੀਆਂ ਮਾਰੀਆਂ ਨੇ ॥ ਮੈਨੂੰ ਚਾਕ ਦਾ ਦੇਖਨਾ ਕੀਮੀਆ ਹੈ, ਹੋਰ ਨਿੱਜੜੇ ਕਾਰ ਜਹਾਨ ਦੇ ਜੀ । ਸੱਚ ਆਖ ਤੂੰ ਮੁਕਬਲਾ ਇਸ਼ਕ ਬਾਝੋਂ, ਕੁਲ ਖਲਕ ਮਸਾਲ ਹੈਵਾਨ ਦੇ ਜੀ ॥

ਹੀਰ ਆਖਦੀ ਫਿਕਰ ਨਾ ਕਰੀਂ ਰਾਂਝਾ, ਤੇਰੀ ਝੂਰਦੀ ਝੂਰੀ

ਬਲਾ ਮੀਆਂ । ਨਹੀਂ ਸੰਗਦੇ ਸੂਲੀਆਂ ਫਾਸੀਆਂ ਥੀਂ, ਕਾਜ਼ੀ ਸ਼ਰ੍ਹਾ ਦੇ ਝਗੜਸਾਂ ਜਾ ਮੀਆਂ। ਆਪ ਕੱਟਸਾਂ ਬਨੀ ਪਰ ਮੂਲ ਤੈਨੂੰ, ਤੱਤੀ ਲਗਨ ਨਾ ਦੇਵਸਾਂ ਵਾ ਮੀਆਂ ਆਈ ਮੁਕਬਲੇ ਦੀ ਜਾ ਮਰਾਂਗੀ ਮੈਂ, ਸ਼ਾਹਦ ਹਾਲ ਦਾ ਆਪ ਖ਼ੁਦਾ ਮੀਆਂ ॥

ਏਹ ਹੈ ਇਸ਼ਕ ਰਾਂਝਨ ਲਈ ਹੀਰ ਦੁਖ ਝਲਨ ਨੂੰ ਤਿਆਰ ਹੈ:—

ਹੀਰ ਆਖਦੀ ਰਾਂਝੇ ਦੇ ਨਾਮ ਉਤੋਂ, ਹਟ ਹਟ ਬਾਜ਼ਾਰ ਵਕਾਉਨੀ ਹਾਂ। ਇੱਕੋ ਦਿਲ ਆਹਾ ਸੋਈਓ ਲਿਆ ਰਾਂਝੇ, ਮਿੱਟੀ ਖੇੜਿਆਂ ਦੇ ਸਿਰ ਪਾਉਨੀ ਹਾਂ। ਮੀਆਂ ਹੋਰ ਤੇ ਬੰਦੀ ਨੂੰ ਯਾਦ ਨਹੀਂ, ਜਾਮਾ ਇਸ਼ਕ ਤੁਸਾਡੇ ਦਾ ਸੀਉਨੀ ਹਾਂ। ਮੇਰੇ ਮਰਨ ਤੇ ਜੇ ਰਜ਼ਾ ਤੇਰੀ, ਜ਼ੈਹਰ ਘੋਲ ਪਿਆ-ਲੜਾ ਪੀਉਨੀ ਹਾਂ ॥

ਕਾਜ਼ੀ ਨੇ ਜਦ ਖੇੜਿਆਂ ਦੀ ਦੌਲਤ ਦਾ ਲਾਲਚ ਦਿੱਤਾ, ਤਾਂ ਇਸ਼ਕ ਮੱਤੀ ਹੀਰ ਆਖਦੀ ਹੈ:—

ਹੀਰ ਆਖਦੀ ਮੰਗ ਹਾਂ ਚਾਕ ਦੀ ਮੈਂ, ਦਿਲ ਗ਼ੈਰ ਤੇ ਮੂਲ ਨਾ ਲਿਆਉਨੀ ਹਾਂ। ਸੱਥਰ ਰਾਂਝੇ ਦਾ ਖੈਰ ਨੇਮਤਾਂ ਨੇ ਭਾ ਖੇੜਿਆਂ ਦੇ ਪਲੰਘ ਨੂੰ ਲਾਉਨੀ ਹਾਂ । ਵੰਗਾਂ ਪੈਨਸਾਂ ਚੂੜੇ ਦੀ ਥਾਉਂ ਮਾਏ, ਬਦਲੇ ਨੱਥ ਦੇ ਲੌਂਗ ਹੰਡਾਉਨੀ ਹਾਂ । ਧੰਨ ਭਾਗ ਮੇਰੇ ਜਿਦ੍ਹਾ ਕੌਂਤ ਰਾਂਝਾ ਮੁਕਬਲ ਯਾਰ ਦਾ ਨਾਉਂ ਧਿਆਉਨੀ ਹਾਂ ॥

ਕਵੀ ਜੀ ਨੇ ਰੂਪ ਦੇ ਨਿਰਨੇ ਵਿੱਚ ਢੇਰ ਪੰਨੇ ਕਾਲੇ ਨਹੀਂ ਕੀਤੇ ਤੇ ਨਾਂ ਹੀ ਲੰਮੀਆਂ ਚੌੜੀਆਂ ਤਸ਼ਬੀਹਾਂ ਤੇ ਅਲੰਕਾਰ ਤੋਂ

ਕੰਮ ਲੀਤਾ ਹੈ। ਇਕ ਪ੍ਰੇਮ ਦੀ ਕਥਾ, ਪ੍ਰੇਮ ਨਾਲ ਸੁਨਾਈ ਹੈ:-

ਅੱਖੀ ਨੈਨ ਤਾਰੇ, ਮੁੱਖ ਚੰਦ ਜੇਹਾ, ਸੰਦਲ ਭਿੱਨੜੇ ਤੇਰੜੇ
ਕੇਸ ਮੀਆਂ। ਘਰੀਂ ਜਾਲਨਾ ਏਠ ਕੇ ਫਕਰ ਫਾਕਾ, ਮੁਕਬਲ
ਭੱਠ ਪਿਆ ਪਰਦੇਸ ਮੀਆਂ।

ਕਵੀ ਦੇ ਲੇਖ ਤੋਂ ਉਸ ਸਮੇਂ ਦੀਆਂ ਪੁਰਾਣੀਆਂ ਰਸਮਾਂ ਤੇ ਰੀਤਾਂ ਜੋ ਮੁਸਲਮਾਨਾਂ ਵਿਚ ਵਿਆਹ ਸਮੇਂ ਹੁੰਦੀਆਂ ਸਨ ਖੂਬ ਪਤਾ ਲਗਦਾ ਹੈ। ਏਹ ਰੀਤਾਂ ਹਿੰਦੂਆਂ ਨਾਲ ਮਿਲਦੀਆਂ ਅਰ ਅੱਜ ਤੀਕ ਚਲੀਆਂ ਆਉਂਦੀਆਂ ਹਨ, ਜੰਞ ਦਾ ਆਉਣਾ ਦਸਦੇ ਹਨ:-

ਵਿਚ ਝੰਗ ਸਿਆਲਾਂ ਦੇ ਗੁਲ ਹੋਇਆ, ਵੇਖੋ ਹੀਰ
ਸਿਆਲਾਂ ਦੀ ਜੰਞ ਆਈ। ਮਾਂਝੀ ਆਏ ਅੱਗੋਂ ਜੰਞ ਲੈਨ
ਤਾਂਈ, ਵੰਜਲੇ ਆਦਰ ਭਰਾਈਆਂ ਡੂਮ ਨਾਈ। ਗਲੀਂ
ਜਾਂਞੀਆਂ ਦੇ ਰੰਗਾ ਰੰਗ ਜੋੜੇ, ਤੁਰਕੀ ਤਾਜ਼ੀਆਂ ਦੀ ਨਹੀਂ
ਅੰਤ ਕਾਈ। ਸ਼ੈਹਰ ਆ ਵੜੇ ਸੋਹਨੇ ਢੋਰ ਡਿੱਠੇ, ਮੁਕਬਲ
ਆਖਦਾ ਇਨ੍ਹਾਂ ਦੀ ਧਨ ਮਾਈ। ਜੰਞ ਆ ਵੜੀ ਕੁੜੀਆਂ
ਲੈਨ ਗਈਆਂ, ਅੱਗੋਂ ਸਹੇਲੀਆਂ ਹੀਰ ਦੀਆਂ ਜੰਞ ਤਾਈਂ।
ਸੈਦੇ ਖੇੜੇ ਨੂੰ ਕੁੜੀਆਂ ਨੇ ਘੇਰ ਲੇਆ, ਜਿਉਂ ਪ੍ਰਵਾਰ ਆ
ਪੌਂਦੇ ਚੰਨ ਤਾਈਂ॥

ਵਾਜੇ:-ਵੱਜਨ ਤੂਤੀਆਂ ਤੇ ਤੁਰੀਆਂ ਭਰਨ ਸੁਰਾਂ; ਜੰਞ ਵੇਖਣੇ ਨੂੰ
ਜਗ ਆਉਂਦਾਏ। ਨੱਚਨ ਸੈਂਕੜੇ ਤਾਇਫੇ ਗੋਲਿਆਂ ਦੇ, ਚੰਨ
ਵੇਖ ਜਿਨ੍ਹਾਂ ਨੂੰ ਸ਼ਰਮਾਉਂਦਾ ਏ। ਸੱਦ ਡੂਮਨੀ ਨੂੰ ਸ਼ੱਕਰ ਦੇ
ਮਲਕੀ, ਕੈਂਹਦੀ ਖੇੜੇ ਨੂੰ ਸੱਦ ਲਿਆ ਖਾਂ ਨੀ। ਮੌਲੀ ਨਾਲ
ਜਾ ਕੱਛ ਤੂੰ ਗੱਭਰੂ ਨੂੰ, ਹੋਰ ਸ਼ਗਨ ਸ਼ਗੂਨ ਮਨਾ ਖਾਂ ਨੀ॥

ਛੱਲਾ ਮੁੰਦਰੀ ਦਾ ਨਕਸ਼ਾ ਕਵੀ ਨੇ ਖੂਬ ਖਿੱਚਿਆ। ਏਸ ਰਸਮ

ਦਾ ਪੂਠਾ ਵੇਰਵਾ ਲਿਖਿਆ ਹੈ ॥

ਇਕਦਰ ਹੀਰ ਬੈਠੀ ਇਕਦਰ ਹੋਇਆ ਸੈਦਾ, ਇਕਦਰ ਨੈਨ ਨੇ ਪਾਇਆ ਆਨ ਘੇਰਾ । ਨਾਲੇ ਹਸਦੀਆਂ ਤੇ ਨਾਲੇ ਖੇਡਦੀਆਂ ਨੇ, ਆ ਹੋ ਅਕੱਠੀਆਂ ਕਰਨ ਝੇੜਾ । ਪਈਆਂ ਝਾਕਦੀਆਂ......ਵਾਂਗ ਸੱਭੇ, ਛੱਲਾ ਲਿਆਉਂਦਾ ਪੈਹਲੇ ਈ ਹੱਥ ਕੇੜ੍ਹਾ । ਮੁਕਬਲ ਆਉਂਦਾ ਛੱਲਾ ਹਥ ਹੀਰ ਦੇ ਜ਼ੀਓ, ਪਸ਼ੇਮਾਨ ਤੇ ਖਾਰ ਹੈ ਹੋਇਆ ਖੇੜਾ ॥

ਸਿਰ ਧੁਵਾਨਾਂ, ਵੱਟਨਾ ਮਲਨਾ ਆਦਿ ਰਸਮਾਂ ਦਾ ਵਿਰਤਾਂਤ ਵੀ ਚੰਗਾ ਲਿਖਿਆ ਹੈ ॥

ਸਿਰ ਗੁੰਦ ਕੇ ਮੌਲੜੀ ਪਾਂਵਦੇ ਨੇ, ਜ਼ੁਲਫਾਂ ਲਟਕ ਰਹੀਆਂਪੇਚ ਪਾਏ ਕੇ ਜੀ। ਧੜੀ ਲਾਇਕੇਖ਼ੂਬ ਸੰਗਾਰੀਓਨੇ, ਕੁੜੀਆਂਗੁੰਦੀਆਂ ਮੇਡੀਆਂ ਆਇਕੇ ਜੀ। ਹੁਸਨ ਹੀਰ ਦਾ ਵੇਖ ਸਲਾਹਿਓ ਨੇ, ਸੂਰਜ ਚੰਦ ਭੀ ਰਹੇ ਸ਼ਿਰਮਾਇ ਕੇ ਜੀ। ਇਸ਼ਕ ਰਾਂਝੇ ਦਾ ਮੁਕਬਲਾ ਫੂਕ ਗਿਆ, ਚੋਲੀ ਹੀਰ ਦੀ ਭਾ ਲਗਾਇਕੇ ਜੀ ॥

ਹੋਰ ਚੋਣਵੇਂ ਬੈਂਤ ਕਵੀ ਜੀ ਦੇ ਕਿੱਸੇ ਵਿਚੋਂ ਹੇਠ ਲਿਖਦੇ ਹਾਂ:-

ਫੇਰ ਆਖਿਆ ਰਾਂਝੇ ਨੂੰ ਭਾਬੀਆਂ ਨੇ, ਜਾਦੂ ਪਾਇ ਕੇ ਜੀਉ ਵਲਾਇਆਈ । ਸੀਨੇ ਵਿਚ ਤੂਫਾਨ ਤੰਦੂਰ ਤਪੇ, ਕੇਹਾ ਬਿਰੋਂ ਅਲੰਬੜਾ ਲਾਇਆਈ। ਤੇਰੇ ਬਾਝ ਅਰਾਮ ਨਾ ਮੂਲ ਆਵੇ, ਕੇਹਾ ਘੋਲ ਤਾਵੀਜ਼ ਪਲਾਇਆਈ । ਮੁਕਬਲ ਮੁੱਢ ਕਦੀਮ ਦਾ ਯਾਰ ਰੁੱਠਾ, ਆਸਾਂ ਮਿੰਨਤਾਂ ਨਾਲ ਮਨਾ-ਇਆ ਈ ॥

ਰਾਂਝਾ ਹੀਰ ਨੂੰ ਦੇ ਜਵਾਬ ਟੁਰਿਆ, ਹੀਰ ਪੱਲਿਓਂ ਪਕੜ

ਖਲੋਂਦਵੀ ਹੈ। ਤਸਬੀ ਆਸ਼ਕਾਂ ਦੀ, ਮੋਤੀ ਹੰਝੂਵਾਂ ਦੇ, ਧਾਗੇ ਆਹੀਂ ਦੇ ਨਾਲ ਪ੍ਰੋਂਵਦੀ ਹੈ। ਕਰੇ ਕੀਰਨੇ ਦਰਦ ਫਿਰਾਕ ਵਾਲੇ ਉਭੇ ਸਾਹ ਲੈਂਦੀ ਜ਼ਾਰ ਰੋਂਵਦੀ ਹੈ। ਮੁਕਬਲ ਵਸ ਅਜੇਕੜੀ ਰਾਤ ਮੈਥੋਂ, ਮਿਨਤਦਾਰ ਗਰੀਬਨੀ ਨਿਓਂਦੀ ਹੈ॥

ਰੰਨਾਂ ਦੀ ਹਾਨੀ ਤੇ ਖਵਰੇ ਕਿਉਂ ਪੁਰਾਨੇ ਕਵੀਆਂ ਨੇ ਲੱਕ ਬਧਾ ਹੈ, ਹਰ ਕਿੱਸੇ ਹਰ ਕਹਾਨੀ ਵਿਚ ਏਹਨਾਂ ਦੇ ਮਕਰ ਫਰੇਬ ਦਾ ਚਰਚਾ ਹੈ ॥

ਰਾਂਝਾ ਆਖਦਾ ਰੰਨਾਂ ਥੀਂ ਨਫਾ ਨਾਹੀਂ, ਰੰਨਾਂ ਨਾਲ਼ ਨਾ ਦੋਸਤੀ ਲਾਈਏ ਜੀ। ਰੰਨਾਂ ਸੱਚਿਆਂ ਨੂੰ ਚਾ ਕਰਨ ਝੂਠਾ, ਵਾਰੇ ਰੰਨਾਂ ਦੇ ਮੂਲ ਨਾ ਜਾਈਏ ਜੀ। ਸੱਪ ਮਾਰਨੋ ਡੰਗ ਨਾ ਰਹੇ ਮੂਲੋਂ, ਸਾਰੀ ਉਮਰ ਜੇ ਦੁੱਧ ਪਲਾਈਏ ਜੀ। ਮੁਕਬਲ ਕੂਚ ਕਰਕੇ ਏਸ ਪਿੰਡ ਵਿਚੋਂ ਹੁਨ ਤਖਤ ਹਜ਼ਾਰੇ ਨੂੰ ਜਾਈਏ ਜੀ ॥

ਰਾਂਝੇ ਵੰਝਲੀ ਵਾਹਕੇ ਮੱਝ ਕੂਕੀ, ਜੀਓ ਹੀਰ ਦਾ ਅਪਨੇ ਵੱਸ ਕੀਤਾ। ਬੂਰੀ ਮੱਝ ਦਾ ਚੋਇਕੇ ਦੁੱਧ ਮਿੱਠਾ ਰਾਂਝੇ ਬੈਠ ਕੇ ਹੀਰ ਦੇ ਨਾਲ ਪੀਤਾ। ਵਿਚ ਰਿਹਾ ਹਜਾਬ ਨਾ ਜ਼ਰਾ ਮੂਲੋਂ, ਬਿਰਹੋਂ ਦੋਹਾਂ ਦਾ ਜੋੜਕੇ ਜੀਉ ਸੀਤਾ। ਸੁਾਲ ਘੱਤ ਖੁਦਾਇਦੇ ਮੁਕਬਲੇ ਨੂੰ, ਸੋਟਾ ਇਸ਼ਕ ਦਾ ਰਾਂਝੇ ਨੇ ਹੱਥ ਲੀਤਾ ॥

ਚੰਗੇ ਚੰਗੇ ਪੰਜਾਬੀ ਦੇ ਮੁਹਾਵਰੇ ਵਰਤੇ ਹਨ:–

ਸੁੰਵੀ ਖਲਕ ਪਈ ਭੌਂਸ ਉਡਾਂਵਦੀਏ।

ਜੀ ਨਿਮੋ ਝਾਨ ਹੋਕੇ ਉੱਭੇ ਸਾਹ ਭਰਦਾ। ਪੈਰ ਟੁੰਬ ਕੇ ਜਗਾਉਂਨਾ ॥

ਰਾਂਝਾ ਰੋਇਕੇ ਆਖਦਾ ਹੀਰ ਤਾਈਂ, ਮੇਰੇ ਅੱਲੜੇ ਘਾਓ

ਦੁਖਾ ਨਾਹੀਂ। ਪਿੰਡ ਪਿੰਡ ਫਿਰਾਂਵਦਾ ਲੇਖ ਮੈਨੂੰ, ਆਪ ਭਟਕਨੇ ਦੀ ਕੁਝ ਚਾਹ ਨਾਹੀਂ। ਕੋਈ ਆਖੇ ਤੇ ਸਿਰ ਦੇ ਜ਼ੋਰ ਰੈਹਸਾਂ, ਅਗੇ ਜਾਵਨੇ ਦੀ ਪਰਵਾਹ ਨਾਹੀਂ। ਮੌਲਾ ਜਾਨਦਾ ਹੈ ਖੇੜੇ ਮੁਕਬਲੇ ਨੂੰ; ਮਾਸ਼ੂਕ ਦੇ ਬਾਝ ਟਿਕਾ ਨਾਹੀਂ ॥

ਮੁਕਬਲ ਤੇ ਵਾਰਸ ਨੂੰ ਪੜ੍ਹੀਏ ਤਾਂ ਏਹ ਪਤਾ ਲਗਦਾ ਹੈ ਕਿ ਦੋਨੋਂ ਇਕੋ ਕਵਿਤਾ ਦੇ ਸਕੂਲ ਵਿੱਚ ਪੜ੍ਹੇ ਹਨ। ਬੈਂਤ ਅਜੇਹੇ ਮਿਲਦੇ ਹਨ ਕਿ ਇਕ ਦੂਜੇ ਨਾਲ ਵਟਾ ਦੇਵੋ ਤਾਂ ਪਤਾਂ ਨਾ ਲਗੇ। ਕਿਸੇ ਗੱਲ ਵਿਚ ਮੁਕਬਲ ਦੇ ਬੈਂਤ ਵਾਰਸ ਤੋਂ ਘੱਟ ਨਹੀਂ ? ਹਾਂ ਵਾਰਸ ਦੇ ਕਿੱਸੇ ਵਿਚ "ਮੁਕਾਲਿਮਾ" ਦੂ ਬਦੂ ਗੱਲਾਂ ਦਾ ਬੜਾ ਜ਼ੋਰ ਹੈ ਅਰ ਉਸ ਨੇ ਏਹਨਾਂ ਗੱਲਾਂ ਨੂੰ "ਸ਼ੋਖੀ" ਨਾਲ ਭਰ ਦਿੱਤਾ ਹੈ, ਜੋ ਗੱਲ ਮੁਕਬਲ ਵਿੱਚ ਨਹੀਂ। ਏਹ ਪਤਾ ਨਹੀਂ ਕਿ ਮੁਕਬਲ ਨੂੰ ਬਿਰਹਾਂ ਦੀ ਸਾਂਗ ਲੱਗੀ ਸੀ ਕਿ ਨਹੀਂ। ਇਸ ਗੱਲ ਦਾ ਬੋਹ ਉਸ ਦੇ ਲੇਖਾਂ ਤੋਂ ਘੱਟ ਲਗਦਾ ਹੈ ਪਰ ਵਾਰਸ ਦਾ ਬਿਰਹਾਂ ਤੋਂ ਸੋਜ਼ ਉਸ ਦੀ ਹੀਰ ਵਿਚੋਂ ਫੁੱਟ ਫੁੱਟ ਨਿਕਲਦਾ ਹੈ ॥

# ਸੱਯਦ ਵਾਰਸ ਸ਼ਾਹ

ਸੱਯਦ ਵਾਰਸਸ਼ਾਹ ਜੀ ਪੰਜਾਬੀ ਦੀ ਲਿਟ੍ਰੇਚਰ ਵਿੱਚ ਸਭ ਤੋਂ ਮਸ਼ਹੂਰ ਕਵੀ ਹੈਨ, ਜੀਕਨ ਹਿੰਦੀ ਵਿੱਚ ਤੁਲਸੀ ਦਾਸ ਘਰ ਘਰ ਗਲੀ ੨ ਵਿਚ ਮਸ਼ਹੂਰ ਹੈ, ਇਸੇ ਤਰ੍ਹਾਂ ਵਾਰਸ ਦੇ ਬੈਂਤ ਪਿੰਡ, ਸ਼ੈਹਰ, ਪੈਲੀ ਬਾਜ਼ਾਰ, ਜੱਟ ਕਰਾੜ ਸਭ ਸਵਾਦ ਲਾ ਲਾ ਕੇ ਪੜ੍ਹਦੇ ਹਨ। ਇਕ ਤੇ ਕਿੱਸਾ ਹੀਰ ਰਾਂਝੇ ਦਾ, ਦੂਜੇ ਲਿਖਨ ਵਾਲੇ ਵਾਰਸ ਹੋਰੀ, ਸੋਨੇ ਤੇ ਸੁਹਾਗੇ ਦਾ ਕੰਮ ਹੋਇਆ। ਹੀਰ ਤੇ ਰਾਂਝੇ ਦੇ ਇਸ਼ਕ

ਨੂੰ ਓਹ ਰੰਗ ਚੜ੍ਹਾਇਆ ਕਿ ਰਾਂਝੇ ਨੂੰ ਪ੍ਰੇਮ ਦੇ ਬਾਜ਼ਾਰ ਵਿਚ ਕ੍ਰਿਸ਼ਨ ਦੇ ਮੁੱਲ ਵਕਾਇਆ, ਜੀਕਨ ਬ੍ਰਿਜ ਭਾਸ਼ਾ ਵਿਚ ਇਸ਼ਕ ਦਾ ਦੇਵਤਾ ਕ੍ਰਿਸ਼ਨ ਹੈ, ਇਸੇ ਤਰ੍ਹਾਂ ਪੰਜਾਬੀ ਕਵਿਤਾ ਵਿੱਚ ਰਾਂਝਾ ਪਿਆਰ ਦੀ ਮੂਰਤ ਹੈ। ਇੱਥੋਂ ਤੀਕਨ ਮਸ਼ਹੂਰੀ ਹੋਈ ਕਿ ਰਾਂਝਨ ਪਦ ਹੁਣ ਪਿਆਰੇ ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਪੀਰਾਂ ਫਕੀਰਾਂ ਵਿੱਚ ਵੀ ਹੀਰ ਰਾਂਝੇ ਦਾ ਇਸ਼ਕ ਪ੍ਰਧਾਨ ਹੋਇਆ॥

ਏਹ ਮਸ਼ਹੂਰੀ ਇਕ ਤੇ ਉਹਨਾਂ ਦੇ ਸਚੇ ਪ੍ਰੇਮ ਨੇ ਦਵਾਈ ਅਰ ਕੁਝ ਵਾਰਸ ਦੀ ਕਵਿਤਾ ਨੇ ਇਹਨਾਂ ਦੀ ਗੁੱਡੀ ਚੜ੍ਹਾਈ। ਇਸ ਵਿਚ ਰਤੀ ਵੀ ਸ਼ੱਕ ਨਹੀਂ ਕਿ ਵਾਰਸ ਸ਼ਾਹ ਪੰਜਾਬੀ ਬੋਲੀ ਦੇ ਕਵੀਆਂ ਵਿਚੋਂ ਇਕ ਸ਼੍ਰੋਮਣੀ ਹਨ। ਏਹਨਾਂ ਦੇ ਕਥਨ ਅਟ ਬੋਲੀ ਨੂੰ ਹੋਰ ਕੋਈ ਘੱਟ ਪੁਜਦਾ ਹੈ। ਉਹੀ ਉਹ ਪਦ ਵਰਤੇ ਹਨ ਜੇਹੜਾ ਇਕ ਮਨੁੱਖ ਖੁਸ਼ੀ, ਗੁਸੇ ਪ੍ਰੇਮ ਆਦਿ ਦੇ ਸਮੇਂ ਬੋਲੇਗਾ। ਐਥੋਂ ਤੀਕ ਕਿ ਗੁਸੇ ਵਿਚ ਆਕੇ ਗਾਲ੍ਹਾਂ ਕੱਢਨ ਲਗੇ ਤਾਂ ਕੁਝ ਲੁਕਾ ਛਪਾ ਨਹੀਂ ਰਖਿਆ, ਸਾਫ ਸਾਫ ਸੁਨਾਈਆਂ। ਸ਼ਰਮ ਹਯਾ ਦੀ ਲੋਈ ਨੂੰ ਲਾਹਕੇ ਪਰ੍ਹੇ ਸੁਟਾਇਆ ਸੂ। ਇਸ ਕਰਕੇ ਕਿਧਰੇ ੨ ਬੇਹੰ- ਗਮ ਪਦ ਵੀ ਵਰਤੇ ਗਏ। ਜੇਹੜੇ ਸਭਾ ਵਿਚ ਬੋਲਨ ਦੇ ਲੈਕ ਨਹੀਂ। ਕਵੀ ਜੀ ਦੀ ਕਵਿਤਾ ਵਿਚ ਸਭ ਤੋਂ ਵੱਡੀ ਗੱਲ ਜੋ ਵੇਖਨ ਵਿਚ ਆਉਂਦੀ ਹੈ ਉਹ ਏਹ ਹੈ ਕਿ ਏਹ ਮਨ ਦੀ ਅਵਸਥਾ ਦਾ ਨਕਸ਼ਾ, ਲਫਜ਼ਾਂ ਵਿਚ ਅਜੇਹਾ ਖਿੱਚਦੇ ਹਨ, ਕਿ ਪੜ੍ਹਨ ਵਾਲੇ ਨੂੰ ਏਹ ਮਾਲੂਮ ਹੁੰਦਾ ਏ ਜੀਕਨ ਕੋਈ ਸਾਹਮਨੇ ਖੜਾ ਅਪਨੇ ਮਨ ਦਾ ਹਾਲ ਦਸਦਾ ਹੈ। ਉਹੀ ਜੋਸ਼, ਓਹੀ ਬਿਰਹਾਂ ਦਾ ਸੋਜ਼, ਓਹੀ ਗੁੱਸਾ ਉਹੀ ਪ੍ਰੇਮ, ਜੋ ਕਿਸੇ ਦੇ ਮਨ ਵਿੱਚ ਹੁੰਦਾ ਹੈ ਸਚ ਮੁਚ ਬੈਤਾਂ ਵਿੱਚੋਂ ਫੁਟ ੨ ਵਖਾਈ ਦੇਂਦਾ ਹੈ॥

ਹੋਰ ਕਵੀ ਜੀ ਨੇ ਕਿੱਸੇ ਦੇ "ਮਨੁਖਾਂ" ਨੂੰ ਇਸ ਤਰ੍ਹਾਂ

ਨਭਾਇਆ ਹੈ, ਕਿ ਸਚ ਮੁਚ ਦੇ ਮਾਨੁਖ ਤੁਹਾਡੇ ਸਾਮ੍ਹਣੇ ਆ ਖੜੇ ਹੁੰਦੇ ਹਨ। ਤੁਸੀ ਉਹਨਾਂ ਦੀਆਂ ਗੱਲਾਂ ਸੁਣ ਕੇ ਉਹਨਾਂ ਦੇ ਮਨਾਂ ਦਾ ਹਾਲ ਮਲੂਮ ਕਰ ਸਕਦੇ ਹੋ। ਕੋਈ ਅਸਮਾਨੀ ਤੇ ਫ਼ਰਜ਼ੀ ਮਨੁਖਾਂ ਨੂੰ ਸਾਡੇ ਸਾਹਮਣੇ ਨਹੀਂ ਲਿਆ ਬਠਾਇਆ, ਕੋਈ ਇੰਦਰ ਸਭਾ, ਗੁਲ ਬੁਕਾਉਲੀ, ਸ਼ਾਹ ਬੈਹਰਾਮ ਦੀਆਂ ਬਨੌਟੀ ਕਹਾਨੀਆਂ ਨਹੀਂ ਲਿਖੀਆਂ, ਇਕ ਸਚੇ ਪ੍ਰੇਮ ਦੇ ਕਿੱਸੇ ਦਾ ਬਿਰਤਾਂਤ ਅਪਨੇ ਸਮੇਂ ਦੇ ਵਰਤਾਵੇ ਮੂਜਬ, ਦੇਸ ਦੀ ਠੇਠ ਬੋਲੀ ਵਿੱਚ ਲਿਖਿਆ ਹੈ।

ਕਵੀ ਜੀ ਨੇ ਪੰਜਾਬ ਦੀਆਂ ਪ੍ਰਚਲਤ ਕਹਾਵਤਾਂ ਨੂੰ ਅਪਨੇ ਬੈਂਤਾਂ ਵਿਚ ਬੰਨ੍ਹਕੇ ਰਖ ਦਿੱਤਾ ਹੈ। ਅਪਨੇ ਸਮੇਂ ਦੀ ਦੇਸ ਦਿਸ਼ਾ ਅਰ ਜੱਟਾਂ ਦੇ ਕਰਤਬਾਂ ਤੇ ਵੀ ਨਜ਼ਰ ਪਈ ਹੈ॥

ਗੱਲ ਕੀ ਜਿਸ ਪਾਸੇ ਹੱਥ ਪਾਇਆ ਪੂਰਾ ਕਰਕੇ ਨਭਾਇਆ, ਅਪਨੇ ਇਲਮ ਤੇ ਮੁਲਕ ਦੀ ਵਾਕਫੀਅਤ ਤੋਂ ਪੂਰਾ ਫੈਦਾ ਉਠਾਇਆ। ਇਕ ਗੱਲ ਜੇਹੜੀ ਸਾਰੀ ਕਤਾਬ ਵਿਚ ਜਲ ਵਿੱਚ ਚਾਨਨੀ ਵਾਂਗੂੰ ਝਲਕ ਮਾਰਦੀ ਹੈ, ਉਹ ਸ਼ੰਗਾਰ ਰਸ ਦਾ ਜ਼ੋਰ, ਅਰ ਕਾਮ ਦੀ ਪ੍ਰਬਲਤਾ ਹੈ। ਕਵੀ ਜੀ ਨੇ ਏਹ ਕਵਿਤਾ, ਪਰੇਮ ਦੇ ਕੋਹਿਆਂ, ਵਿਸ਼ੇ ਦੇ ਮੋਹਿਆਂ, ਬਿਰਹੋਂ ਦੇ ਵਿੰਨ੍ਹਿਆਂ ਅਰ ਲੋਕਾਂ ਦੇ ਮੇਹਿਣਆਂ ਤੋਂ ਸਤਿਆਂ ਹੋਇਆਂ ਲਿਖੀ ਹੈ। ਅਪਨੇ ਮਨ ਦੀ ਹਾਲਤ ਦਾ ਪ੍ਰਛਾਵਾਂ ਰਾਂਝੇ ਤੇ ਪਾ ਕੇ, ਜੀ ਦੇ ਸਾੜ ਕੱਢੇ ਸੂ। ਤਾਂਹੀ ਤੇ ਜਿੱਥੇ ਜੀ ਦਾ ਸਾੜ ਕੱਢਿਆ ਹੈ, ਬਸ ਪ੍ਰੇਮ ਦੇ ਬੋਲਾਂ ਨੂੰ ਭਾ ਲਗ ਜਾਂਦੀ ਹੈ। ਅਰ ਜੇ ਪੜ੍ਹਨ ਵਾਲੇ ਦੇ ਜੀ ਵਿੱਚ ਕਿਧਰੇ ਪ੍ਰੇਮ ਦੀ ਚਿਣਗ ਲੁਕੀ ਹੋਵੇ ਤਾਂ ਤੇ ਵਾਰਸ਼ ਦੀ ਕਵਿਤਾ ਦਾ ਇਸ਼ਕੀ ਝੱਖੜ ਉਸਨੂੰ ਇਕ ਭੜਕਦਾ ਭਾਂਬੜ ਬਨਾ ਦਿੰਦਾ ਹੈ। ਜੇ ਰਾਂਝੇ ਨੂੰ ਸੋਹਣੀ

ਤੇ ਗੁੱਸਾ ਆਇਆ ਹੈ, ਤਾਂ ਵਾਰਸ ਜੀ ਨੇ ਜੋ ਮੂੰਹ ਤੇ ਗਾਲ੍ਹ ਆਈ ਅਪਨੇ ਬੈਂਤਾਂ ਵਿੱਚ ਲਿਖਨੋਂ ਕਸਰ ਨਹੀਂ ਛੱਡੀ, ਏਹ ਕੈਹਣਾ ਕਿ ਹੀਰ, ਫਕੀਰਾਂ ਦੀ ਲਿਖੀ ਹੈ, ਇਸ਼ਕ ਮਜਾਜ਼ੀ ਦੇ ਪਰਦੇ ਵਿੱਚ ਇਸ਼ਕ ਹਕੀਕੀ ਦੱਸਿਆ ਹੈ, ਇਕ ਸਚਾਈ ਨੂੰ ਛਪਾਨਾ ਹੈ। ਵਾਰਸ ਸ਼ਾਹ ਦੇ ਅੰਤਲੇ ਬੈਂਤ, ਜ਼ਿਨ੍ਹਾਂ ਵਿੱਚ ਆਪ ਹੋਰੀ ਇਸ਼ਕ ਹਕੀਕੀ ਦਾ ਲੈਕਚਰ ਦੇਂਦੇ ਹਨ, ਇਕ ਬਨਾਵਟ ਇਕ ਦੰਭ ਹੈ। ਜੇ ਏਹ ਗੱਲ ਸੀ ਤਾਂ ਕਿੱਸੇ ਵਿੱਚ ਕਾਮ ਸ਼ਾਸਤ੍ਰ ਨਾਂ ਲਿਖ ਮਾਰਦੇ। ਹਰ ਇਕ ਬੈਂਤ ਨੂੰ ਸਵਾਦਲਾ ਬਨਾਨ ਲਈ ਕਵੀ ਜੀ ਨੇ ਜਾਨ ਕੇ ਕਾਮ ਤੇ ਸ਼ੰਗਾਰ ਰਸ ਤੋਂ ਕੰਮ ਲੀਤਾ ਹੈ! ਕਿਉਂ ਕਿ ਕਵੀ ਜੀ ਆਪ ਭਾਗ ਭਰੀ ਦੇ ਪ੍ਰੇਮ ਦੇ ਕੋਹੇ ਬੈਠੇ ਸੀ। ਏਹੀ ਜੀਦੀ ਲਗਨ ਸੀ, ਜਿਸਨੇ ਕਿਸਾ ਸ੍ਵਾਦਲਾ ਬਨਾਇਆ। ਜੇ ਕਾਮ ਤੋਂ ਰੈਹਤ ਹੁੰਦੇ ਤਾਂ ਮੁਕਬਲ ਵਾਂਗਰ ਹੀਰ ਲਿਖਦੇ ਬੁਲ੍ਹੇ ਦੇ ਪ੍ਰੇਮ ਭਰੇ ਬਚਨ ਕਦੀ ਕਾਮ ਵੱਲ ਨਹੀਂ ਖਿੱਚਦੇ, ਚਾਹੇ ਕੋਈ ਕੁਝ ਹੀ ਕਹੇ, ਪਰ ਸਾਡੀ ਰਾਇ ਵਿੱਚ ਵਾਰਸ ਜੀ ਦਾ ਗ੍ਰੰਥ ਇਕ ਸ਼ੰਗਾਰ ਰਸ ਦਾ ਭਰਪੂਰ ਖਜ਼ਾਨਾ ਹੈ, ਭਰਥਰੀ ਦੇ ਸ਼ੰਗਾਰ ਸ਼ਤਕ ਜਾ ਕਾਲੀਦਾਸ ਦੇ ਰਿਤੂ ਸੰਭਵਾ ਵਾਂਗੂੰ, ਹਰ ਇਕ ਮਾਨੁਖ ਦੇ ਪੜ੍ਹਨ ਦੇ ਲੈਕ ਨਹੀਂ ॥

ਅਨਭੋਲ ਇਸਤ੍ਰੀਆਂ ਤੇ ਗਭਰੂਆਂ ਨੂੰ ਕਾਮ ਵੱਲ ਖਿਚਨ ਦਾ ਕੰਮ ਕਰ ਜਾਇ ਤਾਂ ਕੋਈ ਹਨੇਰ ਨਹੀਂ, ਹਾਂ ਐਪਰ ਜੇ ਪੰਜਾਬੀ ਬੋਲੀ ਦੀ ਸੁੰਦਰਤਾ, ਮਿਠਾਸ ਤੇ ਪਰੇਮ ਨੂੰ ਵੇਖਨਾ ਹੋਵੇ, ਪਰੇਮ ਤੇ ਬਿਰਹੋਂ ਵਿਚ ਜੋ ਮਨ ਦੀ ਹਾਲਤ ਹੁੰਦੀ ਹੈ, ਉਸ ਦਾ ਨਕਸ਼ਾ ਤਕਨਾ ਹੋਵੇ ਤਾਂ ਵਾਰਸ ਜੀ ਦੀ ਹੀਰ ਦੇ ਦਰਸ਼ਨ ਕਰੋ, ਇਸ ਵਿਚ ਪਰੇਮ ਤੇ ਪਿਆਰ ਦੀ ਨੰਗੀ ਤਸਵੀਰ ਹੈ। ਜੀਕਨ ਇਕ ਨੰਗੀ ਤਸਵੀਰ ਨੂੰ ਗੁਨੀ ਮੁਸੱਵਰ, ਪਰਖ ਦੀ ਅੱਖ ਨਾਲ ਗੁਣ ਦੀ ਕਸਵੱਟੀ ਤੇ ਲਾਕੇ ਵੇਖਦਾ ਹੈ, ਅਤੇ ਬਨਾਨ ਵਾਲੇ ਦੀ ਤਾਰੀਫ

ਕਰਦਾ ਹੈ, ਅੰਗ ਅੰਗ ਦੇ ਨਕਸ਼ੇ ਨੂੰ ਵੇਖ ਉਸਦੀ ਸੋਭਾ ਕਰਦਾ ਹੈ ਅਰ ਉਹੀ ਮੂਰਤ ਇਕ ਮਾਨੁਖ ਨੂੰ ਕਾਮ ਦਾ ਦਰਸ਼ਨ ਕਰਾਂਦੀ ਹੈ ਓਸੇ ਤਰ੍ਹਾਂ ਵਾਰਸਸ਼ਾਹ ਦੀ ਹੀਰ ਇਕ ਵਿਦਵਾਨ ਲਈ ਕਵਿਤਾ ਦਾ ਖਜ਼ਾਨਾ ਖੁਲਾਂਦੀ ਹੈ ਅਰ ਇਕ ਅਨਪੜ੍ਹ ਜੱਟ ਨੂੰ ਕਾਮ ਦੀ ਹਨੇਰੀ ਭੀੜੀਆਂ ਗਲੀਆਂ ਵਿਚ ਟੱਕਰਾਂ ਮਰਵਾਂਦੀ ਹੈ ॥

ਏਹ ਬੜੇ ਸ਼ੋਕ ਦੀ ਗੱਲ ਹੈ, ਕਿ ਪੰਜਾਬ ਦੇ ਏਡੇ ਵਡੇ ਕਵੀ ਦਾ ਹੋਰਨਾਂ ਕਵੀਆਂ ਵਾਂਗਰ, ਜਿਨ੍ਹਾਂ ਨੇ ਧਰਮ ਦੇ ਮਦਾਨ ਵਿਚੀ ਕੋਈ ਵੱਡਾ ਕੰਮ ਨਹੀਂ ਕੀਤਾ, ਕੋਈ ਜੀਵਨ ਬ੍ਰਿਤਾਂਤ ਨਹੀਂ ਮਿਲਦਾ। ਕਵੀ ਜੀ ਦਾ ਜਨਮ ਤੇ ਜੰਡਿਆਲਾ ਸ਼ੇਰ ਖਾਂ ਦਾ ਸੀ, ਜੇਹੜਾ ਪਿੰਡ ਅਜ ਕਲ ਦਾ ਗੁਜਰਾਂ ਵਾਲੇ ਦੇ ਜ਼ਿਲੇ ਵਿਚ ਹੈ। ਏਹਨਾਂ ਦਾ ਜਨਮ ੧੧੫੦ ਦੇ ਕਰੀਬ ੨ ਈ ਹੋਇਆ ਹੋਸੀ। ਏਹ ਵੀ ਗਲ ਠੀਕ ਹੈ ਕਿ ਏਹਨਾਂ ਦੇ ਪੀਰ ਪਾਕਪਟਨ ਸ਼ਰੀਫ ਵਿਚ ਸਨ। ਕਿਉਂ ਜੋ ਓਧਰ ਜਾਂਦੇ ਈ ਏਹ ਇਕ ਵਾਰੀ "ਜ਼ਾਹਦ ਦੇ ਠਟੇ" ਪਿੰਡ ਵਿਚ ਇਕ ਜੱਟੀ ਦੇ ਇਸ਼ਕ ਦੀ ਲਪੇਟ ਵਿਚ ਆ ਗਏ। ਬੱਸ ਪਾਕ-ਪਟਨੋਂ ਕੀ ਮੁੜੇ, ਫੇਰ ਉਹੀ ਪਿੰਡ ਏਹਨਾਂ ਦਾ ਕਾਬਾ ਹੋ ਗਿਆ। ਭਾਗ ਭਰੀ ਦੇ ਬਧੇ ਓਥੇ ਰਹੇ ਭਾਗਭਰੀ ਵੀ ਏਹਨਾਂ ਤੇ ਮੋਹਤ ਹੋ ਗਈ ਸੀ। ਏਹ ਇਕ ਛੋਟੀ ਜੇਹੀ ਮਸੀਤ ਵਿਚ ਰੈਹਨ ਲਗ ਪਏ। ਸੱਯਦ ਤੇ ਹੈਨ ਈ ਸਨ, ਅਰ ਸ਼ਕਲ ਵੀ ਛੈਲ ਤੇ ਬੀਬੇ ਮੋਮਨਾ ਦੀ ਸੀ। ਲੋਕ ਰੋਟੀ, ਹੁੱਕੇ ਪਾਨੀ ਦੀ ਖਾਤਰ ਕਰਦੇ ਰਹੇ, ਕੁਝ ਦਿਨ ਤੇ ਜਟੀ ਦਾ ਇਸ਼ਕ ਛਪਿਆ ਰਿਹਾ। ਪਰ ਕਿਥੋਂ? ਭਾਗਭਰੀ ਵੀ ਵਿਆਹੀ ਹੋਈ ਸੀ, ਪਿੰਡ ਵਿਚ ਨਸ਼ਰ ਹੋਈ। ਭਾਗਭਰੀ ਦੇ ਸਾਕਾਂ ਨੇ ਸ਼ਾਹ ਜੀ ਦੀ ਮਾਰ ਕੁਟ ਨਾਲ ਖਾਤਰ ਵੀ ਚੰਗੀ ਕੀਤੀ ਪਰ ਪ੍ਰੇਮ ਦੇ ਬੰਦਿਆਂ ਨੇ ਸਭ ਝੱਲੀ। ਜਦ ਭਾਗਭਰੀ ਨੂੰ ਜ਼ੋਰੀ ਵੱਖ ਕੀਤਾ ਅਰ ਸ਼ਾਹ ਜੀ ਨੂੰ ਪਿੰਡੋਂ ਕਢਿਆ ਤਾਂ ਸੁਖ ਨਾਲ ਏਹ ਓਥੋਂ ਟੁਰੇ ਪਰ ਪਰੇਮ ਤੇ ਬਿਰਹਾਂ ਦਾ ਜ਼ੋਰ ਸੀ। ਓਸੇ ਜੋਸ਼ ਵਿਚ, ਜਦ ਪਰੇਮ ਦੀ

ਭਾ ਦੇ ਭਾਂਬੜ ਜੀ ਵਿਚ ਭੜਕਦੇ ਸਨ, ਅਰ ਲਾਟਾਂ ਅਸਮਾਨ ਨੂੰ ਅੱਗ ਲਾਂਦੀਆਂ ਸਨ, ਏਹ ਹੀਰ ਲਿਖੀ। ਫੇਰ ਕੀ ਸੀ ਮਨ ਦੇ ਪਰੇਮ ਦਾ ਵਾਹ ਬੈਂਤਾਂ ਵਿਚ ਵਗ ਤੁਰਿਆ ਅਰ ਸ਼ਾਹ ਜੀ ਨੂੰ ਹਮੇਸ਼ ਲਈ ਇਕ ਅਜੇਹੇ ਤਖਤ ਤੇ ਬਠਾ ਗਇਆ, ਜੋ ਜਦ ਤੀਕ ਪੰਜਾਬੀ ਬੋਲੀ ਹੈ, ਤਦ ਤਕ ਅਟਲ ਹੈ। ਸ਼ਾਹ ਜੀ ਨੇ ਹੀਰ ੧੧੮੧ ਹਿਜਰੀ ਵਿਚ ਲਿਖੀ, ਤਦ ਸ਼ਾਹ ਜੀ ਦੀ ਅਵਸਥਾ ਗਭਰੂ ਹੋਨੀ ਏ, ਕੋਈ ੩੦. ੩੫ ਵਰੇ ਦੇ ਕਰੀਬ। ਏਹ ਲੇਖ ਬੁਢਾਪੇ ਦੇ ਨਹੀਂ। ਹਾਂ ਇਹ ਹੋ ਸਕਦਾ ਹੈ ਕਿ ਇਸ਼ਕ ਮਜਾਜ਼ੀ ਦੀ ਠੋਕਰ ਖਾਕੇ, ਸ਼ਾਹ ਹੋਰੀ ਅਪਨੇ ਉਸਤਾਦ ਮੌਲਵੀ ਹਾਫ਼ਜ਼ ਗੁਲਾਮ ਮੁਰਤਜ਼ਾ ਕੋਲ ਗਏ ਹੋਨ ਅਰ ਜਾ ਕੇ ਉਹਨਾਂ ਨੂੰ ਹੀਰ ਦਾ ਕਿੱਸਾ ਸੁਨਾਇਆ ਹੋਵੇ ਅਰ ਪਿਛੋਂ ਅੰਤਲੇ ਬੈਂਤ ਜਿਨ੍ਹਾਂ ਵਿਚ ਇਸ਼ਕ ਹਕੀਕੀ ਦਾ ਜ਼ਿਕਰ ਕੀਤਾ ਹੈ ਲਿਖੇ ਹੋਨ। ਪਛਤਾਵਾ! ਪਰ ਏਹ ਕੈਹਨਾ ਕਿ ਬੁਲ੍ਹੇ ਵਾਂਗੂ ਇਹਨਾਂ ਦੀ ਕਵਿਤਾ ਇਸ਼ਕ ਹਕੀਕੀ ਤੇ ਹੀ ਢੁਕਾਂਦੀ ਹੈ ਠੀਕ ਨਹੀਂ। ਬੁਲ੍ਹੇ ਦਾ ਪਰੇਮ ਤੇ ਇਸ਼ਕ ਤੇ ਬਿਰਹਾਂ ਦੀਆਂ ਲਾਟਾਂ, ਇਕ ਸਚੇ ਮਾਸ਼ੂਕ ਦਾ ਦਰਸ਼ਨ ਕਰਾਂਦੀਆਂ ਹਨ ਜਿਥੇ ਕਾਮ ਦੀ ਪੌਂਹਚ ਨਹੀਂ। ਪਾਰਖੂ ਪਰਖਦੇ ਹਨ।

ਬਾਜ਼ ਲੋਕ ਏਹ ਖਿਆਲ ਕਰਦੇ ਹਨ ਕਿ ਸੱਯਦ ਬੁਲ੍ਹੇ ਸ਼ਾਹ ਅਰ ਸਯਦ ਵਾਰਸਸ਼ਾਹ ਅਕੱਠੇ ਪੜ੍ਹਦੇ ਰਹੇ ਹਨ ਏਹ ਵੀ ਠੀਕ ਨਹੀਂ ਜਾਪਦਾ। ਕਿਉਂ ਜੋ ਸੱਯਦ ਬੁਲ੍ਹੇਸ਼ਾਹ ੧੧੭੧ ਹਿਜਰੀ ਵਿਚ ਚੰਗੀ ਉਮਰ ਭੋਗ ਕੇ (ਬੁੱਢੇ ਹੋਕੇ) ਪਰਲੋਕ ਸੁਧਾਰ ਚੁਕੇ ਸਨ, ਅਰ ਵਾਰਸਸ਼ਾਹ ਨੇ ਕਿਧਰੇ ੧੦ ਬਰਸ ਪਿਛੋਂ ਹੀਰ ਮੁਕਾਈ ਅਰ ਏਹ ਕੰਮ ਜਵਾਨੀ ਦੀ ਅਵਸਥਾ ਦਾ ਹੈ ਇਸ ਕਰਕੇ ਵਾਰਸਸ਼ਾਹ ਹੋਰੀ ਬੁਲ੍ਹੇ ਸ਼ਾਹ ਤੋਂ ੪੦ ਜਾਂ ੫੦ ਵਰ੍ਹੇ ਉਮਰ ਵਿਚ ਛੋਟੇ ਹੋਸਨ ਅਰ ਸ਼ਾਹ ਇਨਾਇਤ ਕਾਦਰੀ ਤੇ ੧੧੪੧ ਹਿਜਰੀ ਦੇ ਕੋਲ ਕੋਲ ਹੀ ਚਲਾਨਾ ਕਰ ਗਏ ਸਨ। ਵਾਰਸਸ਼ਾਹ ਤੇ ਅਪਨੇ ਬੈਤਾਂ ਵਿਚ

ਮਹੰਮਦ ਸ਼ਾਹ ਦੇ ਸਮੇਂ ਦਾ ਹਾਲ ਦਸਦੇ ਹਨ ਪਰ ਬੁਲ੍ਹੇ ਸ਼ਾਹ ਹੋਰੀ ਸਿੱਖਾਂ ਦੇ ਗੁਰੂ ਤੇਗ ਬਹਾਦਰ ਦਾ ਜ਼ਿਕਰ ਕਰਦੇ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਉਹਨਾਂ ਦਾ ਸਮਾਂ ਔਰੰਗਜ਼ੇਬ ਦੇ ਰਾਜ ਦੇ ਅੰਤ ਵਿਚ ਸੀ* ॥

ਸੱਯਦ ਵਾਰਸ ਸ਼ਾਹ ਦੇ ਉਸਤਾਦ ਮਖਦੂਮ ਕਸੂਰੀ ਸਨ ਅਰ ਬਲ੍ਹੇ ਸ਼ਾਹ ਹੋਰ ਵੀ ਕਸੂਰ ਦੇ ਰੈਹਨ ਵਾਲੇ ਸਨ। ਇਸ ਕਰਕੇ ਲੋਕਾਂ ਨੇ ਜਾਨ ਲੀਤਾ ਕਿ ਵਾਰਸ ਤੇ ਬੁਲ੍ਹਾ ਛੋਟੇ ਹੁੰਦੇ ਅਕੱਠੇ ਪੜ੍ਹਦੇ ਸਨ ॥

## ਹੀਰ ਤੈ ਰਾਂਝੇ ਦਾ ਕਿੱਸਾ

ਇਹ ਕਿੱਸਾ ਇਕ ਸੱਚੇ ਵਾਕਿਆ ਦੀ ਕਹਾਨੀ ਹੈ। ਹੀਰ ਤੇ ਰਾਂਝਾ ਮੁਗਲਾਂ ਦੇ ਰਾਜ ਤੋਂ ਥੋੜੇ ਪੈਹਲੇ ਸਮੇਂ ਵਿਚ ਹੋਏ ਸਨ। ਏਹਨਾ ...

..............................................................................................

*ਮੀਆਂ ਪੀਰਾਂ ਦਿਤਾ ਖਾਦਮ ਦਰਜ਼ੀ, ਜਿਨ੍ਹਾਂ ਨੇ ਵਾਰਸ ਸ਼ਾਹ ਦੀ ਵੱਡੀ ਹੀਰ ਲਿਖੀ ਹੈ। ਉਹ ਵੀ ਏਹੀ ਗਲਤੀ ਕਰਦੇ ਹੈਨ। ਸ਼ੋਕ ਹੈ ਕਿ ਏਹਨਾਂ ਨੇ ਵੀ ਵਾਰਸ ਸ਼ਾਹ ਜੀ ਦੇ ਜੀਵਨ ਬਿਰਤਾਂਤ ਲਿਖਨ ਵਿਚ ਖੋਜ ਨਹੀਂ ਕੀਤੀ ਪਰ ਏਹ ਗਲ ਕੈਹਨ ਨੂੰ ਤਾਂ ਤਿਆਰ ਹਨ। ਕਿ ਉਹਨਾਂ ਦੇ ਹੱਥਾਂ ਦੀ ਲਿਖੀ ਹੋਈ ਹੀਰ ਏਹਨਾਂ ਨੂੰ ਵਾਰਸ ਸ਼ਾਹ ਦੀ ਔਲਾਦ ਤੋਂ ਮਿਲੀ। ਪਰ ਏਹ ਕਦੀ ਹੋ ਸਕਦਾ ਹੈ ਕਿ ਉਹਨਾਂ ਦੀ ਔਲਾਦ ਨੂੰ ਹੀ ਅਪਨੇ ਵੱਡੇ ਵਡੇਰੇ ਦਾ ਪਤਾ ਨਾ ਹੋਵੇ ਕਿ ਕੇਹੜੇ ਸੰਮੇ ਹੋਇਆ! ਜਦ ਇਸ ਪਾਸੇ ਨਜ਼ਰ ਪਾਈਏ, ਤਾਂ ਵਡੀ ਹੀਰ ਦੀ ਸਚਾਈ ਤੇ ਵੀ ਸ਼ੱਕ ਪੈਂਦਾ ਹੈ ॥ ਬ: ਸ:

ਦੀ ਪ੍ਰੇਮ ਕਥਾ ਸਾਰੇ ਦੇਸ ਵਿਚ ਮਸ਼ਹੂਰ ਹੋਈ। ਪੈਹਲੋਂ ਤੇ ਗਾਉਨਾ ਤੇ ਵਾਰਾਂ ਵਿਚ ਈ ਰਹੀ ਪਰ ਦੋ ਸੌ ਵਰੇ ਤੋਂ ਪਿੱਛੋਂ ਮੁਹੰਮਦ ਸ਼ਾਹ ਦੇ ਸਮੇਂ ਮੁਕਬਲਤੇ ਵਾਰਸ ਹੋਰਾਂ ਏਸ ਕਹਾਨੀ ਨੂੰ ਕਿੱਸੇ ਦਾ ਰੂਪ ਦਿਤਾ। ਸੈਂਕੜੇ ਵਰਹਿਆਂ ਦੀਆਂ ਗੱਲਾਂ, ਸੁਣੀਆਂ ਸੁਣਾਈਆਂ ਬਾਤਾਂ, ਇਕ ਕਿੱਸੇ ਵਿਚ ਬਨਣੀਆਂ ਕੋਈ ਸੌਖਾ ਕੰਮ ਨਹੀਂ। ਕਵੀਆਂ ਨੇ ਅਪਨੀ ਬੁੱਧੀ ਅਨੁਸਾਰ, ਲੰਬਾ ਚੌੜਾ ਕਰਕੇ ਕਿੱਸੇ ਬਨਾਏ, ਕਈ ਗੱਲਾਂ ਅਪਣੇ ਪਾਸੋਂ ਰਲਾਈਆਂ। ਅਸਲ ਇੰਨਾਂ ਠੀਕ ਹੋਸੀ ਕਿ ਹੀਰ ਝੰਗ ਸਿਆਲਾਂ ਦੀ ਸੀ ਅਰ ਉਸ ਦੀ ਪ੍ਰੀਤ ਤਖਤ ਹਜ਼ਾਰੇ ਦੇ ਧੀਦੂ ਰਾਂਝੇ ਨਾਲ ਹੋਈ। ਮਾਪਿਆਂ ਨੇ ਵਿਆਹ ਹੀਰ ਦਾ ਰੰਗ ਪੁਰ ਖੇੜਿਆਂ ਦੇ ਕੀਤਾ। ਰਾਂਝਾ ਜੋਗੀ ਬਨ ਕੇ ਹੀਰ ਨੂੰ ਕਢ ਲਿਆਇਆ, ਨਮੋਸ਼ੀ ਤੋਂ ਡਰਦਿਆਂ ਮਾਪਿਆਂ ਨੇ ਹੀਰ ਮਾਰ ਦਿਤੀ। ਰਾਂਝਾ ਵੀ ਪ੍ਰੇਮ ਦਾ ਕੋਹਿਆ ਸ਼ਹੀਦ ਹੋ ਗਿਆ। ਇਸੇ ਗੱਲ ਨੂੰ ਲੈ, ਕਵੀਆਂ ਨੇ ਵਿਸਥਾਰ ਕੀਤਾ ਅਰ ਇਕ ਨਾਟਕ ਸਾਹਮਨੇ ਰਚ ਵਿਖਾਇਆ। ਸਾਰੇ ਕਿੱਸੇ ਵਿਚ ਸਭ ਤੋਂ ਵੱਡੇ ਦੋ ਮਾਨੁਖ ਦਖਾਈ ਦੇਂਦੇ ਹਨ। ਇਕ ਰਾਂਝਾ ਜੋ ਹੀਰੋ ਹੈ, ਅਰ ਦੂਜੀ ਹੀਰ, ਜੋ ਹੀਰੋਅਨ (Heroine) ਹੈ। ਇਨ੍ਹਾਂ ਦੋਵਾਂ ਮਾਨੁਖਾਂ ਦੇ ਕਰਤਬਾਂ ਤੇ ਰੰਗਾਂ ਨੂੰ ਵਾਰਸ ਦੀ ਕਵਿਤਾ ਦਵਾਰਾ ਵੇਖੀਏ ਤਾਂ ਪਤਾ ਲਗਦਾ ਹੈ ਕਿ ਏਹ ਮਾਨੁਖ ਰਚਨਾ ਦੇ ਇਕ ਅਚਰਜ ਇਸ਼ਕ ਭਰੇ ਨਮੂਨੇ ਸਨ॥

**ਰਾਂਝਾ**

ਅਸਲ ਨਾਮ ਧੀਦੂ ਤਖਤ ਹਜ਼ਾਰੇ ਦੇ ਚੌਧਰੀ ਦਾ ਪੁੱਤ੍ਰ ਜ਼ਾਤ ਦਾ ਰਾਂਝਾ ਜਟ, ਛੈਲ ਤੇ ਸੋਹਨਾ ਜਵਾਨ। ਲਾਡਾਂ ਵਿਚ ਪਲਿਆ। ਪਿਉ ਦੇ ਮਰ ਜਾਨ ਦੇ ਪਿੱਛੋਂ ਦੁਖੀ ਹੋ ਜਾਂਦਾ ਹੈ। ਵਾਹੀ ਨਹੀਂ ਕਰ ਸਕਦਾ, ਭੁਈਂ ਨਹੀਂ ਸਾਂਭੀ ਜਾਂਦੀ। ਭਾਬੀਆਂ ਮੇਹਨੇ ਤੇ ਨਿਹੋਰੇ ਦਿੰਦੀਆਂ ਹਨ ਇਸ ਦੇ ਰੂਪ ਤੇ ਮੋਹਤ ਵੀ ਹਨ। ਖਾਤਰਾਂ ਵੀ ਕਰਦੀਆਂ ਹਨ। ਪਰ ਰਾਂਝਾ ਕਾਮ ਦੇ ਵੱਸ ਨਹੀਂ ਹੁੰਦਾ। ਭਾਬੀਆਂ ਦਾ ਆਖਾ ਨਹੀਂ ਮੰਨਦਾ ਅਰ ਉਹ ਮੇਹਨੇ

ਦਿੰਦੀਆਂ ਹਨ:—

ਘਰੇ ਘਰੀ ਵਿਚਾਰਦੇ ਲੋਕ ਸਾਰੇ, ਸਾਨੂੰ ਕੇਹੀਆਂ ਫਾਹੀਆਂ ਪਾਈਆਂ ਨੀ। ਸਾਨੂੰ ਛੱਡਿਆ ਕਿਤੇ ਨਾ ਲੋਕ ਜੋਗਾ; ਲੀਕਾਂ ਪੁੱਜ ਕੇ ਅਸਾਂ ਨੂੰ ਲਾਈਆਂ ਨੀ। ਤੇਰੀ ਗੱਲ ਨਾ ਬਨੇਗੀ ਨਾਲ ਸਤੇ, ਪਰਨਾ ਲਿਆ ਸਿਆਲਾਂ ਦੀਆਂ ਜਾਈਆਂ ਨੀ। ਵਾਰਸਸ਼ਾਹ ਅਨਮੋੜਾਂ ਨੂੰ ਮੋੜ ਨਹੀਂ, ਜਿਨ੍ਹਾਂ ਵਾਦੀਆਂ ਤੋੜ ਨਬਾਹੀਆਂ ਨੀ॥

ਰਾਂਝੇ ਨੂੰ ਏਹ ਤਾਨ੍ਹਾ ਖਾ ਗਿਆ ਅਰ ਝੂਠੀ ਤੋਹਮਤਾਂ ਨ ਸਹਾਰ ਸੰਕਿਆ॥

ਤੇਰੇ ਗੋਚਰਾ ਕੰਮ ਕੀ ਪਿਆ ਮੇਰਾ, ਸਾਨੂੰ ਬੋਲੀਆਂ ਨਾਲ ਕਿਉਂ ਮਾਰਨੀਏਂ। ਐਵੇਂ ਗੈਬ ਦੀਆਂ ਤੋਹਮਤਾਂ ਜੋੜਕੇ ਤੇ, ਕੁਝ ਸੱਚ ਨਾ ਝੂਠ ਨਤਾਰਨੀਏਂ। ਰਾਂਝੇ ਆਖਿਆ ਭਾਬੀਓ ਵੈਰਨੇ ਨੀ ਬੋਲੋ ਸੁਖਨ ਹਯਾ ਸ਼ਰਮ ਦੇ ਨੀ। ਦੁਨੀਆਂ ਖ਼੍ਵਾਬ ਖਿਆਲ ਦੀ ਬਾਤ ਸਾਰੀ, ਕੁਝ ਨਹੀਂ ਵਿਸਾਹ ਇਸ ਦਮ ਦੇ ਨੀ॥

ਕੇਹਾ ਸੋਹਨਾ ਉੱਤ੍ਰ ਦਿਤਾ, ਏਹਨਾਂ ਉੱਚੇ ਖਿਆਲਾਂ ਵਿਚ ਡੱਬਾ, ਅਪਨੀ ਪਤ ਨੂੰ ਸਭ ਤੋਂ ਉੱਚਾ ਜਾਨਦਾ ਹੋਇਆ ਧੀਦੂ ਰਾਂਝ ਘਰੋਂ ਨਿਕਲ ਖੜੋਤਾ। ਨਾ ਪਲੇ ਰਾਸ ਨਾ ਕੋਲ ਪੈਸਾ। ਜੀ ਵਿਚ ਇਹ ਤਾਂਘ ਕਿ ਸਿਆਲਾ ਦੀ ਹੀਰ ਵਿਆਹ ਕੇ ਲਿਆਣੀ ਏ ਅਰ ਭਾਬੀਆਂ ਦੇ ਸਾਹਮ੍ਹਨੇ ਪੀੜ੍ਹਾ ਡਾਹ ਕੇ ਬਹਾਨੀ ਏਂ। ਅਪਨੇ ਆਖੇ ਬਚਨ ਨੂੰ ਸਚ ਕਰ ਵਖਾਨਾ ਏਂ:—

ਨੱਢੀ ਸਿਆਲਾਂ ਦੀ ਵਿਆਹ ਕੇ ਲਿਆਵਸਾਂ ਮੈਂ, ਕਰੋ ਬੋਲੀਆਂ ਅਤੇ ਠਠੋਲੀਆਂ ਨੀ। ਬਹੇ, ਘੱਤ ਪੀੜ੍ਹਾ ਵਾਂਗ

ਮੋਹਣੀਆਂ ਵੇ, ਅੱਗੇ ਤੁਸਾਂ ਜੇਹੀਆਂ ਹੋਨ ਗੋਲੀਆਂ ਨੀ ॥

ਜਦ ਪੱਤਨ ਤੇ ਪੁਜਾ ਤਾਂ ਪਾਸ ਪੈਸਾ ਨਹੀਂ । ਮਲਾਹ ਚੜ੍ਹਾਂਦੇ ਨਹੀਂ । ਇਸਨੇ ਇਕ ਤੁਲਾ ਬਨਾ ਦਰਯਾਵੋਂ ਪਾਰ ਹੋਨ ਦੀ ਸਲਾਹ ਕੀਤੀ । ਲੋਕਾਂ ਵੇਖ ਮਨ੍ਹਾ ਕੀਤਾ । ਏਹਨੇ ਕੰਢੇ ਤੇ ਬੈਠਾ ਵੰਝਲੀ ਦੀ ਸੁਰ ਵਾਹੀ । ਬੱਸ ਵੰਝਲੀ ਦਾ ਵੱਜਨਾ ਸੀ ਕਿ ਜਨੌਰ ਤਕ ਵੀ ਮੋਹਤ ਹੋ ਗਏ । ਲੁੱਡਨ ਮਲਾਹਾ ਦੀਆਂ ਰੰਨਾਂ ਵੀ ਰਾਂਝੇ ਦੇ ਗਿਰਦੇ ਆਨ ਡਿਗੀਆਂ ਉਸਤੇ ਮੋਹਤ ਹੋ ਗਈਆਂ, ਲਗੀਆਂ ਖੁਸ਼ਾਮਦਾਂ ਕਰਨ। ਅੰਤ ਲੁਡਨ ਹੋਰੀ ਵੀ ਅਪਨੀ ਰੰਨਾਂ ਦੀ ਖਾਤ੍ਰ ਰਾਂਝੇ ਦੀਆਂ ਖਾਤਰਾਂ ਕਰਨ ਲਗ ਪਏ। ਦਰਆਵੋਂ ਪਾਰ ਲੈਘਾਇਆ। ਹੀਰ ਦੀ ਖਾਸ ਬੇੜੀ ਜਿਸ ਵਿਚ ਉਸਦਾ ਪਲੰਘ ਡੱਠਾ ਸੀ ਰਾਂਝੇ ਨੂੰ ਸਵਾਇਆ, ਏਹ ਇਸ਼ਕ ਵਿਚ ਮਸਤ, ਕਿਸੇ ਨੂੰ ਅਪਨੀ ਅੱਖ ਹੇਠ ਨਹੀਂ ਸੀ ਲਿਆਉਂਦਾ । ਇਕ ਤੇ ਹੀਰ ਦੀ ਚਾਹ, ਦੂਜੀ ਜਵਾਨੀ ਦੀ ਬੇ ਪਰਵਾਹੀ, ਮਜ਼ੇ ਨਾਲ ਪਲੰਘ ਤੇ ਜਾ ਸੁਤੇ, ਹੀਰ ਵੀ ਆਈ, ਇਕ ਓਪਰੇ ਨੂੰ ਸੁਤਾ ਵੇਖ ਗੁਸੇ ਨਾਲ ਲਾਲੋ ਲਾਲ । ਲੁਡਨ ਦੀ ਸ਼ਾਮਤ ਆਈ। ਜਦ ਲੁਡਨ ਨੂੰ ਝੰਭ ਚੁਕੀ ਤਾਂ ਰਾਂਝੇ ਵਲ ਮੁੜੀ ਕਿ ਇਸ ਦੀ ਵੀ ਅਲਖ ਮੁਕਾਈਏ। ਪਰ ਆਈ ਸੀ ਮਾਰਨ, ਮਰ ਗਈ ਆਪ। ਸੂਰਤ ਵੇਖ ਮੂਰਤ ਹੋ ਗਈ। ਪ੍ਰੇਮ ਕਟਾਰੀ ਜੀ ਵਿਚ ਲੈਹ ਗਈ। ਗੁਸੇ ਵਿਚ ਆਖਦੀ ਹੈ:-

ਉੱਠੀ ਸੁਤਿਆ ਸੇਜ ਅਸਾਡੜੀ ਤੋਂ, ਲੰਮਾਂ ਸੁਸਰੀ ਵਾਂਗ ਕੀ ਪਿਆ ਹੈਂ ਵੇ। ਸੁਖੀ ਲੱਦੜੀ ਮੈਂਡੜੀ ਸੇਜ ਉਤੇ, ਤੂੰ ਤਾਂ ਕੌਨ ਕੋਈ ਆਨ ਪਿਆ ਹੈਂ ਵੇ। ਅਵੇ ਉਠ ਕੇ ਦੇਹ ਜਵਾਬ ਮੈਨੂੰ, ਕਿਹਾ ਨਿੱਗਰੜਾ ਬੋੜ ਹੋ ਗਿਆ ਹੈਂ ਵੇ। ਬੁਰਿਆਂ ਦਿਨਾਂ ਦੀਆਂ ਤੇਰੀਆਂ ਫੇਰੀਆਂ ਨੇ, ਵੱਸ ਸੋਟਿਆਂ ਦੇ ਪੈ ਗਿਆ ਹੈਂ ਵੇ॥

ਰਾਂਝਾ ਸ਼ੋਰ ਸ਼ਰਾਬਾ ਸੁਣ, ਉਠਕੇ ਧੀਰਜ ਨਾਲ ਆਖਿਆ:-

ਰਾਂਝੇ ਉਠਕੇ ਆਖ਼ਿਆ "ਵਾਹ ਸਜਨ", ਹੀਰ ਹੱਸਕੇ ਤੇ ਮੇਹਰਬਾਨ ਹੋਈ। ਰੂਪ ਜੱਟ ਦਾ ਵੇਖਕੇ ਜਾਗ ਲੱਦੀ, ਹੀਰ ਵਾਰ ਘਤੀ ਸਰ ਗਰਦਾਨ ਹੋਈ॥

ਇਸ਼ਕ ਦੇ ਫੱਟ ਲਗ ਗਏ। ਦੋ ਪਾਸੀ ਪ੍ਰੀਤ ਹੋ ਗਈ। ਹੀਰ ਤੇ ਝੰਗ ਦੇ ਹਾਕਮ ਦੀ ਧੀ, ਅਰ ਰਾਂਝਾ ਮਾਂ ਮਹੇਟਰ, ਕੋਈ ਸਾਕ ਨਹੀਂ, ਅੰਗ ਨਹੀਂ, ਭਾਈਆਂ ਨਾਲ ਰੁੱਠ ਕੇ ਆਇਆ ਹੋਇਆ, ਹੀਰ ਨੂੰ ਮੇਹਰਬਾਨ ਵੇਖ ਉਸ ਦੇ ਵੱਸ ਹੀ ਹੋ ਟੁਰਿਆ, ਜੋ ਉਸ ਕਹਿਆ ਸੋ ਕੀਤਾ। ਮੱਝੀਆਂ ਚਰਾਈਆਂ, ਚਾਕ ਸਦਾਇਆ ਪਰ ਅਪਨੇ ਸਜਨ ਦਾ ਜੀ ਨਾ ਦੁਖਾਇਆ। ਓਹ ਜਾਨਦਾ ਸੀ ਕਿ ਹੀਰ ਵੀ ਉਸਤੇ ਵਿਕੀ ਹੋਈ ਹੈ। ਉਹ ਉਸਦੀ ਬਰਦੀ ਤੇ ਏਹ ਉਸਦਾ ਗੋਲਾ। ਆਸ਼ਕ ਮਾਸ਼ੂਕ ਦੋਵੇਂ ਪ੍ਰੇਮ ਦੇ ਸਮੁੰਦਰ ਵਿਚ ਅਪਨੀ ਦੁਈ ਗਵਾ ਚੁਕੇ ਸਨ। ਲੋਕ ਲਜਿਆ, ਪਤ, ਸ਼ਰਮ, ਹਿਯਾ ਸਭ ਇਸ਼ਕੇ ਦੀ ਭੇਟਾ ਕਰਾ ਚੁਕੇ ਸਨ। ਜਦ ਏਸ ਬਹਾਦਰ ਨੇ ਅਪਨੇ ਕੰਮ ਨਾਲ ਹੀਰ ਦੇ ਪਿਓ ਨੂੰ ਖੁਸ਼ ਕਰ ਲਿੱਤਾ ਅਰ ਉਸ ਤੋਂ ਹੀਰ ਨਾਲ ਨਕਾਹ ਪੜ੍ਹਾਨ ਦਾ ਇਕਰਾਰ ਵੀ ਕਰਾ ਲਿੱਤਾ। ਪਰ ਸ਼ਰੀਕਾਂ ਦੇ ਮੇਹਨੇ ਅਰ ਤੁਹਮਤਾਂ ਦੇ ਨਿਹੋਰੇ ਕਮਜ਼ੋਰ ਦਿਲ ਚੂਚਕ ਨਾ ਸਹਾਰ ਸਕਿਆ, ਸਾਕ ਖੇੜਿਆਂ ਦੇ ਕਰ ਦਿਤਾ। ਖੇੜੇ ਹੀਰ ਵਿਆਹ ਟੁਰ ਪਏ ਅਰ ਰਾਂਝਾ ਮੂੰਹ ਤੱਕਦਾ ਰੈਹ ਗਿਆ ਅੰਤ ਨਾਲ ਮੱਝੀਂ ਛੋੜ ਕੇ ਈ ਟੁਰ ਪਿਆ। ਪਰ ਜਗ ਵਿਚ ਨਸ਼ਰ ਹੋ ਚੁੱਕਾ ਸੀ, ਰੰਗ ਪੁਰ ਗੁਜ਼ਾਰਾ ਕਿਥੋਂ ਹੁੰਦਾ ਸੀ। ਮੁੜਿਆ, ਡਾਵਾਂ ਡੋਲ, ਕੋਈ ਪਾਸਾ ਝੱਲਨ ਜੋਗਾ ਨਹੀਂ, ਜਗ ਇਸਦੀ ਨਿਰਾਸਤਾ ਦੀ ਇਹ ਦਿਸ਼ਾ ਸੀ ਤਾਂ ਭਾਬੀਆਂ ਨੇ ਫੇਰ ਖਤ ਲਿਖਿਆ ਅਰ ਬੁਲਾ ਭੇਜਿਆ।

ਹੋਈ ਲਿਖੀ ਰਜ਼ਾ ਰੰਝੇਟਿਆ ਵੇ, ਸਾਡੇ ਅੱਲੜੇ ਘਾਇ ਸਨ ਤੂੰ ਚੇੜੇ। ਮੁੜ ਆ ਨਾ ਵਿਗੜਿਆ ਕੰਮ ਤੇਰਾ, ਲਟਕੰਦੜਾ ਘਰੀਂ ਤੂੰ ਪਾ ਫੇਰੇ। ਜੇਹੜੇ ਫੁੱਲ ਦਾ ਨਿੱਤ ਤੂੰ ਰਹੇਂ ਰਾਖਾ, ਉਸ ਫੁੱਲ ਨੂੰ ਤੋੜ ਲੈ ਗਏ ਖੇੜੇ। ਕੋਈ ਨਹੀਂ ਵਿਸਾਹ ਕਵਾਰੀਆਂ ਦਾ, ਐਵੇਂ ਲੋਕ ਨਕੰਮੜੇ ਕਰਨ ਝੇੜੇ। ਤੂੰ ਤਾਂ ਮੇਹਨਤਾਂ ਸੈਂ ਦਿਨ ਰੈਨ ਕਰਦਾ, ਵੇਖ ਕੁਦਰਤਾਂ ਰਬਦੀਆਂ ਕੌਣ ਫੇਰੇ। ਦਿਨੇਂ ਰਾਤ ਖਵਾਰ ਸੈਂ ਵਿਚ ਝਲਾ, ਕੌਲ ਕੁਆਰੀਆਂ ਦੇ ਹੋਏ ਨਾਲ ਤੇਰੇ। ਕਲਸ ਜ਼ਰੀ ਦਾ ਚਾੜ੍ਹੀਏ ਚਾਏ ਰੌਜ਼ੇ, ਜਿਸ ਵੇਲੜੇ ਆਨ ਕੇ ਵੜੇਂ ਵੇੜ੍ਹੇ॥

ਭਾਬੀ ਨੇ ਤੇ ਏਹ ਜਾਤਾ ਸੀ ਕਿ ਰਾਂਝਾ ਹੁਣ ਠੋਕਰਾਂ ਖਾਕੇ ਘਰੀ ਮੁੜ ਆਸੀ ਅਰ ਆਕੇ ਉਸਦੀ ਕਾਂਮ ਭਰੀ ਆਸ ਪੁਜਾਸੀ ਪਰ ਰਾਂਝਾ ਕਿਸੇ ਹੋਰ ਮਿੱਟੀ ਦਾ ਘੜਿਆ ਸੀ। ਉਤਰ ਲਿਖਿਆ:-

ਭਾਬੀ ਖਿਜ਼ਾਂ ਦੀ ਰੁੱਤ ਜਾਂ ਆਨ ਪੁੰਨੀ, ਭੌਰ ਆਸਰੇ ਤੇ ਪਏ ਜਾਲਦੇ ਨੀ। ਸੇਵਨ ਬੁਲਬੁਲਾਂ ਬੂਟਿਆਂ ਸੁਕਿਆਂ ਨੂੰ, ਰੱਬਾ ਫੁੱਲ ਲਟਕਨ ਨਾਲ ਡਾਲ ਦੇ ਨੀ। ਅਸਾਂ ਜਦੋਂ ਕਦੋਂ ਉਹਨਾਂ ਪਾਸ ਜਾਨਾਂ, ਜੇਹੜੇ ਮੋਹਰਮ ਸਾਡੜੇ ਹਾਲ ਦੇ ਨੀ। ਜਿਨ੍ਹਾਂ ਸੂਲੀਆਂ ਤੇ ਲਏ ਜਾਇ ਝੂਟੇ, ਮਨਸੂਰ ਹੋਰੀ ਸਾਡੇ ਨਾਲ ਦੇ ਨੀ। ਵਾਰਸ ਸ਼ਾਹ ਜੋ ਗਏ ਸੋ ਨਹੀਂ ਮੁੜਦੇ, ਲੋਕ ਅਸਾਂ ਤੋਂ ਆਵਨਾ ਭਾਲ ਦੇ ਨੀ। ਭਾਬੀ ਇਸ਼ਕ ਤੋਂ ਨੱਸਕੇ ਉਹ ਜਾਂਦੇ ਪੁੱਤ੍ਰ ਹੋਨ ਜੋ ਕਿਸੇ ਕੰਗਾਲ ਦੇ ਨੀ। ਮਾਰੇ ਬੋਲੀਆਂ ਦੇ ਘਰੇ ਨਾਹਿ ਵੜਦੇ, ਵਾਰਸਸ਼ਾਹ ਹੋਰੀ ਫਿਰਨ ਭਾਲਦੇ ਨੀ॥

ਏਹ ਸੱਚੇ ਪ੍ਰੇਮੀ ਦਾ ਜਵਾਬ ਸੀ, ਕਾਮੀ ਦਾ ਕੰਮ ਨਹੀਂ ਸੀ। ਅੰਤ ਅੱਕ ਰਾਂਝਾ ਜੋਗੀ ਬਨਿਆ। ਬਾਲਨਾਥ ਨੇ ਬਥੇਰਾ ਸਮਝਾਇਆ ਪਰ ਏਹ ਪ੍ਰੇਮ ਦਾ ਬੱਦਾ ਬਾਜ਼ ਨਾ ਆਇਆ। ਬਾਲ ਨਾਥ ਵੀ

ਇਸ ਦੇ ਹਠ, ਅਰ ਇਸ ਛੈਲ ਮੂਰਤ ਤੇ ਮੋਹਤ ਹੋ ਗਇਆ, ਅਰ ਜੋਗੀ ਬਨਾਇਆ। ਪਰ ਰਾਂਝੇ ਨੇ ਧੋਖਾ ਨਹੀਂ ਦਿਤਾ। ਬਾਲਨਾਥ ਨੂੰ ਵੀ ਆਪਨੇ ਇਸ਼ਕ ਦਾ ਹਾਲ ਦਸ ਦਿਤਾ ਅਰ ਜੇ ਧੋਖਾ ਈ ਕਰਨਾ ਹੁੰਦਾ ਤਾਂ ਉਸ ਨੂੰ ਟਿੱਲੇ ਜਾਕੇ ਯੋਗੀ ਬਨਨ ਦੀ ਕੀ ਲੋੜ ਸੀ ਐਂਵੇਂ ਈ ਭੇਸ ਵਟਾ ਟੁਰ ਪੈਂਦਾ, ਪਰ ਆਸ਼ਕਾਂ ਨੇ ਨਿਤਰਨਾ ਸੀ ਅਰ ਅਪਨੇ ਆਪ ਤੇ ਝੂਠ ਤੇ ਧੋਖੇ ਦਾ ਦਾਗ ਨਹੀਂ ਸੀ ਲਗਨ ਦੇਨਾ। ਅੰਤ ਰਾਂਝੇ ਨੇ ਰੰਗਪੁਰ ਡੇਰੇ ਲਾਏ ਅਰ ਗਲੀ ਗਲੀ ਫੇਰੇ ਪਾਕੇ ਅਲਖ ਜਗਾਏ। ਸੈਹਤੀ ਦੀ ਮਦਦ ਨਾਲ ਹੀਰ ਨੂੰ ਲੈ ਉੜੇ ਪਰ ਕਿਸਮਤ ਨੇ ਮਦਦ ਨਾ ਕੀਤੀ। ਖੇੜਿਆਂ ਫੜਕੇ ਮਾਰਿਆ, ਹੀਰ ਖੋਹ ਲਿੱਤੀ। ਅਦਲੀ ਰਾਜੇ ਡੰਨ ਦਿਤਾ ਪਰ ਸਚੇ ਆਸ਼ਕ ਦੀ ਆਹ ਨੇਂ ਸ਼ੈਹਰ ਨੂੰ ਅਗ ਲਾ ਦਿੱਤੀ। ਰਾਜੇ ਨੇ ਫ਼ੇਰ ਹੀਰ ਮੁੜਾਕੇ ਰਾਂਝੇ ਨੂੰ ਦਵਾ ਦਿਤੀ। ਹੁਨ ਰਾਂਝਾ ਜਿੱਤ ਗਿਆ। ਮਾਸ਼ੂਕ ਕੋਲ ਹੈ। ਘਰ ਜਾਂਦਾ ਅਰ ਭਾਬੀਆਂ ਦਾ ਉਲਾਭਾ ਲਾਂਦਾ ਅਰ ਅਪਨੀ ਉਮਰ ਸੁਖ ਤੇ ਮਜ਼ੇ ਵਿਚ ਬਤਾਂਦਾ। ਪਰ ਨਹੀਂ। ਇਸ ਨੇ ਇਕ ਰੰਨ ਨੂੰ ਉਧਾਲਕੇ ਲੈ ਜਾਨਾ ਬੁਰਾ ਸਮਝਿਆ, ਹੀਰ ਨੂੰ ਲੈ ਝੰਗ ਪੁੱਜਾ ਅਰ ਚੂਚਕ ਨੂੰ ਆਖਿਆ ਕਿ ਹੋਣ ਤੇ ਅਪਣੇ ਕੋਲ ਮੂਜਬ ਹੀਰ ਦਾ ਨਿਕਾਹ ਮੇਰੇ ਨਾਲ ਕਰ। ਚੂਚਕ ਤੇ ਰਾਜ਼ੀ ਪਰ ਘਰਦੀਆਂ ਤਰੀਮਤਾਂ ਨੇ ਫ਼ੇਰ ਤਾਨੇ ਮਾਰੇ ਹੀਰ ਨੂੰ ਬੁਰਿਆਰ ਬਨਾਇਆ। ਐਥੋਂ ਤੀਕਨ ਕੀਤਾ, ਕਿ ਚੂਚਕ ਨੇ ਰਾਂਝੇ ਨਾਲ ਦਗਾ ਕਮਾਇਆ। ਹਾਂ ਕੀਤੀ, ਰਾਂਝਾ ਜੰਵ ਲੈਨ ਘਰ ਗਇਆ, ਅਰ ਪਿਛੋਂ ਸਿਆਲਾਂ ਨੇ ਹੀਰ ਨੂੰ ਜ਼ੈਹਰ ਦੇਕੇ ਮਾਰ ਦਿਤਾ। ਕੈਹਰ ਕਮਾਇਆਂ, ਇਕ ਧੀ ਮਾਰੀ ਦੂਆ ਰਾਂਝਾ ਮਰਾਇਆ। ਜਦ ਰਾਂਝਾ ਵਿਆਹੁਨ ਆਇਆ ਤਾਂ ਅੱਗੋਂ ਮਾਸ਼ੂਕ ਦੀ ਕਬਰ ਨਜ਼ਰ ਆਈ। ਬੱਸ ਸੱਚੇ ਆਸ਼ਕ ਨੇ ਓਥੇ ਈ ਜਾਨ ਦਿੱਤੀ ਅਰ ਦੋਹਾਂ ਦੀ ਰੂਹਾਂ ਦਾ ਮਿਲਾਪ ਹੋਇਆ। ਰਾਂਝੇ ਨੇ ਇਸ਼ਕ ਨੂੰ ਲਾਜ ਨਾ ਲਾਈ, ਨਾ ਈ ਅਪਨੀ ਪਤ ਅਰ ਬਚਨ ਦੀ ਹਾਨੀ ਹੋਨ

ਦਿੱਤੀ। ਹੀਰ ਨੇ ਸੌ ਵਾਰੀ ਵਿਆਹ ਤੋਂ ਪਹਿਲੇ ਆਖਿਆ ਸੀ ਕਿ ਰਾਂਝਨਾ ਮੈਨੂੰ ਲੈਕੇ ਨਿਕਲ ਚਲ ਪਰ ਰਾਂਝੇ ਆਖਿਆ ਮੈਂ ਰੰਨਾਂ ਉਧਾਲਨ ਵਾਲਾ ਨਹੀਂ ਅਖਵਾਨਾ ਮੈਂ ਤੇ ਵਿਆਹ ਕੇ ਲੈ ਜਾਨਾ ਹੈ। ਏਹੀ ਹਠ ਰਖਿਆ ਅਰ ਅਪਨਾ ਸਰਵੰਸ ਲੁਟਾਇਆ। ਜਾਨ ਗਵਾਈ ਪਰ ਜੱਟਾਂ ਵਾਲੀ ਅਨਖ ਨਾ ਗਵਾਵੀ, ਹੀਰ ਨੇ ਰਾਂਝੇ ਨੂੰ ਸਲਾਹ ਦਿਤੀ ਸੀ:-

ਹੀਰ ਆਖਿਆ ਰਾਂਝਿਆ ਕਹਿਰ ਹੋਇਆ, ਏਥੋਂ ਚੱਲ ਜੇ ਉੱਠ ਕੇ ਚੱਲਨਾ ਏਂ। ਦੋਵੇਂ ਉੱਠਕੇ ਲੰਮੜੇ ਰਾਹ ਪਈਏ, ਕੋਈ ਅਸਾਂ ਨੇ ਦੇਸ ਨਾ ਮੱਲਨਾ ਏਂ। ਜਦੋਂ ਝੁਗੜੇ ਵੜੀ ਮੈਂ ਖੇੜਿਆਂ ਦੇ, ਕਿਸ ਅਸਾਂ ਨੂੰ ਮੋੜ ਨਾ ਘੱਲਨਾਏਂ। ਮਾਂ ਬਾਪ ਨੇ ਜਦੋਂ ਵਿਆਹ ਦਿੱਤਾ, ਕੋਈ ਅਸਾਂ ਦਾ ਜ਼ੋਰ ਨਾ ਚੱਲਨਾਏਂ॥

ਕੇਹੀ ਸਲਾਹ ਹੈ ਹੀਰ ਅਪਨੀ ਬੇ ਬਸੀ ਜਾਨਦੀ ਸੀ ਅਰ ਅਪਨੇ ਸੱਜਨ ਦੇ ਨਾਲ ਜਾਨ ਨੂੰ ਤਿਆਰ ਸੀ। ਜੱਗ ਦੀ ਲਾਜ ਲਾਹ ਚੁਕੀ ਸੀ:--

ਨਿਹੋਂ ਲਾਕੇ ਲੱਜ ਬੇ ਲੱਜ ਹੋਈ, ਮੈਥੋਂ ਕੀਤੜੀ ਨਾ ਕਾਈ

...........................................................................

ਨੋਟ-ਮੁਕਬਲ ਸ਼ਾਹ ਨੇ ਅਪਨੀ ਹੀਰ ਵਿਚ (ਜੋ ਹੀਰ ਵਾਰਸ ਦੇ ਕਿੱਸੇ ਤੋਂ ਪੁਰਾਨੀ ਜਾਪਦੀ ਹੈ) ਏਨਾ ਈ ਲਿਖਿਆ ਹੈ ਕਿ ਰਾਜੇ ਨੇ ਹੀਰ ਰਾਂਝੇ ਨੂੰ ਦਵਾ ਦਿੱਤੀ ਅਰ ਖੇੜੇਢੀਠਹੋ ਚਲੇ ਗਏ। ਅਗਲੀ ਕਥਾ ਕਿ ਹੀਰ ਤੇ ਰਾਂਝੇ ਦਾ ਨਕਾਹ ਕੀਕਨ ਹੋਇਆ ਨਹੀਂ ਲਿਖੀ। ਇਸ ਤੋਂ ਸ਼ੱਕ ਪੈਂਦਾ ਹੈ ਕਿ ਹੀਰ ਦੇ ਮਾਰਨ ਦੀ ਕਹਾਨੀ ਅਰ ਰਾਂਝੇ ਦੀ ਕੁਰਬਾਨੀ ਵਾਰਸਸ਼ਾਹ ਹੋਰਾਂ ਦੀ ਜ਼ਬਾਨੀ ਨਾ ਹੋਵੇ। ਕਿਉਂ ਜਦ ਰਾਜੇ ਕੋਲੋਂ ਹਰਿ ਮਿਲ ਗਈ ਫੇਰ ਹੋਰਕਿਸ ਗਲ ਦੀ ਲੋੜ ਸੀ, ਐਵੇਂ ਝੰਗ ਜਾਕੇ ਅਪਨੇ ਗਲ ਸਿਆਪਾ ਪਾਨ ਦੀ ਜ਼ਰੂਰਤ ਘੱਟ ਸੀ।

ਗੱਲ ਜਾਈ। ਇਕ ਭਾ ਭੜਕੀ ਤੇਰੇ ਇਸ਼ਕ ਵਾਲੀ, ਦੂਜੀ ਦੂਤੀਆਂ ਨੇ ਮੇਰੀ ਜਾਨ ਤਾਈ। ਜੇਹੜੀ ਹੋਵਨੀ ਸੀ ਸੋ ਹੋ ਚੁਕੀ, ਏਹੋ ਖਲਕ ਸਾਰੀ ਸਿਰ ਭੁੱਸ ਪਾਈ॥

ਪਰਰਾਂਝੇ ਨੇ ਏਹਨਾਂ ਸਾਰੀਆਂ ਕਮਜ਼ੋਰ ਸਲਾਹਵਾਂ ਨੂੰ ਨਾ ਮੰਨਿਆ ਅਰ ਆਖਿਆ:-

ਹੀਰੇ ਇਸ਼ਕ ਨਾ ਮੂਲ ਸਵਾਦ ਦੇਂਦਾ, ਨਾਲ ਚੋਰੀਆਂ ਅਤੇ ਉਧਾਲਿਆਂ ਦੇ। ਕਿੜਾਂ ਪੌਦੀਆਂ ਨੱਠੇ ਹਾਂ ਦੇਸ ਵਿਚੋਂ, ਕਿਸੇ ਸੁਨੇ ਨੀ ਖੂਨੀਆਂ ਗਾਲਿਆਂ ਦੇ। ਏ ਮਾਲੂਮ ਹੋਇਆ ਤੇਰੇ ਸੁਖਨ ਉੱਤੋਂ, ਚਾਲੇ ਦੱਸਨੀਏਂ, ਮੂੰਹ ਕਾਲਿਆਂ ਦੇ। ਸਿਰ ਜਾਨ ਕੁਰਬਾਨ ਤੋਂ ਵਰਜਨੀਏਂ, ਪੁੜ੍ਹ ਭਿਠੇ ਨੀ ਕਿਨ੍ਹਾਂ ਬਰ ਵਾਲਿਆਂ ਦੇ। ਠੱਗੀ ਨਾਲ ਤੈਂ ਮਹੀਂ ਚਰਾ ਲਈਆਂ, ਏਹ ਰਾਹ ਰੰਨਾਂ ਦਿਆਂ ਚਾਲਿਆਂ ਦੇ। ਵਾਰਸਸ਼ਾਹ ਸਰਾਫ ਸਭ ਜਾਨਦੇ ਨੀ, ਐਬ ਖੋਟਿਆਂ ਪਿੰਨਿਆਂ ਵਾਲਿਆਂ ਦੇ॥

ਰਾਂਝੇ ਨੇ ਅਪਨੇ ਹਠ ਵਿਚ ਡਾਢੇ ਮੇਹਨੇ ਦਿੱਤੇ ਪਰ ਉਸ ਦੀ ਭੁਲ ਸੀ, ਜੇ ਅਪਨੇ ਮਾਸ਼ੂਕ ਨੂੰ ਜ਼ੋਰੀ ਲੈ ਜਾਂਦਾ ਤਾਂ ਕੋਈ ਐਬ ਨਾ ਹੁੰਦਾ। ਮਿਰਜ਼ਾ ਸਾਹਿਬਾਂ ਨੂੰ ਏਸ ਤਰ੍ਹਾਂ ਲੈ ਗਿਆ ਸੀ ਅਤੇ ਸ੍ਰੀ ਕ੍ਰਿਸ਼ਨ ਰੁਕਮਨ ਨੂੰ ਗ਼ਾਨਾ ਬੱਧੀ ਈ ਲੈ ਨੱਸੇ ਸਨ। ਪਿਆਰ ਤੇ ਇਸ਼ਕ ਦਾ ਸਵਾਦ ਤਾਂ ਅਜੇਹੇ ਵਿਆਹ ਵਿਚ ਈ ਹੈ। ਲਾਵਾਂ ਲੈਕੇ ਤੇ ਬੱਦੇ ਵਾਸ ਦਾ ਵਿਆਹ ਹੋਇਆ। ਇਸ ਵਿਚ ✝ਰੁਮੈਂਸ (Romance) ਦਾ ਨਾਂ ਕਿੱਥੋਂ॥ ਜਿਥੇ ਸਿਰ ਸਿਰ ਬਾਜ਼ੀ ਲੱਗੀ ਹੋਵੇ, ਓਥੇ ਰੀਤ, ਤੇ ਜਗ ਦੀ ਲੀਕ ਦਾ ਕੀ ਕੰਮ ਪਰ ਰਾਂਝੇ ਨੇ ਜੋ ਕੁਝ

---

✝ਰੁਮੈਂਸ ਅੰਗ੍ਰੇਜ਼ੀ ਵਿਚ ਦੁਖ ਸੁਖ ਸਹਾਰਨੇ ਕੁਝ ਲੁਕਨਾ ਕੁਝ ਨੱਠਨਾਂ ਮਿਲਨਾ ਵਿਛਨਾ ਆਦ ਪਰੇਮ ਬਖੇੜੇ ਨੂੰ ਆਖਦੇ ਹਨ।

ਕੀਤਾ ਅਪਨੇ ਬਚਨ ਪਾਲਨ ਲਈ ਕੀਤਾ। ਭਾਬੀਆਂ ਦੇ ਮੇਹਨੇਂ ਤੋਂ ਡਰਦਾ ਸੀ, ਕਿ ਏਹ ਨਾਂ ਕੈਹਨ, ਨਢੀ ਉਧਾਲ ਲਿਆਇਆ ਹੈ॥

ਗੱਲ ਕੀ, ਕਵੀ ਜੀ ਨੇ ਰਾਂਝੇ ਦੀ ਜਵਾਨੀ, ਰੂਪ ਰਗਾ ਬੇਪਰਵਾਹੀ, ਚੰਗੀ ਖੁਸ਼ ਮਿਜ਼ਾਜ, ਹਠ, ਬਚਨ ਦੀ ਪਾਲਨਾ, ਮਾਸ਼ੂਕ ਤੇ ਵਿਕ ਜਾਨਾ, ਪਰ ਅਪਨੀ ਅਨਖ ਨਹੀਂ ਛੱਡਨੀ। ਏਹਨਾਂ ਸਾਰੀਆਂ ਗੱਲਾਂ ਨੂੰ ਬੜੀ ਸੋਹਣੀ ਤਰਹਾਂ ਦਸਿਆ ਹੈ ਅਰ ਰਾਂਝੇ ਦੇ ਪਿਆਰ ਨੂੰ ਇਕ ਉਚੇ ਦਰਜੇ ਦਾ ਪਿਆਰ ਦਸਾਇਆ ਹੈ ਪਰ ਰਾਂਝਾ ਦਿਲ ਦਾ ਕਮਜ਼ੋਰ। ਅਪਨੀ ਅਪਣੱਪ ਨੂੰ ਨਾਂ ਦਸ ਸੱਕਨ ਵਾਲਾ ਮਾਨੁਖ ਸੀ। ਉਸ ਦੀ ਮਨ ਸ਼ਕਤੀ ਕਮਜ਼ੋਰ। ਪਿੱਛੇ ਲੱਗ ਟੁਰਨ ਵਾਲਾ ਬੰਦਾ ਸੀ। ਉਸ ਵਿੱਚ ਰੋਮੈਂਸ ਦੀ ਚਿਨਗ ਨਹੀਂ ਸੀ। ਬਹਾਦਰ ਦਿਲ ਆਸ਼ਕ ਨਹੀਂ ਸੀ, ਮਿਰਜ਼ੇ ਦੀ ਮਰਦਾਨਗੀ ਉਸ ਵਿਚ ਨਾ ਸੀ। ਜੇ ਹੀਰ ਦਾ ਆਸ਼ਕ ਹੁੰਦਾ ਮਿਰਜ਼ਾ, ਤਾਂ ਖੇੜਿਆਂ ਦੇ ਸੱਥਰ ਲਾਹ ਦੇਂਦਾ॥

### ਹੀਰ

ਪੰਜਾਬੀ ਲਿਟ੍ਰੇਚਰ ਵਿੱਚ ਸਭ ਤੋਂ ਦਲੇਰ ਤੇ ਹੌਸਲੇ ਵਾਲੀ "ਹੀਰੋਇਨ" ਨਾਇਕਾ ਹੈ। ਰੂਪ ਦਾ ਨਮੂਨਾ, ਜੋਬਨ ਵਿਚ ਮੱਤੀ, ਜਵਾਨੀ ਦਾ ਲੋਹੜ, ਕੁਝ ਪਿਓ ਦੀ ਦੌਲਤ ਦਾ ਮਾਣ, ਏਹ ਸਾਰੇ ਸਾਮਾਨ ਅਜੇਹੇ ਸਨ ਕਿ ਹੀਰ ਕਿਸੇ ਨੂੰ ਅੱਖ ਹੇਠ ਨਹੀਂ ਲਿਆਉਂਦੀ ਸੀ। ਇਕ ਫਾਥੀ ਤਾਂ ਰਾਂਝੇ ਦੇ ਇਸ਼ਕ ਈ ਫਾਥੀ, ਅਜੇਹੀ ਫਾਥੀ, ਕਿ ਫਟਕਨ ਕੇਹਾ। ਹੀਰ ਅਕਲ ਦੀ ਪੁਤਲੀ ਸੀ, ਇਲਮ ਵੀ ਸਿੱਖੀ, ਦੀਨੀ ਕਿਤਾਬਾਂ ਵਿਚ ਵੀ ਪਰਪੱਕ, ਤੀਵੀਂ ਹੋਕੇ ਨਧੜਕ, ਕਾਜ਼ੀਆਂ ਨੂੰ ਉਹ ਜਵਾਬ ਸੁਨਾਏ ਕਿ ਪਚੀ ਕਰਾਏ, ਕੋਈ ਉੱਤਰ ਨਾਂ ਬਨ ਆਏ। ਮਾਂ ਨੂੰ ਤੇ ਐਂਜ ਪੈਂਦੀ ਸੀ ਜੀਕਨ ਕੱਲ ਦੀ ਜਾਈ ਹੁੰਦੀ ਹੈ। ਪਿਉ ਵੀ ਵਿਚਾਰਾ ਇਸ ਅੱਗੇ ਨਹੀਂ ਸੀ ਬੋਲਦਾ। ਘਰ ਵਿਚ ਪ੍ਰਧਾਨ ਸੀ, ਮਾਪਿਆਂ ਦੀ ਇਕ ਧੀ, ਵੀਰਾਂ ਦੀ ਇਕ ਭੈਣ। ਲਾਡਾਂ ਵਿਚ ਪਲੀ ਸਹੇਲੀਆਂ ਵਿਚ

ਖੇਡੀ, ਪਰ ਈਕਨ ਕਿ ਸਾਰੀਆਂ ਇਸੇ ਨੂੰ ਰਾਨੀ ਮੰਨਦੀਆਂ, ਇਸੇ ਦੀ ਈਨੇਂ ਟੁਰਦੀਆਂ । ਜਿਉਂ ਜੰਮੀ ਇਸਦਾ ਕੇਹਾ ਕਿਸੇ ਨਾ ਮੋੜਿਆ। ਅਜੇਹੀ ਨੱਢੀ, ਹਾਏ ਹੈਂ ਸਿਆਰੇ ਇਸ਼ਕ ਨੇ ਅਪਨੇ ਜਾਲ ਵਿਚ ਫਸਾਈ। ਅਜੇਹੀ ਫਸਾਈ ਕਿ ਸਾਰੀ ਬੁੱਧ ਭੁਲਾਈ । ਉਹ ਸਲੇਟੀ; ਮੁਸ਼ਕ ਤੇ ਪਟ ਲਪੇਟੀ, ਦੁਖਾਂ ਦੇ ਮੂੰਹ ਆਈ ਹਾਏ ਇਸ਼ਕ ਤੂੰ ਸਭਨਾਂ ਨਾਲ ਈ ਅਜੇਹੀ ਕੀਤੀ ॥

ਏਸ ਇਸ਼ਕ ਨੇ ਵੇਖ ਫਰਿਹਾਦ ਕੁੱਠਾ, ਕੀਤੀਆਂ ਯੂਸਫੇ ਨਾਲ
ਖਵਾਰੀਆਂ ਨੀ। ਰੋੜਾ ਵੱਢਕੇ ਡੱਕਰੇ ਨਦੀ ਪਾਇਆ ਤੇ
ਜਲਾਲੀ ਨੇ ਅੱਖੀਂ ਉਘਾੜੀਆਂ ਨੀ। ਜਿੱਥੇ ਇਸ਼ਕ ਦਰਿਆ
ਦੀ ਮੌਜ ਆਵੇ ਉਥੇ ਔਖੀਆਂ ਤਰਨੀਆਂ ਤਾਰੀਆਂ ਨੀ।
ਵਾਰਸ ਸ਼ਾਹ ਜਹਾਨ ਦੀ ਚਲਨ ਨਿਆਰੀ ਅਤੇ ਇਸ਼ਕ
ਦੀਆਂ ਧੁਜਾਂ ਨਿਆਰੀਆਂ ਨੀ।

ਜਦ ਪੱਤਨ ਤੇ ਅਪਨੀ ਸੇਜ ਤੇ ਸੁੱਤੇ ਹੋਏ ਰੰਝੇਟੇ ਦੀ ਖਬਰ ਸਨੀ, ਤਾਂ ਅਪਨੀ ਸਹੇਲੀਆਂ ਦੀ ਫੌਜ ਲੈ ਘਾਟਤੇ ਪੁੱਜੀ, ਆਉਂਦਿਆਂ ਈ ਲੁੱਡਨ ਦੀ ਛਮਕਾਂ ਨਾਲ ਸਾਰ ਪੁੱਛੀ, ਰਾਂਝੇ ਵੱਲ ਗੁੱਸੇ ਨਾਲ ਮੁੜਕੇ ਅਰ ਕੜਕ ਕੇ ਬੋਲੀ, ਪਰ ਜਦ ਰਾਂਝੇ ਨੇ ਅੱਖ ਖੋਲ੍ਹ, ਮੂੰਹ ਮੋੜੀ, ਆਖਿਆ "ਵਾਹ ਸਜਨ" ਤਾਂ ਬੱਸ ਇਸ਼ਕ ਵਿਚ ਮੋਹਤ ਹੋ ਗਈ। ਫੇਰ ਰਾਂਝੇ ਨਾਲ ਕੌਲ ਕਰਾਰ ਕਰ ਆਪਣੇ ਯਾਰ ਨੂੰ ਘਰ ਈ ਲੈ ਟੁਰੀ। ਰਾਂਝਾ ਵੀ ਇਸਦਾ ਹੁਕਮ ਮੰਨੇ, ਜਦ ਘਰ ਆਈ, ਤਾਂ ਰਤੀ ਨਹੀਂ ਡਰੀ, ਝੱਟ ਰਾਂਝੇ ਨੂੰ ਅਪਨੇ ਪਿਓ ਪਾਸ ਲਜਾਂਦੀ ਹੈ ਅਰ ਆਖਦੀ ਹੈ ।

ਮੇਰੀ ਜਾਨ ਬਾਬਲ ਜੀਵੇਂ ਧੌਲ ਰਾਜਾ, ਮਾਹੀਂ ਮੇਹੀਂ ਦਾ
ਢੂੰਡ ਲਿਆਈਆਂ ਮੈਂ ॥

ਚੂਚਕ ਰਾਂਝੇ ਨੂੰ ਵੇਖ ਆਖਦਾ ਹੈ:-

ਬਾਪ ਹੱਸਕੇ ਪੁੱਛਦਾ ਕੌਨ ਹੁੰਦਾ ਏਹ ਮੁੰਡੜਾ ਕਿਤ ਸਰਕਾਰ ਦਾ ਏ। ਹੱਥ ਲਾਇਆ ਪਿੰਡੇ ਤੇ ਦਾਗ ਪੈਂਦਾ, ਏਹ ਮਹੀਂ ਦੇ ਨਾ ਦਰਕਾਰ ਦਾ ਏ ॥

ਹੀਰ ਆਖਦੀ ਹੈ;–

ਸੁਗੜ ਚਤਰ ਤੇ ਅਕਲ ਦਾ ਕੋਟ ਨੱਢਾ, ਮੇਹੀਂ ਬਹੁਤ ਸਮਾਲ ਕੇ ਚਾਰਦਾ ਏ। ਹਿਕੇ ਨਾਲ ਪਿਆਰ ਦੇ ਹੂੰਗ ਦੇਕੇ, ਸੋਟਾ ਸਿੰਗ ਤੇ ਮੂਲ ਨਾ ਮਾਰਦਾ ਏ ॥

ਚੂਚਕ ਆਖਦਾ ਹੈ;–

ਤਬਾ ਏਸ ਦੀ ਬਹੁਤ ਹਲੀਮ ਦਿਸੇ, ਨੈਨਾਂ ਨਾਲ ਕਰਦਾ ਲੋਟ ਪੋਟ ਹੈ ਨੀ। ਦਰਸ ਪਰਸ ਚੰਗੀ ਅਜੇ ਹੈ ਜਾਤਕ, ਮੁੰਡਾ ਜਾਪਦਾ ਹੋਗ ਗਭਰੂਟ ਹੈ ਨੀ। ਕੇਹੜੇ ਚੌਧਰੀ ਦਾ ਪੁਤਰ ਕੌਨ ਜਾਤੋਂ ਕੇਹਾ ਅਕਲ ਸ਼ਊਰ ਦਾ ਕੋਟ ਹੈ ਨੀ। ਏਹਨੂੰ ਰਿਜ਼ਕ ਨੇ ਆਨ ਉਦਾਸ ਕੀਤਾ, ਏਹਨੂੰ ਕੇਹੜੇ ਪੀਰ ਦੀ ਓਟ ਹੈ ਨੀ॥

ਹੀਰ ਦਾ ਜਵਾਬ ਤਿਆਰ, ਰਤੀ ਸੰਗ ਨਹੀਂ, ਡਰ ਨਹੀਂ, ਨਧੜਕ ਆਖਦੀ ਹੈ ॥

ਪੁਤਰ ਤਖਤ ਹਜ਼ਾਰੇ ਦੇ ਚੌਧਰੀ ਦਾ, ਰਾਂਝਾ ਜ਼ਾਤ ਦਾ ਜੱਟ ਅਸੀਲ ਹੈ ਜੀ। ਉਸਦਾ ਬੀਬੜਾ ਮੁੱਖ ਤੇ ਨੈਨ ਨਿੰਮੇ, ਵੱਡੀ ਸੋਹਨੀ ਇਸ ਦੀ ਡੀਲ ਹੈ ਜੀ। ਸੈਆਂ ਜਵਾਨਾਂ ਦਾ ਭਲਾ ਹੈ ਚਾਕ ਰਾਂਝਾ, ਜਿਥੇ ਨਿੱਤ ਪੈਂਦੇ ਲੱਖ ਫੇਰਿਆਂ ਦੇ। ਵਿਚ ਮਾਲ ਦੇ ਰਹੇ ਦਲੇਰ ਖੜਾ, ਪੈਹਲਵਾਨ ਜੁ ਵਿਚ ਅਖਾੜਿਆਂ ਦੇ। ਸਾਨੂੰ ਰੱਬ ਨੇ ਆਨ ਮਿਲਾਇਆਏ, ਮੈਂ ਤੇ ਪਾ ਰੱਖਾਂ ਵਿਚ ਧੀਰੀਆਂ ਦੇ ॥

ਅੰਤ ਚੂਚਕ ਅਪਨੀ ਪਿਆਰੀ ਧੀ ਦੇ ਕੈਹਨੇ ਨੂੰ ਮੰਨਦਾ ਅਰ ਰਾਂਝੇ ਨੂੰ ਜਾਨ ਬੁਝ ਕੇ ਚਾਕ ਰਖਦਾ ਹੈ। ਪਿਛਲੇ ਜ਼ਮਾਨੇ ਦੇ ਲੋਕ ਵੀ ਸਿੱਧੇ ਹੁੰਦੇ ਸਨ ॥

ਤੇਰਾ ਆਖਣਾਂ ਅਸਾਂ ਮਨਜ਼ੂਰ ਕੀਤਾ, ਮੱਝੀਂ ਦੇਹ ਸਮਾਲ ਕੇ ਸਾਰੀਆਂ ਨੀ। ਖਬਰਦਾਰ ਰਹੇ ਮੱਝੀਂ ਵਿਚ ਖੜਾ, ਬੇਲੇ ਵਿਚ ਮੁਸੀਬਤਾਂ ਭਾਰੀਆਂ ਨੀ। ਰਲਾ ਕਰੇ ਨਹੀਂ ਨਾਲ ਖੰਧਿਆਂ ਦੇ, ਏਸ ਕਦੀ ਨਹੀਂ ਮੱਝੀਂ ਚਾਰੀਆਂ ਨੀ॥ ਮਤਾਂ ਖੇਤ ਰੁੱਝੇ ਖੜੀਆਂ ਜਾਨ ਮੱਝੀਂ, ਹੋਵਣ ਪਿੰਡ ਦੇ ਵਿਚ ਖਵਾਰੀਆਂ ਨੀ।

ਪਿਉ ਨੂੰ ਮਨਾ, ਮਾਂ ਕੋਲ ਆਉਂਦੀ ਹੈ, ਅਰ ਬੜੇ ਲਾਡ ਨਾਲ ਕਹਿੰਦੀ ਹੈ॥

ਪਾਸ ਮਾਉਂ ਦੇ ਹੀਰ ਆ ਗੱਲ ਕੀਤੀ, ਮਾਹੀ ਮਹੀਂ ਦਾ ਆਕੇ ਛੇੜਿਆ ਮੈਂ। ਨਿੱਤ ਪਿੰਡ ਦੇ ਵਿਚ ਵਿਚਾਰ ਪੌਂਦੀ ਏਹੋ ਝਗੜਾ ਚਾਏ ਨਬੇੜਿਆ ਮੈਂ॥

ਕੇਹਾ ਝਗੜਾ ਨਬੇੜਿਆ, ਘਰ ਯਾਰ ਲਿਆ ਬਹਾਲਿਆ' ਨਾਲੇ ਮਾਪਿਆਂ ਤੇ ਹਸਾਨ। ਏਧਰ ਤੇ ਏਹ ਓਧਰ ਰਾਂਝੇ ਨੂੰ ਧੀਰਜ ਦੇ ਕੇ ਆਖਦੀ ਹੈ॥

ਮੱਖਨ ਖੰਡ ਪਰਾਉਂਠੇ ਖਾਓ ਮੀਆਂ, ਮਹੀਂ ਛੇੜਦੇ ਰੱਬ ਦੇ ਆਸਰੇ ਤੇ। ਹੱਸ ਖੇਡ ਰੰਝੇਟਿਆ ਜ਼ਾਲ ਮੀਆਂ, ਗੁਜ਼ਰ ਆਵਸੀ ਦੁੱਧ ਦੇ ਕਾਸੜੇ ਤੇ। ਹੀਰ ਚਾਏਭੱਤਾ, ਦੁੱਧ ਖੰਡ ਚਾਵਲ, ਮੀਏਂ ਰਾਂਝੇ ਦੇ ਪਾਸ ਲੈ ਧਾਂਵਦੀ ਹੈ। ਢੂੰਡ ਭਾਲਕੇ ਜੂਹ ਸਭ ਝੱਲ ਬੇਲਾਂ, ਤੁਰਤ ਪਾਸ ਰੰਝੇਟੇ ਦੇ ਆਂਵਦੀ ਹੈ॥

ਵਾਹ ਹੀਰੇ ਤੇਰੇ ਕਰਤੱਬ! "ਓਧਰ ਮਾਂ ਪਿਓ ਪਤਿਆਏ ਏਧਰ ਯਾਰ ਰਿਝਾਏ" ਸਾਰੇ ਪਾਸੇ ਪੂਰੀ ਉਤਰੇਂ। ਹੀਰ ਨੂੰ ਡਰਸੀਤਾਂ

ਲੰਙੇ ਕੈਦੋ ਦਾ, ਉਹਚੁਗਲਖੋਰ ਪੂਰਾ ਸੀ, ਪਰ ਹੈਸੀ ਬੜਬੋਲਾ। ਉਹਵੀ ਝਾਕਦਾ ਬੇਲੇ ਦੀ ਖੋਜ ਤੇ ਪੁੱਜਾ, ਅਰ ਰਾਂਝੇ ਕੋਲੋਂ ਚੂਰੀ ਦਾ ਰੁੱਗ ਮੰਗ ਕੇ ਭੰਨਾਂ। ਹੀਰ ਮੁੜੀ ਤਾਂ ਪੁੱਛਿਆ "ਰਾਂਝਾ ਕੋਈ ਆਇਆ ਸੀ" ਰਾਂਝੇ ਆਖਿਆ ਇਕ ਲੰਙਾ ਫ਼ਕੀਰ, ਜੋ ਚੂਰੀ ਦਾ ਰੁੱਗ ਲੈ ਗਿਆ ਏ। ਹੀਰ ਹਰਾਨ ! ਪਰ ਦੌੜੀ ਪਿਛੇ ਲੰਙੇ ਦੇ, ਅਰ ਉਸ ਨੂੰ ਫੜ ਖੂਬ ਮਾਰ ਕੀਤੀ। ਰਤੀ ਨਹੀਂ ਡਰੀ। ਅਜੇਹੀ ਨਧੜਕ ਨੱਢੀ, ਸ਼ੀਹਣੀ ਸੀ, ਤਾਹੀਂ ਤੇ ਇਸ਼ਕ ਦੇ ਤੋਲ ਵਿਚ ਪੂਰੀ ਉਤਰੀ, ਲਿਖਿਆ ਹੈ:—

> ਹੀਰ ਆਖਿਆ ਰਾਂਝਿਆ ਬੁਰਾ ਕੀਤੋ, ਸਾਡਾ ਕੰਮ ਹੈ ਨਾਲ ਵੈਰਾਈਆਂ ਦੇ ! ਸਾਡੇ ਖੋਜ ਨੂੰ ਤਕ ਕੇ ਕਰੇ ਚੁਗਲੀ, ਦਿਨੇ ਰਾਤ ਹੈ ਵਿਚ ਬੁਰਿਆਈਆਂ ਦੇ। ਮਿਲੇ ਸਿਰਾਂ ਨੂੰ ਏਹ ਵਿਛੋੜ ਦੇਂਦਾ, ਭੰਗ ਘੱਤਦਾ ਵਿਚ ਕੁੜਮਾਈਆਂ ਦੇ।ਬਾਬਲ ਅੰਬੜੀ ਤੇ ਜਾਇ ਠਿੱਠ ਕਰਸੀ, ਨਾਲੇ ਆਖਸੀ ਪਾਸ ਭਰਜਾ-ਈਆਂ ਦੇ ॥

ਏਹ ਕੈਹ ਭੱਜੀ:—

> ਮਿਲੀ ਰਾਹ ਵਿਚ ਦੌੜਕੇ ਆਨ ਨੱਢੀ, ਪੈਹਲੋਂ ਨਾਲ ਫਰੇਬ ਦੇ ਚੱਟਿਆ ਸੂ। ਨੇੜੇ ਆਨ ਕੇ ਸ਼ੀਹਣੀ ਵਾਂਗ ਗੱਜੀ ਅੱਖੀਂ ਰੋਹ ਦੀ ਨੀਰ ਪਲੱਟਿਆ ਸੂ ॥ ਸਿਰੋਂ ਲਾਹ ਟੋਪੀ ਗਲੋਂ ਤ੍ਰੋੜ ਸੇਹਲੀ ਲਕੋਂ ਚਾਇ ਜ਼ਮੀਨ ਤੇ ਸਟਿਆ ਸੂ। ਪਕੜ ਜਿਮੀਂ ਤੇ ਮਾਰਿਆ ਨਾਲ ਗੁਸੇ ਧੋਬੀ ਪਟੜੇ ਤੇ ਖੋਸ ਛੱਟਿਆ ਸੂ ॥

ਹੁਨ ਮਾਰ ਕੁਟ ਤੇ ਬਥੇਰੀ ਕੀਤੀ, ਪਰ ਕੈਦੋ ਵੀ ਚੂਰੀ ਚੁਕ ਪਿੰਡ ਜਾ ਈ ਪੁਜਾ, ਜਾਕੇ ਪਰ੍ਹੇ ਵਿਚ ਚੂਚਕ ਨੂੰ ਦੱਸੀ, ਉੱਧਰ ਮਲਕੀ ਨੂੰ ਭੀ ਜਾਕੇ ਹੀਰ ਦੀਆਂ ਕਰਤੂਤਾਂ ਦੱਸੀਆਂ; ਹੀਰ ਵੀ ਜਾਨਦੀ ਸੀ ਏ ਹੋਨਾ ਏਂ । ਪਰ ਘਬਰਾਈ ਨਹੀਂ ਹੌਸਲਾ ਰੱਖਿਆ। ਜਦ ਮਾਂ ਪਿਓ

ਨੇ ਝਿੜਕਿਆ, ਘੜਾ ਘੜਾਇਆ ਜਵਾਬ ਦਿਤਾ । ਕਦੀ ਮਿੰਨਤ ਕੀਤੀ ਕਦੀ ਡਰਾਇਆ। ਕਦੀ ਰਬ ਦਾ ਖੌਫ ਦਿਵਾਇਆ। ਅਚਰਜ ਨੱਢੀ ਸੀ; ਸੌ ਰੰਗ ਵਿਚ ਖੇਡਦੀ ਸੀ, ਜਦ ਬੋਲਿਓਂ ਮੁੜੀ ਤਾਂ ਆ ਮਾਂ ਨੂੰ ਪਿਆਰ ਨਾਲ ਆਖਦੀ ਹੈ:–

ਹੀਰ ਆਇਕੇ ਹਸਕੇ ਆਖਦੀ ਹੈ, ਅਨੀ ਝਾਤ ਨੀ ਅੰਬੜੀ ਮੇਰੀਏ ਨੀ ॥

ਮਾਂ ਬੋਲੀ ਗੁਸੇ ਵਿਚ:–

ਤੈਨੂੰ ਡੂੰਘੜੇ ਖੂਹ ਦੇ ਵਿਚ ਬੋੜਾਂ, ਗਲ ਪੱਟੀ ਆ ਬੱਚੀਏ ਮੇਰੀਏ ਨੀ। ਧੀ ਜੁਆਨ ਜੇ ਕਿਸੇ ਦੀ ਬੁਰੀ ਹੋਵੇ, ਚੁਪ ਕੀਤਿਆਂ ਚਾਇ ਨਬੇੜੀਏ ਨੀ ॥

ਤੇਰੇ ਵੀਰ ਸੁਲਤਾਨਨੂੰ ਖਬਰਹੋਵੇ, ਫਿਕਰਕਰੇ ਉਹਤੇਰੇਮਕਾਵਨੇ ਦਾ। ਚੂਚਕ ਬਾਪ ਦੇ ਰਾਜ ਨੂੰ ਲੀਕ ਲਾਈ ਆ, ਕੇਹਾ ਫਾਇਦਾ ਮਾਪਿਆਂ ਤਾਵਨੇ ਦਾ। ਨੱਕ ਵਢਕੇ ਕੋੜਮਾ ਗਾਲਿਓ ਈ, ਹੋਇਆ ਫਾਇਦਾ ਲਾਡ ਲਡਾਵਨੇ ਦਾ। ਰਾਤੀਂ ਚਾਕ ਨੂੰ ਚੱਕ ਜਵਾਬ ਦੇਸਾਂ, ਨਹੀਂ ਸ਼ੌਕ ਹੈ ਮਹੀਂ ਚਰਾਵਨੇ ਦਾ।

ਹੀਰ ਸੁਨਕੇ ਡਰੀ ਨਹੀਂ, ਅਪਨਾ ਇਸ਼ਕ ਛਪਾਇਆ ਨਹੀਂ ਉੱਤਰ ਦਿਤਾ:–

ਮਾਏ ਰੱਬ ਨੇ ਚਾਕ ਘਰ ਘੱਲਿਆ ਸੀ, ਤੇਰੇ ਹੋਨ ਨਸੀਬ ਜੇ ਧੁਰੋਂ ਚੰਗੇ। ਇਹੋ ਜਿਹੇ ਜੋ ਆਦਮੀ ਹੱਥ ਆਵਨ, ਸਾਰਾ ਮੁਲਕ ਈ ਰੱਬ ਤੋਂ ਦੁਆ ਮੰਗੇ। ਜੇਹੜੇ ਰਬ ਕੀਤੇ ਕੰਮ ਹੋ ਰਹੇ ਸਾਨੂੰ ਮਾਉ ਕਿਉਂ ਗੈਬ ਦੇ ਦਏਂ ਪੰਗੇ। ਕੁਲ ਸਿਆਨੀਆਂ ਮਲਕੀ ਨੂੰ ਮੱਤ ਦਿਤੀ ਤੇਰਾ ਮੇਹਰੀਆਂ ਇਸ਼ਕ ਨਾ ਕਰੋ ਨੰਗੇ। ਨਾ ਛੇੜੀਏ ਰਬ ਦੇ ਪੂਰਿਆਂ ਨੂੰ, ਜਿਨ੍ਹਾਂ ਕੱਪੜੇ ਖਾਕ ਦੇ ਵਿਚ

ਰੰਗੇ। ਜਿਨ੍ਹਾਂ ਇਸ਼ਕ ਦੇ ਮਾਮਲੇ ਸਿਰੀਂ ਚਾਏ, ਵਾਰਸਸ਼ਾਹ
ਨਾ ਕਿਸੇ ਤੋਂ, ਰੈਹਨ ਸੰਗੇ।

ਮਾਂ ਵੀ ਧੀ ਦੇ ਰੰਗ ਵੇਖ ਹੈਰਾਨ। ਕਰੇ ਕੀ ਕੁਖ ਦੀ ਜੰਮੀਂ ਦੇ ਏਹ ਕਾਰੇ। ਜੇ ਆਪ ਓਸ ਤਾਈਂ ਬੁਰਿਆਰੇ ਤਾਂ ਅਪਨਾ ਈ ਨੱਕ ਵਢਾਏ। ਅੰਤ ਚੂਚਕ ਨਾਲ ਸਲਾਹ ਕਰਕੇ ਰਾਂਝੇ ਨੂੰ ਘਰੋਂ ਕਢ ਦਿਤਾ ਤਾਂ ਹੀਰ ਆਕੇ ਮਾਂ ਨੂੰ ਆਖਦੀ ਹੈ:—

ਅੰਮਾ ਚਾਕ ਤਰਾਹਿਆ ਚਾਇ ਬਾਬਲ, ਏਸ ਗੱਲ ਉੱਤੇ
ਬਹੁਤ ਖੁਸ਼ੀ ਹੈ ਨੀ ਰਬ ਉਸ ਨੂੰ ਰਿਜ਼ਕ ਹੈ ਦੇਨ ਹਾਰਾ,
ਕੋਈ ਉਸ ਦੇ ਰਿਜ਼ਕ ਨਾ ਤੁਸੀ ਹੈ ਨੀ। ਮੇਹੀਂ ਹੋਨ ਖਰਾਬ
ਵਿਚ ਬੇਲਿਆਂ ਦੇ, ਇਨ੍ਹਾਂ ਚਾਵਣਿਆਂ ਤੇ ਬਹੁਤ ਸੁਖੀ ਹੈ ਨੀ।
ਵਾਰਸ ਸ਼ਾਹ ਔਲਾਦ ਨਾ ਮਾਲ ਰੈਹਸੀਂ ਜਿਸ ਦਾ ਹੱਕ ਖੁੱਥਾ
ਉਹ ਤਾਂ ਦੁਖੀ ਹੈ ਨੀ॥

ਜਦ ਹੀਰ ਦੇ ਭਰਾ ਨੇ ਵੀ ਭੈਣ ਨੂੰ ਆਖਿਆ ਕਿ ਚਾਕ ਦ ਪਿਛਾ ਛੱਡ ਦੇ; ਭਾਵੇਂ ਏਹ ਹੀਰ ਨੂੰ ਸਿੱਧਾ ਨਾ ਆਖਿਆ ਸ਼ਰਮ ਰਖੀ, ਮਾਂ ਵੱਲ ਮੂੰਹ ਕਰਕੇ ਈ ਆਖਿਆ, ਪਰ ਹੀਰ ਵੀ ਬੈਠੀ ਸੀ॥

ਅਸਾਂ ਫੇਰ ਜੇ ਬਾਹਰ ਡਿੱਠੀਆਈ, ਸੱਟਾਂ ਏਸ ਨੂੰ ਜਾਨ ਤੋਂ
ਮਾਰ ਅੱਮਾਂ। ਤੇਰੇ ਆਖਿਆਂ ਸਤਰ ਜੇ ਬਹੇ ਨਾਹੀਂ, ਫੇਰਾਂ
ਏਸ ਦੀ ਧੌਨ ਤਲਵਾਰ ਅੱਮਾਂ। ਚਾਕ ਵੜੇ ਨਾਹੀਂ ਸਾਡੇ ਵਿਚ
ਵੇੜ੍ਹੇ, ਨਹੀਂ ਡੱਕਰੇ ਕਰਾਂਗਾ ਚਾਰ ਅੱਮਾਂ। ਜੇ ਧੀ ਨਾ ਹੁਕਮ
ਵਿਚ ਰੱਖੀਆ ਈ, ਸਭੋ ਸਾੜ ਸੁਟੋ ਘਰ ਬਾਰ ਅੱਮਾਂ।

ਹੀਰ ਵੀ ਕੋਲ ਬੈਠੀ ਸੁਨਦੀ ਸੀ, ਉਹ ਮਿੱਟੀ ਦੀ ਤੇ ਘੜੀ ਈ ਨਾਂ ਸੀ ਕਿ ਚੁਪ ਕਰ ਰੈਂਹਦੀ। ਬੋਲੀ, ਪਰ ਨਵੇਂ ਰੰਗ ਵਿਚ ਖੇਡੀ:——

ਅੱਖੀ ਲੱਗੀਆਂ ਮੁੜਨ ਨਾ ਵੀਰ ਮੇਰੇ, ਬੇਬੇ ਘੋਲ ਘੱਤੀ ਬਲਿਹਾਰੀਆਂ ਵੇ। ਵੈਹਨ ਪਏ ਦਰਿਆਓ ਨਾ ਕਦੇ ਮੁੜਦੇ, ਭਾਵੇਂ ਘੱਤੀਏ ਬੰਨੀਆਂ ਭਾਰੀਆਂ ਵੇ। ਲੋਹੂ ਕੀਕਨੋਂ ਨਿਕਲਨੋਂ ਰਹੇ ਓਥੋਂ, ਜਿੱਥੇ ਲੱਗੀਆਂ ਪ੍ਰੇਮ ਕਟਾਰੀਆਂ ਵੇ। ਲਗੇ ਦਸਤ ਇਕ ਵਾਰ ਨਾ ਬੰਦ ਕੀਜਨ, ਵੈਦ ਲਿੱਖਦੇ ਵੈਦੀਆਂ ਸਾਰੀਆਂ ਵੇ। ਸਿਰ ਦਿੱਤਿਆਂ ਬਾਝ ਨਾ ਇਸ਼ਕ ਪੱਕੇ, ਨਹੀਂ ਏਹ ਸੁਖਾਲੀਆਂ ਯਾਰੀਆਂ ਵੇ। ਵਾਰਸ ਸ਼ਾਹ ਮੀਆਂ ਭਾਈ ਵਰਜਦੇ ਨੀ, ਵੇਖ ਇਸ਼ਕ ਨੇ ਲਾਈਆਂ ਖਵਾਰੀਆਂ ਵੇ॥

ਅੰਤ ਹੀਰ ਈ ਜਿੱਤੀ, ਚਾਕ ਨੂੰ ਮੁੜ ਬੁਲਾਇਆ ਈ ਬੁਲਾਇਆ। ਮਾਪਿਆਂ ਨੂੰ ਅਜੇਹਾ ਡਰਾਇਆ, ਵਿਚਾਰੇ ਫੇਰ ਰਾਂਝੇ ਨੂੰ ਮਨਾਏ ਲਿਆਏ ਅਰ ਹੀਰ ਨੂੰ ਖੁਸ਼ੀ ਕਰਾਇਆ, ਰਾਂਝਾ ਵੀ ਭਾਗਾਂ ਤੇ ਪਿਆ। ਅੰਤ ਮਲਕੀ ਨੇ ਮਿੰਨਤਾਂ ਕੀਤੀਆਂ ਤੇ ਆਇਆ। ਵਾਹ ਹੀਰ, ਤੂੰ ਜਿੱਤੀ ਤੇ ਮਾਪਿਆਂ ਦੇ ਸਿਰ ਜੁੱਤੀ। ਮਾਪਿਆਂ ਨੇ ਹੀਰ ਦੇ ਵਿਆਹ ਦਾ ਆਰੰਭ ਕੀਤਾ ਖੇੜਿਆਂ ਦੇ ਸਾਕ ਕਰ ਦਿਤਾ, ਏਹੀ ਸਮਝਿਆ ਕਿ ਵਿਆਹੀ ਜਾਊ ਤਾਂ ਸਾਡੇ ਘਰੋਂ ਚਾਕ ਦੀ ਬਲਾ ਜਾਊ! ਹੀਰ ਹੁਣ ਵਿਚਾਰੀ ਫਾਥੀ ਡਾਢੀ, ਰਾਂਝੇ ਨੂੰ ਕਿਹਾ ਕਿ ਮੈਨੂੰ ਲੈਕੇ ਨੱਠ ਚਲ; ਰਾਂਝਾ ਨਾ ਮੰਨਿਆਂ, ਅੰਤ ਜੰਞ ਆਈ, ਨਕਾਹ ਹੋਨਲੱਗਾ, ਤਾਂ ਜਦ ਕਾਜ਼ੀ ਇਜ਼ਨ ਲੈਨ ਆਏ ਏਹ ਆਕੜ ਬੈਠੀ, ਉਹ ਜਬਾਬ ਸਵਾਲ ਕੀਤੇ ਕਿ ਮੁੱਲਾਂ ਕਾਜ਼ੀ ਤੰਗ ਆ ਗਏ, ਜਟੀ ਪੜ੍ਹੀ ਹੋਈ ਸੀ, ਇਸ਼ਕ ਦੀ ਸ਼ਾਨ ਤੇ ਚੜ੍ਹੀ ਹੋਈ ਸੀ। ਕਾਜ਼ੀ ਨੂੰ ਆਖਿਆ:–

ਰਜ਼ਾ ਹਕ ਦੀ ਆਸ਼ਕਾਂ ਮੰਨ ਲਈ, ਤੱਕੀ ਹੋਰ ਨਾ ਕਿਤੇ ਪਨਾਹ ਕਾਜ਼ੀ। ਅੱਖਰ ਲੇਖ ਦੇ ਲਿਖੇ ਨਾ ਮੁੜਨ ਹਰਗਿਜ਼, ਕਿਉਂ ਹੋਵਨਾ ਏਂ ਸਮਝ ਗੁਮਰਾਹ ਕਾਜ਼ੀ॥

ਹੀਰ ਆਖਿਆ ਇਸ਼ਕ ਦੇ ਰਾਹ ਪੈਨਾ, ਨਹੀਂ ਕੰਮ ਮੁਲ-
ਵਾਨਿਆਂ ਕਾਜ਼ੀਆਂ ਦਾ। ਏਸ ਇਸ਼ਕ ਮੈਦਾਨ ਦਿਆਂ
ਕੁੱਠਿਆਂ ਨੂੰ, ਰੁਤਬਾ ਕਰਬਲਾ ਦਿਆਂ ਗਾਜ਼ੀਆਂ ਦਾ। ਕਰਕੇ
ਕੌਲ ਜ਼ਬਾਨ ਥੀਂ ਹਾਰ ਜਾਨਾਂ, ਫੇਲ ਬੇਈਮਾਨਾਂ ਧੋਖੇ
ਬਾਜ਼ੀਆਂ ਦਾ। ਰਾਂਝਾ ਨਾਲ ਈਮਾਨ ਕਬੂਲਿਆ ਮੈਂ, ਕਿਉਂ
ਸਿਤਮ ਕਰੋ ਦੂਰ ਦਰਾਜ਼ੀਆਂ ਦਾ ॥

[ਕਾਜ਼ੀ ਤੇ ਡਾਢੀ ਚੋਟ ਕੀਤੀ

ਕਾਜ਼ੀ ਨੇ ਅੰਤ ਵੱਢੀ ਲੈਕ ਬਿਨਾ ਇਜ਼ਨ ਲਿੱਤੇ ਈ ਨਕਾ ਪੜ੍ਹਾਨਾ ਸ਼ੁਰੂ ਕੀਤਾ। ਹੀਰ ਨੇ ਝੱਟ ਆਖਿਆ:-

ਹੀਰ ਅਖਿਆ ਕਾਜ਼ੀਆ ਦਗਾ ਕੀਤੋ, ਕੀ ਵੱਟਨਾਂ ਏਸ
ਜਹਾਨ ਤੋਂ ਜੀ। ਬਿਨਾਂ ਪੁਛਿਆਂ ਪੜ੍ਹੇਂ ਨਿਕਾਹ ਮੇਰਾ,
ਏਹ ਫਤਵਾ ਨਹੀਂ ਕੁਰਾਨ ਤੋਂ ਜੀ। ਲੈਕੇ ਰਿਸ਼ਵਤਾਂ ਕਰੇਂ
ਖੁਸ਼ਾਮਤਾਂ ਤੂੰ ਨਹੀਂ ਸੰਗ ਦਾ ਰੱਬ ਬੁਰਹਾਨ ਤੋਂ ਜੀ। ਜੇਹਾ
ਕੀਤੋ ਈ ਮਿਲੂਗੀ ਸਜ਼ਾ ਤੈਨੂੰ, ਪਾਵੇਂ ਬਦਲਾ ਰੱਬ
ਰੈਹਮਾਨ ਤੋਂ ਜੀ।

ਅਪਨਾਂ ਤੇ ਰਾਂਝੇ ਦਾ ਇਸ਼ਕ ਦੱਸਦੀ ਹੈ:-

ਰਾਂਝੇ ਰੱਬ ਦੇ ਵਿੱਚ ਜੇ ਵਿੱਥ ਜਾਨਾਂ, ਦਰਜੇ ਇਸ਼ਕ ਦੇ
ਕਿਵੇਂ ਡਹੀਨ ਕਾਜ਼ੀ। ਹੁਸਨ ਚਾਕ ਤੇ ਜਲਵਾ ਜ਼ਾਤ ਰੱਬੀ,
ਹੀਰ ਵੇਖਿਆ ਨਾਲ ਯਕੀਨ ਕਾਜ਼ੀ। ਜੀਉਂਦੀ ਜਾਨ ਜੇ
ਕਰਾਂ ਕਬੂਲ ਖੇੜਾ, ਨਿੱਘਰ ਜਾਂ ਮੈਂ ਵਿਚ ਜ਼ਮੀਨ ਕਾਜ਼ੀ।
ਵਾਰਸ ਕੌਲ ਜ਼ਬਾਨ ਤੋਂ ਹਾਰ ਜਾਨਾ, ਨਹੀਂ ਆਸ਼ਕਾਂ ਦਾ
ਮਜ਼ਹਬ ਦੀਨ ਕਾਜ਼ੀ ॥

ਕਵੀ ਜੀ ਨੇ ਇਸ਼ਕ ਦੀ ਕੇਹੀ ਉੱਚੀ ਪਦਵੀ ਦੱਸੀ ਹੈ

ਚੰਗਾ ਨਕਸ਼ਾ ਖਿੱਚਿਆ ਹੈ ਅਰ ਅਖਵਾਇਆ ਹੀਰ ਦੇ ਮੂੰਹੋਂ, ਕੇਹਾ ਫੱਬ ਗਿਆ। ਜਦ ਬਦੋਬਦੀ ਨਕਾਹ ਪੜ੍ਹਿਆ ਗਿਆ ਹੀਰ ਡੋਲੀ ਪਾ ਖੇੜੇ ਲੈ ਟੁਰੇ ਤਾਂ ਰਾਂਝਾ ਮੱਝੀਂ ਹੱਕ ਕੇ ਯਾਰ ਦੇ ਪਿਛੇ ਚੱਲਿਆ ਪਰ ਹੀਰ ਵੀ ਯਾਰ ਨੂੰ ਕਿਥੋਂ ਭੁੱਲ ਜਾਂਦੀ ਪੈਂਡੇ ਟੁਰਦਿਆਂ ਡੋਲੀ ਇਕ ਪਾਸੇ ਹੋਈ ਤਾਂ ਰਾਂਝਾ ਨਾਲ ਨਾਲ ਟੁਰਨ ਲੱਗਾ, ਪਿਆਰ ਦੇ ਹਾਉਕੇ ਲੈਨ ਲੱਗਾ, ਹੀਰ ਤਸੱਲੀ ਦੇਵੇ, ਸਮਝਾਵੇ। ਇਕ ਥਾਂ ਜੰਞ ਨੇ ਬਾਰ ਵਿਚ ਆਰਾਮ ਕੀਤਾ। ਖੇੜੇ ਤੇ ਸ਼ਕਾਰ ਟੁਰ ਗਏ। ਡੋਲੀ ਰਹੀ ਅਕੱਲੀ, ਹੀਰ ਨੇ ਰਾਂਝੇ ਨੂੰ ਡੋਲੇ ਵਿਚ ਬੁਲਾ ਲਿੱਤਾ। ਖੂਬ ਪਕਵਾਨ ਖਵਾਇਆ। ਗਲ ਨਾਲ ਲਾਇਆ ਤੇ ਜੀ ਦੀ ਹਵਾੜ ਕੱਢੀ! ਜਦ ਖੇੜਿਆਂ ਵੇਖਿਆ, ਅਰ ਦੌੜੇ ਆਏ, ਤਾਂ ਹੀਰ ਨੇ ਅਪਨੇ ਗਲ ਦਾ ਹਾਰ ਤੋੜਕੇ ਮੋਤੀ ਚਾ ਖੰਡਾਏ ਅਰ ਰਾਂਝੇ ਹੋਰੀ ਚੁਣਨ ਤੇ ਚਾ ਡਾਹੇ, ਕੇਹਾ ਮਕਰ ਬਨਾਇਆ, ਸ਼ਾਬਾਸ਼ ਹੀਰੇ ਤੇਰਾ ਈ ਕੰਮ ਸੀ। ਖੇੜਿਆਂ ਨੂੰ ਚਾਰ ਵਖਾਇਆ, ਅਰ ਡੋਲੇ ਵਿੱਚ ਯਾਰ ਹੰਢਾਇਆ, ਏਡੀ ਨਿਡੱਰ! ਰੰਗਪੁਰ ਪੌਂਚ ਹੀਰ ਤੇ ਭੋਰੇ ਪੈ ਗਈ। ਰਾਂਝਾ ਵਿਚਾਰਾ ਵੀ ਮੁੜ ਆਇਆ ਪਰ ਹੀਰ ਨੇ ਆਖ ਦਿੱਤਾ ਸੀ ਕਿ ਜੋਗੀ ਬਨਕੇ ਫੇਰਾ ਪਾਵੀਂ, ਖੇੜਿਆਂ ਦੇ ਘਰੀਂ ਅਲਖ ਜਗਾਵੀਂ:—

> ਤੈਨੂੰ ਹਾਲ ਜੀ ਗਲ ਮੈਂ ਲਿਖ ਘੱਲਾਂ, ਤੁਰਤ ਹੋ ਫਕੀਰ ਤੈਂ ਆਵਨਾਈਂ। ਕਿਸੇ ਜੋਗੀ ਤੇ ਜਾਕੇ ਬਨੀਂ ਚੇਲਾ, ਸਵਾਹ ਲਾਕੇ ਕੰਨ ਪੜਾਵਨਾਈਂ। ਸਭੇ ਜ਼ਾਤ ਸਫਾਤ ਬਰਬਾਦ ਕਰਕੇ, ਅਤੇ ਠੀਕ ਤੈਂ ਸੀਸ ਮੁਨਾਵਨਾ ਈਂ। ਤੂੰਹੀਂ ਜੀਂਵਦਿਆਂ ਦੇਈਂ ਦਰਸ ਸਾਨੂੰ, ਅਸਾਂ ਵੱਤ ਨਾ ਜੀਂਵਦਿਆਂ ਆਵਨਾ ਈਂ।

ਏਹ ਤੇ ਵਿਆਹ ਦੇ ਪਿਛੋਂ ਦਾ ਹਾਲ ਹੈ। ਜਦੋਂ ਅਜੇ ਜੰਞ ਆਨ ਵਾਲੀ ਸੀ ਰਾਂਝੇ ਦੀਆਂ ਭਰਜਾਈਆਂ ਨੂੰ ਵੀ ਖਬਰ ਹੋ ਗਈ

ਤਾਂ ਉਨ੍ਹਾਂ ਨੇ ਰਾਂਝੇ ਨੂੰ ਖਤ ਲਿਖਿਆ ਨਾਲ ਹੀ ਹੀਰ ਨੂੰ ਖਤ ਲਿਖਿਆ ਕਿ ਕਿਸੇ ਤਰ੍ਹਾਂ ਰਾਂਝੇ ਨੂੰ ਮੋੜੋ, ਹੁਨ ਤੁਹਾਡਾ ਵਿਆਹ ਤੇ ਖੇੜਿਆਂ ਦੇ ਹੋਨਾ ਏ ਸਾਡੇ ਦੇਉਰ ਨੂੰ ਤੇ ਮੋੜ ਘੱਲੋ।

ਖਤ ਕੀ ਸੀ:-

ਜੇ ਤੂੰ ਸੋਹਣੀ ਹੋਇਕੇ ਪਵੇਂ ਸੌਂਕਣ, ਅਸੀ ਇਕ ਤੋਂ ਇਕ ਚੜ੍ਹਦੀਆਂ ਹਾਂ। ਰੱਬ ਜਾਣਦਾ ਸਾਡੜੀ ਉਮਰ ਸਾਰੀ, ਅਸੀਂ ਏਸ ਮਹਬੂਬ ਦੀਆਂ ਬੰਦੀਆਂ ਹਾਂ। ਅਸੀਂ ਏਸ ਦੇ ਮਗਰ ਦੀਵਾਨੀਆਂ ਹਾਂ, ਭਾਵੇਂ ਚੰਗੀਆਂ ਤੇ ਭਾਵੇਂ ਮੰਦੀਆਂ ਹਾਂ। ਏਹ ਅਸਾਂ ਦੇ ਨਾਲ ਹੈ ਚੰਦ ਬਣਦਾ, ਅਸੀਂ ਖਿੱਤੀਆਂ ਨਾਲ ਬਣੰਦੀਆਂ ਹਾਂ। ਜਿਸ ਵੇਲੜੇ ਦਾ ਸਾਥੋਂ ਰੁੱਸ ਆਇਆ, ਅਸੀਂ ਹੰਝੂ ਰੱਤ ਦੀਆਂ ਰੋਂਦੀਆਂ ਹਾਂ। ਰਾਂਝੇ ਲਾਲ ਬਾਝੋਂ ਅਸੀਂ ਖੁਆਰ ਹੋਈਆਂ, ਕੂੰਜਾਂ ਡਾਰ ਥੀਂ ਜਿਵੇ ਵਿਛੁੰਨੀਆਂ ਹਾਂ॥

ਹੀਰ ਨੇ ਤੁਰਤ ਜਵਾਬ ਦਿਤਾ—

ਨੀ ਮੈਂ ਘੋਲ ਘੱਤੀ ਇਸ ਦੇ ਮੁੱਖੜੇ ਤੋਂ, ਪਾਓ ਦੁੱਧ ਚਾਵਲ ਇਸਦਾ ਕੂਤ ਏ ਨੀ। ਨਹੀ ਭਾਬੀਆਂ ਤੇ ਕਰਤੂਤ ਕਾਈ, ਸੱਭਾ ਲੜਨ ਨੂੰ ਬਨੀਆਂ ਮਜ਼ਬੂਤ ਹੈ ਨੀ। ਜਦੋਂ ਤੁਸਾਂ ਤੇ ਸੀ ਮੇਹਣੇ ਮਾਰਦੀਆਂ ਸੌ, ਏਹ ਤਾਂ ਊਤਨੀ ਦਾ ਕੋਈ ਊਤ ਹੈ ਨੀ। ਮਾਰਿਆ ਤੁਸਾਡਿਆਂ ਮੇਹਣਿਆਂ ਗਾਲੀਆਂ ਦਾ, ਉਹ ਤੇ ਸੁਕਕੇ ਹੋਇਆ ਤਬੂਤ ਹੈ ਨੀ ਸੌਂਪ ਪੀਰਾਂ ਨੂੰ ਝੱਲ ਵਿਚ ਛੋੜਨੀ ਹਾਂ, ਇਹਦੀ ਮੱਦਤ ਖਿਜ਼ਰ ਤੇ ਲੂਤ ਹੈ ਨੀ। ਵਾਰਸਸ਼ਾਹ ਫਿਰਾਂ ਉਸਦੇ ਮਗਰ ਲੱਗੀ, ਅਜ ਤੀਕ ਏਹ ਰਹਿਆ ਅਛੂਤ ਹੈ ਨੀ।

ਬਾਵਾ ਸ਼ੈ ਰਾਂਝਿਆ, ਕਾਮ ਦੇ ਵੱਸ ਨਹੀਂ ਹੋਇਆ ॥

ਤੁਸੀ ਇਸ ਦੇ ਮਗਰ ਨਾ ਪਵੋ ਅੜੀਓ, ਕੁਝ ਖਟੀ ਨਹੀਂ ਏਸ ਵਿਪਾਰ ਉਤੋਂ । ਨੀ ਮੈਂ ਜੀਂਵਦੀ ਏਸ ਬਿਨ ਰਹੀ ਕੀਕੂੰ; ਘੋਲ ਘੋਲ ਘੱਤੀ ਰਾਂਝੇ ਯਾਰ ਉਤੋਂ । ਨੱਢੀ ਆਖਸਣ ਝਗੜਦੀ ਨਾਲ ਲੋਕਾਂ, ਏਸ ਸੋਹਣੇ ਬੰਬੜੇ ਯਾਰ ਉਤੋਂ । ਵਾਰਸ ਸ਼ਾਹ ਸਮਝਾਇ ਤੂੰ ਭਾਬੀਆਂ ਨੂੰ ਹੁਣ ਏ ਮੁੜੇ ਨਾ ਲੱਖ ਹਜ਼ਾਰ ਉਤੋਂ ।

ਵਾਹ ਨੀ ਹੀਰ ਤੇਰੀ ਪ੍ਰੀਤ, ਕਿਹਾ ਸੋਹਣਾ ਉਤਰ ਲਿਖਿਆ ਈ, ਕਿ ਭਾਬੀਆਂ ਦਾ ਮੂੰਹ ਤੋੜ ਦਿੱਤਾ ॥

ਸੌਹਰੇ ਘਰ ਜਾਕੇ ਏਸ ਨੇ ਅਪਨੇ ਖਸਮ ਨੂੰ ਤੇ ਅਜਿਹਾ ਵੱਸ ਕੀਤਾ ਕਿ ਉਹ ਵਿਚਾਰਾ ਤੇ ਇਸ ਦੇ ਅੱਗੇ ਕੁਸਕਦਾ ਨਹੀਂ ਸੀ। ਪਹਿਲੀ ਰਾਤੀ ਈ ਜਦ ਵਿਚਾਰਾ ਚਾਈਂ ਚਾਈਂ ਆਇਆ ਤਾਂ ਇਸ ਨੇ ਉਹ ਭੰਨ ਕੀਤੀ ਕਿ ਸੈਦਾ ਸ਼ਰ-ਮਿੰਦਾ ਹੋ ਗਿਆ । ਕਵੀ ਤੇ ਲਿਖਦੇ ਹਨ ਕਿ ਪੰਜਾਂ ਪੀਰਾਂ ਨੇ ਮਦਤ ਦਿੱਤੀ, ਅਰ ਸੈਦੇ ਨੂੰ ਹੀਰ ਦੇ ਪਲੰਘ ਤੇ ਚੜ੍ਹਦਿਆਂ ਹੀ ਪਛਾੜ ਦਿੱਤੀ, ਵਿਚਾਰਾ ਸੱਟਾਂ ਨਾਲ ਬਿਆਕੁਲ ਹੋਇਆ, ਕੋਈ ਲਿਖਦੇ ਹਨ ਕਿ ਸੈਦਾ "ਨਾਮਰਦ" ਹੋ ਗਿਆ। ਏਹ ਗੱਲਾਂ ਮੰਨਨ ਯੋਗ ਨਹੀਂ। ਕਰਾਮਾਤਾਂ ਨੂੰ ਮੰਨਨ ਵਾਲੇ ਤੇ ਬੇਸ਼ੱਕ ਮੰਨ ਲੈਸਨ, ਜਦ ਜੁਲੈਖਾਂ ਦੇ ਕੋਲ ਅਜ਼ੀਜ਼ ਮਿਸਰ ਆਇਆ ਸੀ, ਤਾਂ ਰੱਬ ਨੇ ਉਸ ਨੂੰ ਨਾਮਰਦ ਬਨਾ ਦਿਤਾ, ਤਾਂ ਹੀਰ ਦਾ ਇਸ਼ਕ ਤੋੜ ਪੁਜਾਨ ਲਈ ਖਬਰੇ ਸੈਦੇ ਨੂੰ ਵੀ ਏਹ ਸਜਾ ਮਿਲੀ ਹੋਵੇ ਪਰ ਰੱਬ ਅਜੇਹੀਆਂ ਗਲਾਂ ਵਿਚ ਦਖਲ ਘੱਟ ਦੇਂਦਾ ਏ। ਸਾਨੂੰ ਏਸ ਮਾਮਲੇ ਨੂੰ ਦੁਨੀਆਂ ਦੇ ਵਰਤਾਵੇ ਮੂਜਬ ਵੇਖਣਾ ਚਾਹੀਦਾ ਹੈ। ਹੀਰ, ਰਾਂਝਾ ਤੇ ਸੈਦਾ ਆਦਮੀ ਸਨ, ਕੋਈ ਅਸਮਾਨੀ ਦੇਵਤਾ ਨਹੀਂ ਸਨ । ਜਾਂ ਤੇ

ਏਹ ਗਲ ਹੋਨੀ ਏ, ਕਿ ਸੈਦਾ ਕਮਜ਼ੋਰ ਦਿਲ ਮਰਦ, ਕੁਝ ਜਵਾਨੀ ਦੇ ਫਲ ਤੋਂ ਅੱਗੇ ਈ ਹਥ ਧੋਤਾ ਧਵਾਇਆ ਜਦ ਹੀਰ ਜੇਹੀ ਛੋਹਣੀ ਦੇ ਕੋਲ ਆਇਆ, ਜੇਹੜੀ ਇਸ਼ਕ ਦੇ ਨਸ਼ੇ ਵਿਚ ਚੂਰ, ਅਪਨੀ ਜਿੰਦ ਨੂੰ ਪ੍ਰੇਮ ਤੇ ਵਾਰਨ ਨੂੰ ਤਿਆਰ ਸੀ, ਤਾਂ ਹੀਰ ਨੇ ਧਕਾ ਮਾਰ ਪਰੇ ਹਟਾਇਆ। ਸੈਦਾ ਅਗੇ ਹੀ ਕਮਜ਼ੋਰ ਦਿਲ ਸੀ, ਕੁਝ ਮੰਜੇ ਤੇ ਪੈਰ ਧਰਦਿਆਂ ਈ ਲਤ ਪਈ। ਵਿਚਾਰਾ ਬੇ ਆਸਰਾ ਡਿਗਾ, ਡਿਗਦਿਆਂ ਈ ਸੱਟ ਲਗੀ, ਡਰਕੇ ਫੇਰ ਹੀਰ ਦੇ ਨੇੜੇ ਨਾ ਆਇਆ। ਕੁਝ ਹੀਰ ਨੇ ਪੈਹਲੀ ਰਾਤੀ ਈ ਸੈਦੇ ਨੂੰ ਗਲਾਂ ਨਾਲ ਤੇ ਪੰਜਾਂ ਪੀਰਾਂ ਦੀ ਹਮੈਤ ਦਾ ਡਰ ਏਡਾ ਵਖਾਇਆ ਹੋਨਾ ਏ ਕਿ ਸੈਦਾ ਸੱਚ ਮੰਨਕੇ ਹੀਰ ਤੋਂ ਹਮੇਸ਼ ਲਈ ਡਰਨ ਲਗ ਪਿਆ। ਹੀਰ ਦਾ ਸਤ ਸਾਬਤ ਕਰਨ ਲਈ ਸਾਰੇ ਕਵੀਆਂ ਨੇ ਏਹ ਗੱਲ ਲਿਖੀ ਹੈ ਕਿ ਜਦ ਹੀਰ ਨੇ ਸੱਪ ਲੜਨ ਦਾ ਬਹਾਨਾ ਕੀਤਾ, ਅਰ ਰਾਂਝੇ ਨੂੰ ਝਾੜਾ ਫੂਕਨ ਲਈ ਬੁਲਾਇਆ, ਤਾਂ ਰਾਂਝੇ ਨੇ ਸੈਦੇ ਕੋਲੋਂ ਕਸਮਾਂ ਦਵਾ ਕੇ ਅਕਰਾਰ ਕਰਾਇਆ ਸੀ ਕਿ ਉਨੇਂ ਅਪਨੀ ਵੌਹਟੀ ਦੀ ਸੇਜ ਕਦੀ ਨਹੀਂ ਹੰਡਾਈ ਪਰ ਏਹ ਸਾਰੇ ਸਬੂਤ ਕਵੀਆਂ ਦੇ ਅਪਨੇ ਦਮਾਗ ਵਿਚੋਂ ਕੱਢੇ ਹੋਏ ਹਨ। ਜੋ ਸਾਧਾਰਨ ਗੱਲ ਵਲ ਜਾਈਏ ਤਾਂ ਹੀਰ ਸੈਦੇ ਦੀ ਵੌਹਟੀ ਜ਼ਰੂਰ ਰਹੀ ਪਰ ਹਰ ਵੇਲੇ ਅਪਨੇ ਯਾਰ ਨੂੰ ਦਿਲੋਂ ਨਾ ਭੁਲੀ, ਅੰਤ ਜਦ ਦਾਉ ਲੱਗਾ, ਯਾਰ ਨਾਲ ਨਿਕਲ ਔਹ ਗਈ ! ਔਹ ਗਈ !! ਏਸ ਗਲ ਦੇ ਮੰਨਣ ਨਾਲ ਹੀਰ ਦੀ ਉਹ ਸ਼ੋਭਾ ਨਹੀਂ ਰਹਿੰਦੀ ਜੋ ਕਵੀਆਂ ਨੇ ਦੱਸੀ ਹੈ, ਏਸ ਕਰਕੇ ਸਾਨੂੰ ਕਵੀਆਂ ਦਾ ਆਖਿਆ ਈ ਮੰਨਣਾ ਪੈਂਦਾ ਹੈ, ਏਹੀ ਝਗੜਾ ਫੇਰ ਸੋਹਣੀ ਮੇਹੀਂਵਾਲ ਦੇ ਕਿੱਸੇ ਵਿਚ ਆਉਂਦਾ ਹੈ। ਰਚਨਾ ਦੇ ਵਿਰੁਧ ਗੱਲ ਮੰਨਨੀ ਔਖੀ ਹੋ ਜਾਂਦੀ ਹੈ। ਹੌਲੀ ੨ ਹੀਰ ਨੇ ਅਪਨੀ ਨਨਾਨ ਸੈਹਤੀ ਨਾਲ ਬਨਾਈ, ਏਹ ਸੇਹਤੀ ਵੀ ਇਕ ਬਲੋਚ ਦੇ ਇਸ਼ਕ ਦੀ ਕੁੱਠੀ ਸੀ ਹੀਰ ਨੂੰ ਵੀ ਪਤਾ ਲਗ

ਗਿਆ। ਦੋਵੇਂ ਨਨਾਣ ਭਰਜਾਈ ਇਕੋ ਮਰਜ ਵਿਚ ਫਾਥੀਆਂ ਪਰ ਹੀਰ ਦਿਨੋ ਦਿਨ ਘਟਦੀ ਗਈ, ਇਸਨੂੰ ਪ੍ਰੇਮ ਦੀ ਕਾਤੀ ਡੂੰਘੀ ਸੀ ਅਰ ਸੈਹਤੀ ਨੂੰ ਤੇ ਕਾਮ ਦਾ ਜ਼ੋਰ ਹੋਨ ਕਰਕੇ ਮੁਰਾਦ ਯਾਦ ਆਉਂਦਾ, ਨਹੀਂ ਤੇ ਉਸ ਦੇ ਹੀਏ ਵਿਚ ਦਰਦ ਤੇ ਬਿਰਹਾ ਨਹੀਂ ਸੀ। ਖਬਰੇ ਹੋਵੇ, ਪਰ ਜੋ ਕਵੀਆਂ ਨੇ ਲਿਖਿਆ ਹੈ ਉਸਤੋਂ ਪ੍ਰਤੀਤ ਨਹੀਂ ਹੁੰਦਾ। ਜਦ ਰਾਂਝਾ ਜੋਗੀ ਬਨਕੇ ਆਇਆ, ਸੈਹਤੀ ਨੇ ਉਸਨੂੰ ਢੇਰ ਸਤਾਇਆ। ਨਾਲ ਹੀਰ ਨੂੰ ਵੀ ਲਤਾੜਿਆ। ਹੀਰ ਨੇ ਮਿੰਨਤਾਂ ਵੀ ਕੀਤੀਆਂ, ਅੰਤ ਏਸੇ ਸੈਹਤੀ ਨੇ ਰਾਂਝਨ ਯਾਰ ਮਿਲਾਇਆ ਅਰ ਅਪਨਾ ਮੁਰਾਦ ਪਾਇਆ।

"ਹੀਰ ਨੂੰ ਫਕੀਰ ਨਾਲ ਟੋਰ ਦੇ ਸੈਹਤੀਏ ਮੁਰਾਦ ਪਾਵੇਂਗੀ"

ਹੀਰ ਅਕਲ ਦੀ ਪੁਤਲੀ ਸੀ, ਜੋ ਗਲ ਕਰਦੀ ਸੀ ਡੂੰਘੀ ਸੋਚ ਦੀ। ਜਦ ਰਾਂਝਾ ਰੰਗ ਪੁਰ ਜੋਗੀ ਬਨਕੇ ਆਇਆ ਤਾਂ ਹੀਰ ਨੇ ਉਸਨੂੰ ਆਖਿਆ ਕਿ ਕਿਸੇ ਨੂੰ ਭੇਤ ਨਾ ਦੱਸੀਂ ਪਰ ਰਾਂਝੇ ਨੇ ਇਕ ਕੁੜੀ ਨੂੰ ਜੇਹੜੀ ਹੀਰ ਦੀ ਫੁਫੇਸ ਦੀ ਧੀ ਸੀ ਅਪਨਾ ਭੇਦ ਦੱਸ ਕੇ ਹੀਰ ਕੋਲ ਸੁਨੇਹਾ ਪੁਚਾਇਆ, ਜਦ ਹੀਰ ਨੂੰ ਸੁਨੇਹਾ ਮਿਲਿਅ ਤਾਂ ਹੀਰ ਨੇ ਆਖਿਆਃ—

ਕੁੜੇ ਵੇਖ ਰੰਝੇਟੜੇ ਕੱਚ ਕੀਤਾ, ਭੇਦ ਜੀਉਦਾ ਖੋਲ੍ਹ ਪਸਾ-
ਰਿਆ ਨੀ। ਮਨਸੂਰ ਨੇ ਇਸ਼ਕ ਦਾ ਭੇਦ ਦਿਤਾ, ਉਹਨੂੰ
ਤੁਰਤ ਸੂਲੀ ਉੱਤੇ ਚਾੜ੍ਹਿਆ ਨੀ। ਰਸਮ ਏਸ ਜਹਾਨ ਦੀ
ਚੁੱਪ ਰੈਹਨਾਂ, ਮੂੰਹੋ ਬੋਲਿਆ ਈ ਸੋਈਓ ਮਾਰਿਆ ਨੀ।
ਤੋਤੇ ਬੋਲ ਕੇ ਪਿੰਜਰੇ ਕੈਦ ਹੋਏ, ਐਵੇਂ ਬੋਲਨੋ ਅਗਨ
ਸੰਗਾਰਿਆ ਨੀ॥

ਜੋਗੀ ਤੇ ਸੈਹਤੀ ਦੇ ਸਾਰੇ ਝਗੜੇ ਨੂੰ ਹੀਰ ਸੁਨਦੀ ਰਹੀ, ਸਾਰੀ ਲੜਾਈ ਵਿਚ ਬੜੀ ਅਕਲ ਤੇ ਦਨਾਈ ਨਾਲ ਵਰਤੀ,

ਐਵੇਂ ਕਿਸੇ ਦੇ ਗਲ ਨਹੀਂ ਪਈ। ਸੋਹਜ ਨਾਲ ਗੱਲ ਕੀਤੀ, ਕਦੀ ਸੈਹਤੀ ਨੂੰ ਝਿੜਕਿਆ, ਕਦੀ ਜੋਗੀ ਨੂੰ ਵੰਗਾਰਿਆ, ਸੈਹਤੀ ਦੇ ਮੇਹਨੇ ਸੁਨੇ ਤੇ ਸਹਾਰੇ ਪਰ ਜਦੋਂ ਸਿਰੋਂ ਚੜ੍ਹ ਵਗੀ, ਤਾਂ ਮੁਰਾਦ ਦੀ ਗੱਲ ਸੁਝਾ ਕੇ ਚੁਪ ਕਰਾਇਆ ਅਰ ਅਪਨਾ ਕੰਮ ਬਨਾਇਆ। ਕਦੀ ਮਿੰਨਤ ਕੀਤੀ, ਕਦੀ ਵਡਿਆਈ। ਆਖਰ ਸੈਹਤੀ ਨੂੰ ਅਜੇਹਾ ਅੜੁੰਬਿਆ ਕਿ ਹੀਰ ਆਖੇ ਸੋ ਸੈਹਤੀ ਮੰਨੇ।

ਸੈਹਤੀ ਜਦ ਜੋਗੀ ਨੂੰ ਢੇਰ ਤੰਗ ਕੀਤਾ ਅਰ ਉਸਦਾ ਠੂਠਾ ਭੰਨ ਦਿੱਤਾ ਤਾਂ ਹੀਰ ਨਸੀਹਤ ਕਰਦੀ ਹੈ:—

ਏਹ ਮਸਤ ਮਲੰਗ ਨਾ ਛੇੜੀਏ ਨੀ, ਕੋਈ ਵਡਾ ਫਸਾਦ ਗਲ ਪਾਸੀਆ ਨੀ। ਮਰ ਜਾਨ ਖੇੜੇ ਉੱਜੜ ਜਾਨ ਮਾਪੇ, ਤੁਧ ਗੁੰਡੀ ਦਾ ਕੁਝ ਨਾ ਜਾਸੀਆ ਨੀ॥

ਉੱਧਰ ਜੋਗੀ ਨੂੰ ਝਿੜਕਦੀ ਹੈ ਪਰ ਨਾਲ ਹੀ ਗੱਲ ਸੁਝਾ ਜਾਂਦੀ ਹੈ! ਵਾਹ ਹੀਰੇ:—

ਰੋਂਦਾ ਕਾਸ ਨੂੰ ਬੀਰ ਬੈਤਾਲੀਆ ਵੇ, ਪੰਜਾਂ ਪੀਰਾਂ ਦਾ ਤੁੱਧ ਮਿਲਾਪ ਮੀਆਂ। ਲਾਏ ਜ਼ੋਰ ਤੂੰ ਪੀਰ ਲਲਕਾਰ ਪੱਛੇ ਤੇਰਾ ਦੂਰ ਹੋਵੇ ਦੁਖ ਤਾਪ ਮੀਆਂ॥

ਜਦ ਸੈਹਤੀ ਤੇਜ਼ੀ ਵਿਚ ਆ ਸਿਰੇ ਚੜ੍ਹਦੀ ਹੈ ਤਾਂ ਹੀਰ ਵੀ ਅਗੋਂ ਸੁਣਾ ਛਡਦੀ ਹੈ:—

ਭਲਾ ਕਵਾਰੀਏ ਸਾਂਗ ਕਿਉਂ ਲਾਵਨੀ ਹੈਂ, ਚਿੱਬੇ ਹੋਠ ਕਿਉਂ ਪਈ ਬਣਾਵਨੀ ਹੈਂ। ਲੱਗੇ ਵੱਸ ਗਹਿਣੇ ਖੋਹ ਖਾਵਨੀ ਹੈਂ, ਸੜੀ ਬਲੀ ਨੂੰ ਲੂਤੀਆਂ ਲਾਵਨੀ ਹੈਂ। ਐਡੀ ਨਾਗਨੀ ਨਾਲ ਨਾ ਗਲ ਕਰੀਏ, ਸੈਦੇ ਨਾਲ

ਨਿਕਾਹ ਪੜ੍ਹਾਵਨੀ ਹੈਂ। ........................................................
............................................................................॥

ਹੀਰ ਨੇ ਤੇ ਗੁਸੇ ਵਿਚ ਜੋ ਮੂੰਹ ਆਇਆ, ਸੁਨਾਇਆ ਪਰ ਵਾਰਸ ਹੋਰਾਂ ਵੀ ਮੂਲ ਪਰਦਾ ਨਾ ਪਾਇਆ, ਨੰਗਾ ਨਕਸ਼ਾ ਖਿਚ ਵਖਾਇਆ, ਮੁਆਫ !! ਜਦ ਵੇਖਿਆ ਸੈਹਤੀ ਏਹਨੀ ਗੱਲੀਂ ਨਹੀਂ ਪਤੀਜਦੀ ਤਾਂ ਹੋਰ ਚਾਲ ਚੱਲੀ ॥

ਜਿਵੇਂ ਮੁਰਸ਼ਦਾਂ ਪਾਸ ਹੋ ਜਾਇ ਤਾਲਬ, ਤਿਵੇਂ ਸੈਹਤੀ ਦੇ ਪਾਸ ਨੂੰ ਹੀਰ ਹੋਰੇ। ਕਰੀਂ ਸਭ ਤਕਸੀਰ ਨੂੰ ਮੁਆਫ ਸਾਡੀ, ਪੈਰੀਂ ਪਵਾਂ ਤੇ ਮੰਨੀਏ ਨਾਲ ਮੇਰੇ ॥

ਆਓ ਸਹਿਤੀਏ ਰੱਬਦਾ ਵਾਸਤਾਈ, ਨਾਲ ਭਾਬੀਆਂ ਦੇ ਮਿੱਠਾ ਬੋਲੀਏ ਨੀ। ਹੋਈਏ ਪੀੜ ਵੰਡਾਵਣੀ ਸ਼ੋਹਦਿਆਂ ਦੀ, ਜ਼ਹਿਰ ਬਿਸੀਅਰ ਵਾਂਗ ਨਾ ਘੋਲੀਏ ਨੀ। ਕੰਮ ਬੰਦ ਹੋਵੇ ਪਰਦੇਸੀਆਂ ਦਾ, ਨਾਲ ਮੇਹਰ ਦੇ ਉਸਨੂੰ ਖੋਲ੍ਹੀਏ ਨੀ। ਤੇਰੇ ਜੇਹੀ ਨਨਾਣ ਹੋਇ ਮੇਲ ਕਰਨੀ, ਜਿੰਦ ਜਾਨ ਭੀ ਉਸ ਤੋਂ ਘੋਲੀਏ ਨੀ ॥

ਅੰਤ ਸੈਹਤੀ ਮੰਨੀ ਤੇ ਵਾਰਸ ਜੀ ਲਿਖਦੇ ਹਨ:-

ਜਿਵੇਂ ਮੁੱਲਾਂ ਦੀ ਕਜ਼ਾ ਨਮਾਜ਼ ਹੁੰਦੀ, ਰਾਜ਼ੀ ਹੋਇ ਇਬਲੀਸ ਭੀ ਨੱਚਦਾ ਈ। ਇਵੇਂ ਸੈਹਤੀ ਦੇ ਜੀਉ ਵਿਚ ਖੁਸ਼ੀ ਹੋਈ, ਜੀਉ ਰੰਨਾਂ ਦਾ ਛੱਲੜਾਂ ਕੱਚਦਾ ਈ ॥

ਕਿਨ੍ਹਾਂ ਰੰਗਾਂ ਵਿਚ ਹੀਰ ਖੇਡੀ, ਪਰ ਹਰ ਥਾਂ ਏਸੇ ਦੀ ਚਾਲ ਮੀਰੀ ਰਹੀ, ਅੰਤ ਜਿੱਤੀ। ਵਾਰਸ ਨੇ ਰੰਨਾਂ ਨੂੰ ਚੰਗਾ ਸਾਰਟੀਫਿਕੇਟ ਦਿੱਤਾ ਹੈ। ਹੀਰ ਪੰਜਾਬੀ ਦੀ ਲਿਟ੍ਰੇਚਰ ਵਿਚ ਸਭ ਤੋਂ ਵੱਡੀ ਹੀਰੋਇਨ ਨਾਇਕਾ ਹੈ। ਇਸ ਦੀ ਮੌਤ ਦਾ ਠੀਕ ਹਾਲ

ਪਤਾ ਨਹੀਂ, ਕੋਈ ਤੇ ਲਿਖਦਾ ਹੈ ਕਿ ਮਾਪਿਆਂ ਨੇ ਜ਼ੈਹਰ ਦੇਕੇ ਮਾਰਿਆ ਅਰ ਕੋਈ ਲਿਖਦਾ ਹੈ ਕਿ ਜਦ ਰਾਂਝਾ ਜੋਗ ਬਨਕੇ ਆਇਆ ਤਾਂ ਕਿਸੇ ਨੇ ਰਸਤੇ ਵਿਚ ਜਾਕੇ ਆਖਿਆ ਕਿ ਹੀਰ ਮਰ ਗਈ, ਉਸੇ ਵੇਲੇ ਰਾਂਝੇ ਨੇ ਪ੍ਰਾਨ ਤਿਆਗ ਦਿਤੇ ਜਾਂ ਆਤਮ ਘਾਤ ਕਰ ਲਿੱਤੀ ਅਰ ਜਦ ਹੀਰ ਨੇ ਏਹ ਖਬਰ ਸੁਣੀ ਤਾਂ ਉਸਨੇ ਵੀ ਅਪਨੀ ਜਾਨ ਗਵਾਈ। ਗੱਲ ਕੀ ਸ਼ੀਰੀ ਫਰਿਆਦ ਵਾਲੀ ਕਹਾਨੀ ਬਨਾ ਵਿਖਾਈ ਹੈ ਪਰ ਸੱਚ ਏਹੀ ਮਾਲੂਮ ਹੁੰਦਾ ਹੈ ਕਿ ਮਾਪਿਆਂ ਨੇ ਅਪਨੀ ਨਮੋਸ਼ੀ ਖੁਨੋਂ ਅਪਨੀ ਧੀ ਦਾ ਘਾਤ ਕੀਤਾ। ਕੋਈ ਏਹ ਵੀ ਲਿਖਦੇ ਹਨ ਕਿ ਹੀਰ ਰਾਂਝਾ ਮਿਲਕੇ ਮੁੱਦਤਾਂ ਪਿੱਛੋ ਹੈਂਹਦੇ ਰਹੇ। ਸਚਾਈ ਤੇ ਰੱਬ ਈ ਜਾਨੇ ਕਿ ਕੀ ਹੈ ਪਰ ਹੀਰ ਦੀ ਕਬਰ ਦਾ ਅਜੇ ਤੀਕ ਮੌਜੂਦ ਰੈਹਨਾ ਅਰ ਉਸ ਦੀ ਮਜ਼ਾਰ ਦੀ ਕਦਰ ਹੋਨਾ, ਇਸ ਗੱਲ ਨੂੰ ਸਿੱਧ ਕਰਦਾ ਹੈ ਕਿ ਓਸ ਸਮੇਂ ਹੀਰ ਦੀ ਕੀ ਕਦਰ ਸੀ ਅਰ ਉਸਦੇ ਇਸ਼ਕ ਨੂੰ ਸੱਚਾ ਇਸ਼ਕ ਜਾਨ ਕੇ ਲੋਕ ਪੂਜਨ ਲੱਗ ਪਏ। ਜੋ ਕੁਝ ਹੋਇਆ ਸੋ ਹੋਇਆ ਪਰ ਪੰਜਾਬ ਵਿੱਚ ਹੀਰ ਹੀਰੇ ਵਾਂਗਰ ਚਮਕੀ, ਅਰ ਉਸ ਦੀ ਕਦਰ ਤੇ ਚਮਕ ਅਜੇ ਵੀ ਘੱਟ ਨਹੀ ਹੋਈ। ਇਕ ਇਸ਼ਕ ਕਮਾ ਕੇ ਹਮੇਸ਼ਾਂ ਦੀ ਜ਼ਿੰਦਗੀ ਪਾਈ॥

**ਸੈਹਤੀ**

ਹੀਰ ਤੇ ਰਾਂਝੇ ਤੋਂ ਛੁਟ ਸੈਹਤੀ ਇਕ ਅਜੇਹਾ ਮਾਨੁਖ ਹੈ ਜਿਸਨੇ ਇਸ ਕਿੱਸੇ ਵਿੱਚ ਢੇਰ ਰੌਣਕ ਲਾਈ ਹੈ। ਸੈਹਤੀ ਸੌ ਵਿਸਵਾ ਕਵੀਆਂ ਦੇ ਦਮਾਗ ਵਿੱਚੋਂ ਨਿਕਲੀ ਹੋਈ ਮਨੁਖ ਹੈ। ਸਚ ਮੁਚ ਸ਼ੈਦ ਨਾ ਹੋਵੇ। ਇਸ ਨੂੰ ਕਵੀਆਂ ਨੇ ਹੀਰ ਦੇ ਕੁਝ ਗੁਨ ਦੇ ਕੇ, ਰਤੀ ਢੇਰ ਮੂੰਹ ਫਟ ਅਲ੍ਹੜ ਬੇ ਸਮਝ ਤੇ ਲੜਾਕੀ ਦੱਸਿਆ ਹੈ ਪਰ ਬਿਲਕੁਲ ਹੀ ਫਸਾਦਨ ਨਹੀਂ ਸੀ। ਹੀਰ ਨਾਲ ਲੜੀ ਭਾਵੇਂ ਝਗੜੀ, ਪਰ ਘਰ ਫਸਾਦ ਨਹੀਂ ਪਵਾਇਆ। ਜੋਗੀ ਦੀ ਚੰਗੀ ਗਤ ਬਨਾਈ। ਜੋ ਕੀਤਾ ਜਾਨ ਕੇ। ਇਸ ਨੇ ਜੋਗੀ ਦੇ ਮਕਰ ਨੂੰ ਪਛਾਨ ਲੀਤਾ ਸੀ ਕਿ ਏਹ ਮਕਰੀ ਹੈ ਅਰ ਰੰਨਾਂ ਤਾੜਦਾ ਹੈ

ਕਿਦਰੇ ਏਹ ਵੀ ਦਸ ਦਿੱੜਾ ਕਿ ਉਹ ਜਾਨਦੀ ਸੀ ਕਿ ਜੋਗੀ ਹੀਰ ਦੇ ਪਿੱਛੇ ਆਇਆ ਹੈ ਪਰ ਆਪ ਵੀ ਮੁਰਾਦ ਦੇ ਇਸ਼ਕ ਵਿੱਚ ਫਾਹੀ ਹੋਈ ਸੀ। ਏਸ ਗੱਲ ਨੂੰ ਛਪਾਂਦੀ ਸੀ, ਲੁਕਾਂਦੀ ਸੀ ਕਿਉਂ ਜੋ ਹੀਰ ਵਾਂਗਰ ਨਸ਼ੰਗ ਨਹੀਂ ਸੀ। ਜਦ ਹੀਰ ਨੇ ਮੁਰਾਦ ਦਾ ਨਾਂ ਲਿਆ ਤਾਂ ਸੈਹਤੀ ਨੂੰ ਜਿੱਤ ਲਿਆ। ਬੱਸ ਦੋਵੇਂ ਨਨਾਣ ਭਰਜਾਈ ਇੱਕੋ ਮਿੱਕੋ ਹੋ ਗਈਆਂ। ਹਰ ਇੱਕ ਨੂੰ ਅਪਨੇ ਯਾਰਦੀ ਤਾਂਘ, ਅੰਤ ਹੀਰ ਨਾਲ ਸੁਰ ਮਿਲਾਕੇ ਈ ਮੁਰਾਦ ਪਾਇਆ। ਅਪਨੇ ਘਰ ਵਿੱਚ ਸੈਹਤੀ ਵੀ ਹੀਰ ਵਾਂਗਰ ਪ੍ਰਧਾਨ ਸੀ। ਮਾਪਿਆਂ ਕੋਲੋਂ ਜੋ ਚਾਹੁੰਦੀ ਕਰਾਂਦੀ। ਹੀਰ ਦੇ ਇਲਾਜ ਲਈ ਜੋਗੀ ਏਸੇ ਨੇ ਸਦਵਾਇਆ, ਸੈਦੇ ਨੂੰ ਮਾਰ ਪਈ, ਪਰ ਫੇਰ ਵੀ ਮਾਪਿਆਂ ਨੂੰ ਡਰਾਕੇ ਰਾਂਝੇ ਨੂੰ ਘਰ ਬੁਲਾਇਆ ਈ ਬੁਲਾਇਆ ॥

ਸੈਹਤੀ ਦੇ ਬ੍ਰਿਤਾਂਤ ਨੂੰ ਜਦ ਹੀਰ ਦੇ ਇਸ਼ਕ ਦੀ ਕਹਾਨੀ ਨਾਲ ਪੜ੍ਹਦੇ ਹਾਂ, ਤਾਂ ਪਤਾ ਲਗਦਾ ਹੈ ਕਿ ਓਸ ਸਮੇਂ ਜੱਟਾਂ ਵਿਚ ਇਸ਼ਕ ਬਾਜ਼ੀ, ਜਾਂ ਕਹੋ ਉੱਦਲ ਜਾਨਾ ਇਕ ਆਮ ਗਲ ਸੀ। ਏਹੀ ਹਾਲ ਮਿਰਜਾ ਸਾਹਿਬਾਂ ਦੇ ਕਿੱਸੇ ਤੋਂ ਪਤਾ ਲਗਦਾ ਹੈ। ਕੀ ਜੱਟਾਂ ਦਾ ਸੁਧਾਚਾਰ ਕਦੇ ਵੀ ਉੱਚੀ ਪਦਵੀ ਤੇ ਨਹੀਂ ਪੁੱਜਾ ?

ਹੇਠਲੇ ਬੈਂਤਾਂ ਤੋਂ ਸੈਹਤੀ ਦੇ ਅਚਾਰ ਦਾ ਬੜਾ ਨਿਰਨਾ ਹੋ ਜਾਂਦਾ ਹੈ:—

> ਸੈਹਤੀ ਆਖਦੀ ਗੱਜਕੇ ਛੱਡ ਜੱਟਾ, ਖੋਹ ਸਭ ਨਿਵਾਲੀਆਂ ਸੱਟੀਆਂ ਨੀ। ਹੋਰ ਸਭ ਜ਼ਾਤਾਂ ਠੱਗ ਖਾਧੀਆਂ ਨੀ, ਪਰ ਏਸ ਵੇਹੜੇ ਵਿਚ ਜੱਟੀਆਂ ਨੀ। ਅਸਾਂ ਏਤਨੀ ਗੱਲ ਮਾਲੂਮ ਕੀਤੀ, ਪਰ ਜੱਟੀਆਂ ਮੁਲਕ ਦੀਆਂ ਛਟੀਆਂ ਨੀ। ਉਹ ਹੋਰ ਕੀ ਜਾਨਦੀਆਂ ਕਿਸੇ ਤਾਂਈਂ, ਜਿਨ੍ਹਾਂ ਮੁਨਸਾਂ ਦੀਆਂ ਦਾੜ੍ਹੀਆਂ ਪੱਟੀਆਂ ਨੀ॥
>
> ਮੇਰੇ ਨਾਲ ਤਾਂ ਵੈਰ ਕੀ ਪਿਆ ਚਾਕਾ, ਮੱਥਾ ਸੌਕਨਾਂ ਵਾਂਗ

ਕੀ ਡਾਹਿਆ ਈ। ਐਵੇਂ ਘੂਰ ਕੇ ਮੁਲਖ ਨੂੰ ਫਿਰੇਂ ਖਾਂਦਾ,
ਕਦੇ ਜੋਤਰਾ ਮੂਲ ਨ ਵਾਹਿਆ ਈ।।

ਅਪਨੇ ਮੁਰਾਦ ਦੇ ਇਸ਼ਕ ਦੀ ਗੱਲ ਸੁਣਕੇ ਬੋਲੀ:-

ਪਤੇ ਡਾਚੀਆਂ ਦੇ ਬੁਰੇ ਲਾਵਨਾਂ ਹੈਂ, ਦੇਵੇਂ ਮੇਹਣੇ ਸ਼ਾਮਤਾਂ
ਦੌੜੀਆਂ ਵੇ। ਮੱਥਾ ਡਾਹਿਆ ਈ ਨਾਲ ਕਵਾਰੀਆਂ ਦੇ,
ਤੇਰੀਆਂ ਲੌਂਦੀਆਂ ਜੋਗੀਆ ਮੋਰੀਆਂ ਵੇ। ਮੇਰੇ ਹੱਥ ਲੌਂਦੇ
ਤੇਰੇ ਲੌਣ ਚੁੱਤੜ, ਕੋਈ ਮਾਰੀਏਗਾ ਨਾਲ ਮੂਹਲੀਆਂ ਦੇ।
ਅਸੀ ਘੜਾਂਗੇ ਵਾਂਗ ਕਲਬੂਤ ਮੋਚੀ, ਕਰੇਂ ਚਾਵੜਾਂ ਵਾਂਗ
ਉਲੇਲੀਆਂ ਦੇ। ਦੰਦ ਭੰਨੂੰ ਚੁਰਾਏ ਦੇ ਵਾਂਗ ਖਿੰਗਰ, ਸਾਨੂੰ
ਖੌਫ ਨਾ ਤੇਰੀਆਂ ਸੇਲ੍ਹੀਆਂ ਦੇ। ਸੱਟੂੰ ਮਾਰ ਚਪੇ ਤੇ
ਚੰਦ ਝਾੜੂੰ, ਸੁਆਦ ਆਵਸੀ ਛੈਲੀਆਂ ਬੇਲ੍ਹੀਆਂ ਦੇ।।

ਕੇਹੀ ਠੇਠ ਬੋਲੀ ਕਵੀ ਜੀ ਨੇ ਵਰਤੀ ਹੈ ਫੇਰ ਭਰਜਾਈ
ਵੱਲ ਆਖਦੀ ਹੈ:-

ਭਾਬੀ ਏਸਤਾਂ ਗਧੇ ਦੀ ਅੜੀ ਬੱਧੀ, ਅਸੀ ਰੰਨਾਂ ਤਾਂ
ਚੰਚਲ ਹਾਰੀਆਂ ਹਾਂ। ਏਹ ਗੁੰਡਿਆਂ ਵਿੱਚ ਜੋ ਪੈਰ
ਧਰਦਾ, ਅਸੀਂ ਖਚਰੀਆਂ ਬਾਂਕੀਆਂ ਡਾਰੀਆਂ ਹਾਂ। ਮਰਦ
ਰੰਗ ਮਹਲ ਸਵਾਰਦੇ ਨੀ, ਅਸੀ ਸ਼ੌਕ ਦੇ ਮਜ਼ੇ ਦੀਆਂ
ਬਾਰੀਆਂ ਹਾਂ।।

ਕਵੀ ਜੀ ਨੇ ਚੰਗਾ ਨਕਸ਼ਾ ਖਿੱਚਿਆ ਹੈ, ਰੰਨਾਂ ਦੀ ਤਾਰੀਫ਼
ਸੈਹਤੀ ਦੇ ਮੂੰਹੋਂ, ਜੇਹੜੀ ਅਪਨੀਆਂ ਕਰਤੂਤਾਂ ਆਪਈ ਦਸਦੀ ਹੈ।।
ਹੀਰ ਨੂੰ ਮੇਹਣੇ ਦੇਂਦੀ ਹੈ:-

ਭਲਾ ਦੱਸ ਭਾਬੀ ਕੇਹਾ ਵੈਰ ਚਾਇਓ, ਭਈਆ ਪਿੱਟੜੀ ਨੂੰ
ਪਈ ਲੂਹਨੀ ਹੈਂ। ਆਪ ਛਾਨਣੀ ਛੇੜਦੀ ਵਧਨੀ ਨੂੰ,

ਐਂਵੇਂ ਕੈੜਿਆਂ ਤੋਂ ਪਈ ਧੂਹਨੀ ਹੈਂ। ਅਨਹੁੰਦੀਆਂ ਗੱਲਾਂ ਦਾ ਨਾਉਂ ਲੈਕੇ, ਘਾਉ ਅੱਲੜੇ ਪਈ ਖਨੂਹਨੀ ਹੈਂ ॥ ਸੋਹਣੀ ਹੋਈ ਨਾਹੀਂ ਤੂੰ ਤਾਂ ਗਜ਼ਬ ਚਾਇਆ, ਲੋਹੂ ਖਲਕ ਦਾ ਪਈ ਨਚੂਹਨੀ ਹੈਂ ॥

ਨਵੀਂ ਨੌਚੀਏ ਗੁਝੀਏ ਯਾਰਨੀਏ ਨੀ, ਕਾਰੇ ਹੱਥੀਏ ਚਾਕ ਦੀਏ ਪਿਆਰੀਏ ਨੀ। ਪਹਿਲੋਂ ਕੰਮ ਸਵਾਰ ਹੋ ਬਹੈਂ ਨਿਆਰੀ, ਬੇਲੇ ਖੀਰ ਲੈ ਜਾਣੀਏ ਡਾਰੀਏ ਨੀ ॥

ਗੀ ਨੇ ਜਦ ਯਾਰ ਦੀ ਗਾਲੀ ਦਿਤੀ ਤਾਂ ਸੈਹਤੀ ਚਮਕ ਉਠੀ:-

ਘੋਲ ਘਤਿਓਂ ਯਾਰ ਦੇ ਨਾਉਂ ਉਤੋਂ, ਮੂੰਹੋਂ ਸੰਮਲੀ ਜੋਗੀਆ ਵਾਰਿਆ ਵੇ। ਤੇਰੇ ਨਾਲ ਕੀ ਆਖ ਮੈਂ ਬੁਰਾ ਕੀਤਾ, ਹੱਥ ਲਾਇ ਨਾਹੀਂ ਤੈਨੂੰ ਮਾਰਿਆ ਵੇ। ਲੋਕਾਂ ਸੁਣਦਿਆਂ ਪੁਣੇ ਤੂੰ ਯਾਰ ਮੇਰਾ, ਵਡਾ ਕੈਹਰ ਕੀਤੇ ਲੋਹੜੇ ਮਾਰਿਆ ਵੇ। ਰੁਗ ਆਟੇ ਦੀ ਹੋਰ ਲੈ ਜਾਹ ਸਾਥੋਂ, ਕੋਈ ਵਧੀ ਫਸਾਦ ਹਰਿਆਰਿਆ ਵੇ ॥

ਹੀਰ ਜਦ ਰਾਂਝੇ ਨੂੰ ਮਿਲਕੇ ਆਈ, ਆਉਂਦੀ ਈ ਸੈਹਤੀ ਨੇ ਮਖੌਲਾਂ ਵਿਚ ਉਡਾਈ:-

ਕਿਸੇ ਮਲ ਦਲ ਸੁੱਟੀਏਂ ਵਾਂਗ ਫੁਲਾਂ, ਝੋਕਾਂ ਮਾਣੀਆਂ ਤੇਰੀਆਂ ਬੇਲੀਆਂ ਨੀ। ਕਿਸੇ ਜੋਮ ਭਰੇ ਫੜ ਪੀੜੀਏਂ ਤੂੰ, ਧੜਕੇ ਕਾਲਜਾ ਤੇ ਪੌਨ ਤ੍ਰੇਲੀਆਂ ਨੀ। ਕਿਸੇ ਲਈ ਉਸ਼ਨਾਕ ਨੇ ਜਿੱਤ ਬਾਜ਼ੀ ਪਾਸਾ ਲਾਇਕੇ ਬਾਜ਼ੀਆਂ ਖੇਲੀਆਂ ਨੀ। ਤੇਰੀਆਂ ਗਲ੍ਹਾਂ ਤੇ ਦੰਦਾਂ ਦੇ ਦਾਗ ਦਿੱਸਨ ਜਿਵੇਂ ਸਾਧੂਆਂ ਠਾਕਰਾਂ ਚੇਲੀਆਂ ਨੀ ॥

(ਕੇਹੀ ਚੋਟ ਕੀਤੀ ਹੈ, ਸਾਧੂਆਂ ਤੇ ਠਾਕਰਾਂ ਦੇ ਕਰਤੱਬਾਂ ਤੇ) ॥

ਪਾਣੀ ਬਾਝ ਸੁਕੀ ਦਾੜ੍ਹੀ ਖੇੜਿਆਂ ਦੀ, ਅੱਜ ਮੁੰਨ ਕੱਢੀ
ਇਨ੍ਹਾਂ ਨਾਈਆਂ ਨੀ ॥

ਕਿਸੇ ਸਮੇਂ ਦਾੜ੍ਹੀ ਤਾ ਮੁੰਨਨਾ ਵਡਾ ਅਪਰਾਧ ਸਮਝਦੇ ਸਨ ਤੇ ਅਜ ਕਲ ਤੇ ਦਾੜ੍ਹੀ ਮੁਛ ਮੁਨਾਣਾ ਫੈਸ਼ਨ। ਸਮੇਂ ਦਾ ਪ੍ਰਭਾਓ !!

ਸੇਹਤੀ ਜੋਗੀ ਨੂੰ ਆਖਦੀ ਹੈ ਅਰ ਉਸ ਦੇ ਗਪੌੜਿਆਂ ਦਾ ਕੇਹਾ ਸੋਹਣਾ ਉਤਰ ਦੇਂਦੀ ਹੈ।

ਲੱਖ ਵੈਦਗੀ ਵੈਦ ਲਗਾ ਥੱਕੇ, ਧੁਰੋਂ ਟੁਟੜੀ ਕਿਸੇ ਨਾ
ਜੋੜਨੀ ਵੇ। ਜਿੱਥੇ ਕਲਮ ਤਕਦੀਰ ਦੀ ਵੱਗ ਚੁਕੀ, ਕਿਸੇ
ਵੈਦਗੀ ਨਾਲ ਨਾ ਮੋੜਨੀਂ ਵੇ। ਤੇਰੀਆਂ ਮਿੰਨਤਾਂ ਅਤੇ
ਐਹਸਾਨ ਕੇਹਾ ਗੰਢੀ ਓਸਦੀ ਕਿਸੇ ਨਾ ਤੋੜਨੀ ਵੇ।
ਜਿਸ ਕੰਮ ਵਿਚ ਵਹੁਟੜੀ ਹੋਵੇ ਚੰਗੀ, ਸੋਈ ਖੈਰ ਅਸਾਂ ਹੁਣ
ਲੋੜਨੀ ਵੇ। ਕਰਾਮਾਤ ਹੋਵੇ ਫਿਰੇਂ ਮੰਗਦਾ ਕਿਉਂ, ਜੀਭ
ਵਿਚ ਨਾ ਹੱਕ ਦੇ ਬੋੜਨੀ ਵੇ। ਸੇਹਤੀ ਆਖਦੀ ਮਕਰੀਆ
ਰਾਵਲਾ ਵੇ, ਜੜ੍ਹ ਝੂਠ ਦੀ ਰੱਬ ਅਖੇੜਨੀ ਵੇ। ਬਿਨਾਂ
ਸੱਦਿਆਂ ਪੁੱਛਿਆਂ ਵੈਦ ਬਨਿਓਂ, ਤੇਰੀ ਵੈਦਗੀ ਕਿਸੇ ਨੇ
ਬੋੜਨੀ ਵੇ। ਜੇ ਤੂੰ ਮਰਜ ਪਛਾਨ ਕੇ ਲੱਭ ਲਏਂ; ਤੇਰੀ
ਹਿਕਮਤ ਹੁਨੇ ਚਾ ਲੋੜਨੀ ਵੇ। ਵਾਰਸਸ਼ਾਹ ਆਜ਼ਾਰ ਹੋਰ
ਸਭ ਮੁੜਦੇ, ਏਹ ਕਤਈ ਕਿਸੇ ਨਾ ਮੋੜਨੀ ਵੇ ॥

ਜਦ ਸੈਦਾ ਜੋਗੀ ਨੂੰ ਹੀਰ ਦੇ ਇਲਾਜ ਲਈ ਸੱਦਨ ਗਿਆ ਅਰ ਉਥੋਂ ਪਾਸੇ ਭਨਾ ਆਇਆ ਤਾਂ ਸੈਹਤੀ ਨੇ ਅਪਨੇ ਪਿਉ ਨੂੰ ਸਮਝਾਇਆ:-

ਸੈਹਤੀ ਆਖਿਆ ਬਾਬਲਾ ਜਾਹੁ ਆਪੇ, ਸੈਦਾ ਆਪਨੂੰ ਮਰਦ
ਸਦਾਂਵਦਾ ਈ। ਨਾਲ ਗਰਭ ਹੰਕਾਰ ਦੇ ਮਸਤ ਫਿਰਦਾ,
ਨਜ਼ਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ। ਨਾਲ ਜਾਇ

ਫਕੀਰ ਦੇ ਕਰੇ ਆਕੜ, ਗੁੱਸੇ ਗਜ਼ਬ ਦੇ ਪਿਆ ਵਖਾਂਵਦਾ ਈ। ਵਾਰਸ ਸ਼ਾਹ ਜੁਆਨੀ ਵਿੱਚ ਮਸਤ ਫਿਰਦਾ, ਵਖਤ ਪਏ ਨਾਂਹੀਂ ਪਛੋਤਾਂਵਦਾ ਈ॥

ਹੋਰ ਇਸ ਹੀਰ ਦੇ ਕਿੱਸੇ ਵਿਚ ਕੋਈ ਵਧੀਆ ਮਨੁੱਖ ਨਹੀਂ ਵਿਖਾਏ॥

**ਮਲਕੀ**

ਹੀਰ ਦੀ ਮਾਂ ਇਹ ਵੀ ਇਕ ਸੌਹਜ ਸੁਭਾਓ ਇਸਤ੍ਰੀ ਹੈ। ਜੇਹੜੀ ਅਪਨੀ ਧੀ ਨੂੰ ਵੀ ਬੜਾ ਪਿਆਰ ਕਰਦੀ ਹੈ ਅਰ ਜੱਗ ਦੀ ਨਮੋਸ਼ੀ ਤੋਂ ਵੀ ਡਰਦੀ ਹੈ। ਅੰਦਰ ਵੜ ਹੀਰ ਨੂੰ ਝਿੜਕਦੀ ਹੈ, ਪਰ ਹੀਰ ਨਹੀਂ ਮੰਨਦੀ, ਲੋਕਾਂ ਦੇ ਮੇਹਨੇ ਨਾ ਸੈਹ ਕੇ, ਰਾਂਝੇ ਨੂੰ ਘਰੋਂ ਕਡਾਂਦੀ, ਪਰ ਜਦ ਹੀਰ ਰੋਸ ਵਖਾਂਦੀ, ਮਾਂ, ਹਾਇ, ਇਸ ਪਿਆਰ ਭਰੀ ਮਾਂ ਦੀਆਂਅਾਂਦਰਾਂ ਅਪਨੀ ਧੀ ਲਈ ਪੰਘਰ ਆਉਂਦੀਆਂ ਹਨ, ਕੁੜੀਆਂ ਭੇਜ ਰਾਂਝਨ ਨੂੰ ਮਨਾਂਦੀ ਹੈ, ਘਰ ਬੁਲਾਂਦੀ ਹੈ, ਸਮਝਾਂਦੀ ਹੈ, ਗਲ ਕੀ ਆਪਣੀ ਧੀ ਨੂੰ ਆਪ ਯਾਰ ਮਿਲਾਉਂਦੀ ਹੈ। ਸਭ ਕੁਝ ਕਰਦੀ ਪਰ ਦਿਲੋਂ ਵਜੋਂ ਹੋ ਕੇ ਨਹੀਂ, ਸੋਚ ਏਹ ਕਿ ਧੀ ਵੀ ਖੁਸ਼ ਰਹੇ ਤੇ ਭੈੜਾ ਜੱਗ ਵੀ ਨਮੋਸ਼ੀ ਨਾਂ ਦੇਵੇ। ਹੀਰ ਦਾ ਵਿਆਹ ਖੇੜਿਆਂ ਨਾਲ ਰਚਾਂਦੀ ਹੈ। ਹੀਰ ਨੂੰ ਵਿਆਹ ਅਪਨੇ ਸਿਰੋਂ ਭਾਰ ਲਾਂਹਦੀ ਹੈ। ਜੇ ਕਦੀ ਮਲਕੀ ਮੰਨ ਜਾਂਦੀ ਤਾਂ ਚੂਚਕ ਤੇ ਹੀਰ ਨੂੰ ਧੀਦੋ ਰਾਂਝੇ ਨਾਲ ਵਿਆਹੁਨ ਨੂੰ ਤਿਆਰ ਸੀ ਪਰ ਏਹ ਸ਼ਰੀਕਾਂ ਤੇ ਤ੍ਰੀਮਤਾਂ ਦੇ ਮੇਹਨਿਆਂ ਤੋਂ ਡਰਦੀ ਨਾਂ ਮੰਨੀ। ਹੀਰ ਦੇ ਭਾਗ ਤੇ ਇਸ਼ਕ ਦੀ ਲੀਲ੍ਹਾ। ਹੀਰ ਨੂੰ ਸਮਝਾਂਦੀ ਹੈ:-

ਚੂਚਕ ਬਾਪ ਦੇ ਰਾਜ ਨੂੰ ਲਾਜ ਲਾਵੇਂ, ਕੀ ਫਾਇਦਾ ਲਾਡ ਲਡਾਵਨੇ ਦਾ। ਰਾਤੀਂ ਚਾਕ ਨੂੰ ਚਾਇ ਜਵਾਬ ਦੇਸਾਂ, ਸ਼ੌਕ ਨਹੀਂ ਏ ਮਹੀਂ ਚਰਾਵਨੇ ਦਾ। ਨੱਕ ਵੱਢ ਕੇ ਕੋੜਮਾ ਗਾਲਿਆ ਈ, ਏਹ ਫਾਇਦਾ ਗੈਹਣਿਆਂ ਪਾਵਨੇ ਦਾ। ਤੇਰੇ

ਵੀਰ ਸੁਲਤਾਨ ਨੂੰ ਖਬਰ ਹੋਵੇ, ਫਿਕਰ ਕਰੇਗਾ ਤੇਰੇ ਮੁਕਾਵਨੇ ਦਾ ॥

ਰੁੱਠੇ ਰਾਂਝੇ ਨੂੰ ਮਨਾਂਦੀ ਹੈ:—

ਕੇਹਾ ਪੁੱਤਰਾਂ ਮਾਪਿਆਂ ਲੜਨ ਹੁੰਦਾ, ਤੁਸਾਂ ਖੱਟਨਾਂ ਤੇ ਅਸਾਂ ਖਾਵਨਾਈਂ। ਛਿੜ ਮਾਲ ਦੇ ਨਾਲ ਮੈਂ ਘੋਲ ਘਤੀ, ਰਾਤੀਂ ਮਾਲ ਸਾਂਭੀ ਘਰ ਲਿਆਵਨਾਈਂ। ਤੂੰਹੇ ਚੋਇਕੇ ਦੁੱਧ ਜਮਾਵਨਾਈਂ, ਤੂੰਹੇ ਹੀਰ ਦਾ ਪਲੰਘ ਵਛਾਵਨਾ ਈਂ। ਕੁੜੀ ਗੱਲ ਤੇਰੀ ਉਤੋਂ ਰੁੱਸ ਪਈ, ਤੂੰਹੀ ਉਸ ਨੂੰ ਆਨ ਮਨਾਂਵਨਾਈਂ ॥

**ਚੂਚਕ**

ਹੀਰ ਦਾ ਪਿਤਾ ਪੁਰਾਨੇ ਜ਼ਮੇਂ ਦਾ ਸਿੱਧਾ ਸਾਧਾ ਜੱਟ, ਮੋਮ ਦੀ ਨੱਕ ਜਿਧਰ ਭਵਾਉ ਭੌਂ ਜਾਏ, ਜੇ ਧੀ ਮਨਾਇਆ ਮੰਨ ਪਿਆ, ਜੇ ਵੋਹਟੀ ਫਿਰਾਇਆ ਫਿਰ ਗਿਆ। ਰਾਂਝੇ ਨਾਲ ਵਿਆਹ ਦਾ ਅਕਰਾਰ ਕੀਤਾ, ਫੇਰ ਖੇੜਿਆਂ ਦੇ ਸਾਕ ਦਿਤਾ, ਦਗਾ ਕਮਾਇਆ ॥

**ਕੈਦੋ**

ਏਹ ਲੰਙਾ, ਚੂਚਕ ਦਾ ਸ਼ਰੀਕ ਈ ਸੀ, ਪਰ ਮਲੰਗ ਫਕੀਰ ਹੋਇਆ ਹੋਇਆ ਏਹ ਹੀਰ ਦੇ ਪਿੱਛੇ ਲੱਕ ਬੰਨ੍ਹ ਕੇ ਪੈ ਗਿਆ। ਵਿਚਾਰੇ ਦੋਹਾਂ ਜੀਆਂ ਨੂੰ ਜਿੱਥੇ ਅਕੱਠਿਆਂ ਵੇਖੇ, ਆਕੇ ਪਰਹੇ ਵਿੱਚ ਭੰਡ ਪਾਵੇ ਅਰ ਚੂਚਕ ਦਾ ਨੱਕ ਵੱਢੇ। ਹੀਰ ਨੇ ਇਸ ਨੂੰ ਭਾਨ ਵੀ ਚੰਗੀ ਕੀਤੀ ਪਰ ਏਹ ਬਾਜ਼ ਨਾ ਆਇਆ, ਜੇ ਏਹ ਨਾ ਭੰਡੀ ਕਰਦਾ ਤਾਂ ਚੂਚਕ ਚੁਪ ਕੀਤਾ ਈ ਹੀਰ ਨੂੰ ਰਾਂਝੇ ਨਾਲ ਵਿਆਹ ਦਿੰਦਾ। ਏਸੇ ਦੀ ਭੰਡੀ ਤੋਂ ਡਰਦਿਆਂ ਖੇੜੇ ਬੁਲਾਏ ਅਰ ਹੀਰ ਨੂੰ ਵਖਤ ਪਾਏ। ਏਹੀ ਲੰਙਾ ਹੀਰ ਤੇ ਰਾਂਝੇ ਦਾ ਅੰਤ ਘਾਤੀ ਬਨਿਆ ਪਰ੍ਹੇ ਵਿਚ ਜਾਕੇ ਆਖਦਾ ਹੈ:—

ਨਹੀਂ ਚੂਚਕੇ ਨੂੰ ਕੋਈ ਮੱਤ ਦੇਂਦਾ, ਨੱਢੀ ਮਾਰ ਕੇ ਨਹੀਂ

ਸਮਝਾਉਂਦਾਈ। ਚਾਕ ਨਾਲ ਅਕੱਲੜੀ ਜਾਏ ਬੇਲੇ, ਅੱਜ ਕੱਲ ਕੋਈ ਲੀਕ ਲਾਉਂਦਾਈ॥ ਕੈਦੋ ਆਖਦਾ ਭੈੜੀਏ ਮਲਕੀਏ ਨੀ, ਤੇਰੀ ਧੀ ਵੱਡਾ ਚਿਹ ਚਾਇਆ ਈ। ਜਾਇ ਨਦੀ ਤੇ ਚਾਕ ਦੇ ਨਾਲ ਘੁਲਦੀ, ਏਸ ਮੁਲਕ ਦਾ ਰਾਹ ਗਵਾਇਆ ਈ॥

ਚੂਚਕ ਨੂੰ ਆਖਦਾ ਹੈ:-

ਕੋਈ ਰੋਜ਼ ਨੂੰ ਮੁਲਕ ਮਸ਼ਹੂਰ ਹੋਸਨ, ਚੋਰ ਯਾਰੀ ਤੇ ਐਬ ਕੁਆਰੀਆਂ ਨੂੰ। ਇਸ ਪਾਇ ਭੁਲਾਵੜਾ ਠਗਿਆ ਜੇ, ਕੰਮ ਪਹੁੰਚਸੀ ਬਹੁਤ ਖੁਆਰੀਆਂ ਨੂੰ। ਜਦੋਂ ਚਾਕ ਉਧਾਲ ਲੈ ਜਾਇ ਨੱਢੀ, ਤਦੋਂ ਝੂਰਸੇਂ ਬਾਜ਼ੀਆਂ ਹਾਰੀਆਂ ਨੂੰ॥

ਏਹਨਾਂ ਤੋਂ ਛੁਟ ਕਿਸੇ ਹੋਰ ਦੇ ਮਾਨੁਖ ਏਹ ਹਨ:—— ਬਾਲ ਨਾਥ ਜੋਗੀ, ਰਬੇਲ ਬਾਂਦੀ, ਚੌਪਾ, ਰਾਇਬਾਂ, ਸਾਹਿਬਾਂ ਆਦ ਕੁੜੀਆਂ, ਕਾਜ਼ੀ ਆਦਿ। ਏਹਨਾਂ ਵਿਚ ਟਿੱਲੇ ਤੇ ਬਾਲ ਨਾਥ ਦੀ ਝਾਕੀ ਚੰਗੀ ਹੈ, ਉਸ ਵੇਲੇ ਦੇ ਜੋਗੀਆਂ ਤੇ ਕਵੀ ਜੀ ਨੇ ਵਿਚਾਰ ਕੀਤੀ ਹੈ। ਅਪਨੇ ਕਿਸੇ ਵਿਚ ਕਵੀ ਨੇ ਥਾਂ ਥਾਂ ਜੱਟਾਂ ਦੀ ਸ਼ੋਸ਼ਿਲ (Social) ਸਮਾਜਕ, ਅਰ (Moral) ਅਖਲਾਕੀ ਹਾਲਤ ਤੇ ਨੋਟ ਚੜ੍ਹਾਏ ਹਨ, ਜੋ ਬਿਲਕੁਲ ਠੀਕ ਹਨ। ਕਿਧਰੇ ਕਿਧਰੇ ਕੁਦਰਤ ਦਾ ਨਕਸ਼ਾ ਵੀ ਖਿਚਿਆ ਹੈ। ਜਿਸ ਵੇਲੇ ਕਵੀ ਜੀ ਹੋਏ ਸਨ ਉਸ ਵੇਲੇ ਪੰਜਾਬ ਦੇਸ ਵਿਚ ਤਰਥਲੀ ਮਚੀ ਸੀ। ਨਾਦਰ ਸ਼ਾਹ ਮਾਰ ਕੁਟ ਕਰਕੇ ਚਲਾ ਗਿਆ ਸੀ। ਸਿਖਾਂ ਦਾ ਸ਼ੋਰ ਸ਼ਰਾਬਾ ਸ਼ੁਰੂ। ਮੁਲਕ ਵਿਚ ਕਿਸੇ ਦੀ ਹਕੂਮਤ ਨਹੀਂ ਸੀ ਮੰਨੀ ਜਾਂਦੀ ਅਨੇਕ ਥਾਵਾਂ ਤੇ ਕਵੀ ਜੀ ਨੇ ਏਹਨਾਂ ਤਵਾਰੀਖ਼ੀ ਗੱਲਾਂ ਵੱਲ ਵੀ ਅਸ਼ਾਰਾ ਕੀਤਾ ਹੈ ਕਵੀ ਜੀ ਸ਼ਿੰਗਾਰ ਰਸ ਵਿਚ ਈ ਸਭ ਥਾਂ ਮੌਲਦੇ ਹਨ, ਅਰ ਹੈਨ ਵੀ ਏਸ ਰਸ ਦੇ ਉਸਤਾਦ। ਏਹਨਾਂ ਦੇ ਚੋਨਵੇ ਬੈਂਤ ਜਿਨ੍ਹਾਂ ਵਿਚੋਂ

ਉਪਰਲੀਆਂ ਸਾਰੀਆਂ ਗੱਲਾਂ ਸਿਧ ਹੋਨ ਲਿਖਦੇ ਹਾਂ ॥

ਸਵੇਰ ਦਾ ਵੇਲਾ ਬੈਂਤ:—

ਚਿੜੀ ਚੂਕਦੀ ਨਾਲ ਉਠ ਤੁਰੇ ਪਾਲੀ, ਪਈਆਂ ਦੁਧ ਦੇ ਵਿਚ ਮਧਾਣੀਆਂ ਨੀ । ਉੱਠ ਨਾਹਵਣੇ ਵਾਸਤੇ ਜੁਆਨ ਦੌੜੇ, ਸੇਜਾਂ ਜਿਨ੍ਹਾਂ ਨੇ ਰਾਤ ਨੂੰ ਮਾਣੀਆਂ ਨੀ । ਇਕਨਾ ਉਠਕੇ ਰਿੜਕਨਾ ਪਾ ਦਿਤਾ, ਇਕ ਧੋਂਦੀਆ ਫਿਰਨ ਦੋਧਾਨੀਆਂ ਨੀ। ਇਕ ਉਠਕੇ ਹਲੀਂ ਤਿਆਰ ਹੋਏ, ਇਕ ਢੂੰਡਦੇ ਫਿਰਨ ਪਰਾਨੀਆਂ ਨੀ । ਘਰੀਂ ਰੰਨਾਂ ਨੇ ਚੱਕੀਆਂ ਝੋਤੀਆਂ ਨੀ, ਜਿਨ੍ਹਾਂ ਤਾਊਨਾ ਗੁਨ੍ਹ ਪਕਾਨੀਆਂ ਨੀ ॥

ਜੱਟਾਂ ਦੀ ਹਾਲਤ ਦਸਦੇ ਹੋਏ ਲਿਖਦੇ ਹਨ, ਅੱਡ ਅੱਡ ਮਾਨੁੱਖਾਂ ਦੇ ਮੂੰਹੋਂ ਅਖਵਾਏ ਬਚਨ ਹਨ:—

ਵਾਰਸਸ਼ਾਹ ਅਸੀਂ ਜੱਟ ਸਦਾ ਖੋਟੇ ਇਕ ਜੱਟਕਾ ਫੰਦ ਵੀ ਲਾ ਲਈਏ ॥ [ਚੂਚਕ

ਜੱਟ ਚੋਰ ਤੇ ਯਾਰ ਤੇ ਰਾਹ ਮਾਰਨ, ਡੰਡੀਆਂ ਮੋਹੰਦੇ ਤੇ ਸੰਨ੍ਹ ਲਾਂਵਦੇ ਨੀ। ਵਾਰਸਸ਼ਾਹ ਏਹ ਜੱਟ ਨੀ ਸਭ ਖੋਟੇ, ਵੱਡੇ ਠੱਗ ਏਹ ਜੱਟ ਝਨਾਉਂਦੇ ਨੀ ॥ (ਰਾਂਝਾ

ਡੋਗਰ ਜੱਟ ਈਮਾਨ ਨੂੰ ਵੇਚ ਖਾਂਦੇ, ਸੰਨ੍ਹਾਂ ਲਾਂਵਦੇ ਤੇ ਪਾੜ ਲਾਉਂਦੇ ਨੀ। ਜੇਹੇ ਆਪ ਹੋਵਨ ਤੇਹੀਆਂ ਔਰਤਾਂ ਨੇ, ਬੇਟੇ ਬੇਟੀਆਂ ਚੋਰੀਆਂ ਲਾਉਂਦੇ ਨੀ। ਜੇਹੜਾ ਚੋਰ ਤੇ ਰਾਹਜ਼ਨ ਹੋਏ ਕੋਈ, ਉਹਦੀ ਬੜੀ ਤਾਰੀਫ ਸੁਨਾਉਂਦੇ ਨੀ। ਮੂੰਹੋਂ ਆਖ ਕੁੜਮਾਈਆਂ ਖੋਹ ਲੈਂਦੇ, ਦੇਖੋ ਮੌਤ ਤੇ ਰੱਬ ਭੁਲਾ-ਉਂਦੇ ਨੀ ਵਾਰਸਸ਼ਾਹ ਮੀਆਂ ਦੋ ਦੋ ਖਸਮ ਦੇਂਦੇ ਨਾਲ ਬੇਟੀਆਂ ਵੈਰ ਕਮਾਉਂਦੇ ਨੀ ॥ (ਵਾਰਸ

ਅਸੀਂ ਜੱਟ ਹਾਂ ਮਤਲਬੀ ਯਾਰ ਪੂਰੇ, ਦਾਓ ਢੰਗ ਕਰਕੇ
ਵੇਲਾ ਕੱਢਨੇ ਹਾਂ । ਇਕ ਗੱਲ ਤੋਂ ਜਾਨ ਕੁਰਬਾਨ
ਕਰਨੀ, ਪਰ ਦਿਲੇ ਦਾ ਹੱਠ ਨਾ ਛੱਡਨੇ ਹਾਂ ॥ [ਰਾਂਝਾ

ਪੱਤਾਂ ਹੋਨ ਇਕੀ ਜਿਸ ਜੱਟ ਤਾਈਂ, ਸੋਈ ਅਸਲ ਭਰਾ
ਹੈ ਭਾਈਆਂ ਦਾ । ਜੱਟ ਕਰੇ ਅਪਰਾਧ ਤੇ ਫੜੇ ਕੋਈ, ਮਾਰ
ਸੁੱਟੀਏ ਪੁੱਤ ਕਸਾਈਆਂ ਦਾ ॥ [ਵਾਰਸ

ਜੱਟ ਗਰਜ਼ ਦੇ ਵਾਸਤੇ ਬਨੇ ਮਿੱਤ੍ਰ, ਭਾਈ ਬਨੇ ਹਰ ਕੌਮ
ਤੇ ਨਾਈਆਂ ਦਾ । ਕਲਾ ਕਾਰ ਤੇ ਝਾਗੜੂ ਜੱਟ ਵੱਡੇ, ਖੋਂਹਦੇ
ਮਾਲ ਨੀ ਜਾਂਦਿਆ ਰਾਹੀਆਂ ਦਾ ॥ [ਵਾਰਸ

ਘੋਲ ਘੱਤੀਓਂ ਯਾਰ ਦੇ ਨਾਮ ਉਤੋਂ, ਜੋਗੀ ਮੁੱਖ ਸਮਾਲ
ਹਤਿਆਰਿਆ ਵੇ । ਮਾਉਂ ਸੁਨਦਿਆਂ ਪੁਨੇ ਤੂੰ ਯਾਰ ਮੇਰਾ,
ਏਡਾ ਕੈਹਰ ਕੀਤੇ ਲੋੜ੍ਹੇ ਮਾਰਿਆ ਵੇ ॥ [ਸੈਹਤੀ

ਏਹ ਮਿਸਲ ਮਸ਼ਹੂਰ ਜਹਾਨ ਅੰਦਰ, ਜੱਟੀ ਚਾਰੇ ਈ ਥੋਕ
ਸਵਾਰਦੀਏ । ਉੱਨ ਤੁੰਬਦੀ[1] ਮੱਮੇ ਤੇ ਬਾਲ ਲੋੜ੍ਹੇ[2], ਚਿੜੀਆਂ
ਹਾਕਦੇ, ਲੇਲੜੇ[3] ਚਾਰਦੀਏ । ਜਦੋਂ ਆਉਂਦੀ[4] ਝਗੜੇ ਦੀ
ਗੱਲ ਉਤੇ ਥੋੜੀ ਗੱਲ ਨੂੰ ਬਹੁਤ ਖਲਾਰਦੀਏ ॥ [ਵਾਰਸ

ਸਾਰੇ ਕਿੱਸੇ ਵਿਚ ਥਾਂ ਥਾਂ ਉਸ ਸਮੇਂ ਦੇ ਹਾਲ ਦਾ ਨਕਸ਼ਾ ਹੈ, ਯਾਰੀ ਲਾਨਾ ਕਵਾਰੀਆਂ ਲਈ ਇਕ ਮਾਮੂਲੀ ਗੱਲ ਸੀ, ਅਰ ਮਾਪੇ ਵੀ ਇਸਨੂੰ ਕੁਝ ਢੇਰ ਬੁਰਾ ਨਹੀਂ ਜਾਨਦੇ ਸਨ, ਜਿਸ ਹੀਲੇ ਹੋਣਾ ਕੰਮ ਕੱਢ ਲੈਨਾ, ਅਕਰਾਰੋਂ ਫਿਰਨਾ, ਡਾਕੇ ਚੋਰੀ ਨੂੰ ਐਬ ਨਾ

ਜਾਣਨਾ, ਏਹ ਜੱਟਾਂ ਦੇ ਸੁਭਾਓ ਹੀ ਸਨ, ਏਹਨਾਂ ਸਭਾਵਾਂ ਦੀ ਲੀਕ ਅਜੇ ਤਕ ਵੀ ਜੱਟਾਂ ਦੇ ਕਰਤੱਬਾਂ ਵਿਚ ਮਿਲਦੀ ਹੈ।

ਜੋਗੀਆਂ, ਠਾਕਰਾਂ, ਮੁੱਲਾਂ, ਮਲਵਾਨਿਆਂ ਦੇ ਪੋਲ ਵੀ ਵਾਰਸ ਨੇ ਚੰਗੇ ਖੋਲ੍ਹੇ ਕਿਧਰੇ ੨ ਬੇਹਯਾਈ ਦੇ ਦਰਜੇ ਤੋਂ ਵੀ ਟੱਪ ਨਿਕਲੇ।

ਕਾਜ਼ੀਆਂ ਸ਼ੇਖਾਂ ਦੀ ਖਬਰ ਲੈਂਦੇ ਹਨ.–

ਦਾੜ੍ਹੀ ਸ਼ੇਖ ਦੀ ਅਮਲ ਸ਼ੈਤਾਨ ਵਾਲੇ, ਕੇਹਾ ਫਾਂਦੇ ਓ ਜਾਂਦਿਆਂ ਰਾਹੀਆਂ ਨੂੰ। ਅੱਗੇ ਰੱਢ ਕੁਰਾਨ ਤੇ ਬੈਹ ਮਿੰਬਰ ਕੇਹਾ ਅੱਡਿਆ ਮਕਰ ਦੀਆਂ ਫਾਹੀਆਂ ਨੂੰ। ਜੇੜ੍ਹਾ ਰੂਪ ਮੱਥੇ ਦਾ ਮੈਹਰਾਬ ਮੀਆਂ, ਤੂੰਤੇ ਆਖਨਾ ਏਂ ਜਾਂਦਿਆਂ ਰਾਹੀਆਂ ਨੂੰ। ਲਏਂ ਰਿਸ਼ਵਤਾਂ ਰੱਬ ਤੋਂ ਡਰੇਂ ਨਾਹੀਂ, ਅੱਗੇ ਅਜ਼ਲ ਦੇ ਕਰੇ ਅਕੜਾਈਆਂ ਨੂੰ ॥ ਖਾਂਏਂ ਵੱਢੀਆਂ ਝੂਠ ਹਰਾਮ ਬੋਲੇਂ ਤੈਨੂੰ ਨਬੀ ਦੀ ਮਾਰ ਹੈ ਕਾਜ਼ੀਆ ਵੇ ॥

ਜੋਗੀਆਂ ਦੀ ਕਹਾਨੀ, ਸੁਨੋਂ ਵਾਰਸ ਦੀ ਜ਼ਬਾਨੀ:–

ਦਿਨੇਂ ਬਣਨ ਅਵਧੂਤ ਗੁਰਦੇਵ ਜੋਗੀ, ਕਰਨ ਰਾਤ ਨੂੰ ਬਹੁਤ ਖੁਆਰੀਆਂ ਨੀ। ਵੇਖ ਸੋਹਨੜਾ ਰੰਗ ਜਟੇਟੜੇ ਦਾ, ਜੋਗ ਦੇਨ ਦੀਆਂ ਕਰਨ ਤਿਆਰੀਆਂ ਨੀ॥

ਪੁਰਾਣੇ ਜੋਗੀਆਂ ਦੇ ਕੀ ਕਰਤਬ ਸਨ:–

ਬੁੱਢੀ ਮਾਂ ਬ੍ਰਾਬਰ ਜਾਨਨੀਏ, ਅਤੇ ਭੈਣ ਬ੍ਰਾਬਰ ਛੋਟੜੀ ਨੂੰ।

ਤੇ ਹੁਨ ਦੇ:–

ਅਸੀਂ ਬੁੱਢੀ ਨੂੰ ਮਾਈ ਜਾਨਨੇ ਹਾਂ, ਅਤੇ ਰੰਨ ਬ੍ਰਾਬਰ ਛੋਟੜੀ ਨੂੰ॥

ਤੇਰੀ ਗੱਲ੍ਹਾਂ ਤੇ ਦੰਦਾਂ ਦੇ ਦਾਗ ਦਿੱਸਨ, ਅੱਜ ਸੱਦੀਆਂ
ਠਾਕਰਾਂ ਤੇ ਚੇਲੀਆਂ ਨੀ ॥

ਠਾਕਰਾਂ ਤੇ ਚੋਟ ਕੀਤੀ ਹੈ, ਕਿ ਚੇਲਿਆਂ ਨਾਲ ਕੀ ਕਰਦੇ ਸਨ:—

ਹੋਰ ਤਵਾਰੀਖੀ ਮਸ਼ਹੂਰ ਵਾਕਿਆਤ ਵੱਲ ਕਿਧਰੇ ੨ ਇਸ਼ਾਰਾ ਕੀਤਾ ਹੈ ਜੀਕਨ ਅਪਨੇ ਸਮੇਂ ਦਾ ਹਾਲ ਲਿਖਦੇ ਹੋਇ ਦੇਸ ਦੀ ਜ਼ਿਸ਼ਾ ਦਸਾਂਦੇ ਹਨ:—

ਜਦੋਂ ਦੇਸ ਦੇ ਜੱਟ ਤਿਆਰ ਹੋਏ, ਘਰੋ ਘਰੀ ਜਾਂ ਨਵੀਂ
ਸਰਕਾਰ ਹੋਈ। ਅਸ਼ਰਾਫ਼ ਖਰਾਬ ਕਮੀਨ ਜ਼ਾਤਾਂ, ਜ਼ਿਮੀਦਾਰ
ਨੂੰ ਵੱਡੀ ਬਹਾਰ ਹੋਈ। ਚੋਰ ਚੌਧਰੀ ਯਾਰ ਨਾ ਪਾਕ
ਦਾਮਨ, ਭੂਤ ਮੰਡਲੀ ਇਕ ਦੂੰ ਚਾਰ ਹੋਈ ॥

ਏਹ ਨਾਦਰ ਸ਼ਾਹ ਦੇ ਹਮਲੇ ਦੇ ਵੇਲੇ ਦਾ ਹਾਲ ਦਸਦਾ ਹੈ ਹੈ। ਜਦ ਸਿੱਖਾਂ ਨੇ ਵੀ ਸਿਰ ਉਠਾਇਆ ਸੀ ਅਰ ਮਾਰ ਲੁੱਟ ਸ਼ੁਰੂ ਕਰ ਦਿੱਤੀ ਸੀ ॥

ਸਾਰੇ ਮੁਲਕ ਪੰਜਾਬ ਖਰਾਬ ਵਿੱਚੋਂ, ਮੈਨੂੰ ਵੱਡਾ ਅਫਸੋਸ
ਕਸੂਰਦਾ ਏ ॥

ਏਹ ਪਤਾ ਨਹੀਂ ਕਵੀ ਜੀ ਨੂੰ ਕਿਸ ਗੱਲ ਦਾ ਅਫਸੋਸ ਹੋਇਆ। ਕਸੂਰ ਓਹ ਸ਼ੈਹਰ ਸੀ ਜਿਥੇ ਏਹ ਪੜ੍ਹੇ ਸਨ। ਭਾਵੇਂ ਉਸ ਦੇ ਲੁੱਟੇ ਜਾਨ ਦਾ ਅਫ਼ਸੋਸ ਕਰਦੇ ਹੋਨ।

ਨਾਦਰ ਸ਼ਾਹ ਤੋਂ ਹਿੰਦ ਪੰਜਾਬ ਧੜਕੇ, ਮੇਰੇ ਬਾਪ ਦਾ ਤੁਧ
ਭੌਚਾਲ ਕੀਤੇ ॥ ਸਿੰਘਾਂ ਜੇਡ ਨਾ ਫਤੇ ਦਾ ਹੁਕਮ ਕਿਸਤੇ,
ਕੋਈ ਨਹੀਂ ਮਕਾਮ ਲਾਹੌਰ ਜੇਹਾ ॥

ਕਿਧਰੇ ਲਿਖਦੇ ੨ ਰਿਸ਼ਵਤਾਂ ਜਾਂ ਵੱਡੀਆਂ ਖਾਕੇ ਹਾਕਮਾਂ ਦ

ਬੇ ਇਨਸਾਫੀ ਕਰਨੀ ਤੇ ਕਿਧਰੇ ਨੌਕਰੀ ਨੂੰ ਨਿੰਦ ਵਿਖਾਇਆ:-

ਬੁਰਾ ਕਸਬ ਨਾ ਨੌਕਰੀ ਜੇਡ ਕੋਈ, ਯਾਦ ਹੱਕ ਦੀ ਜੇਡ ਅਕਾਬਰੀ ਵੇ। ਮਝੀਂ ਜੇਡ ਨਾ ਕਿਸੇ ਦੇ ਹੋਣ ਜੇਰੇ, ਰਾਜ ਹਿੰਦ ਪੰਜਾਬ ਨਾਂ ਬ੍ਰਾਬਰੀ ਵੇ ॥

ਕਵੀ ਜੀ ਦੀ ਕਵਿਤਾ ਵਿਚ ਇਕ ਵਡੀ ਖੂਬੀ (ਗੁਨ) ਏਹ ਹੈ ਕਿ ਏਹਨਾਂ ਨੇ ਅੰਤਲੀ ਕਲੀ ਵਿਚ ਹਮੇਸ਼ਾਂ ਕੁਝ ਨਾ ਕੁਝ ਸਚਾਈ ਭਰ ਰਖੀ ਹੈ, ਸਾਰੇ ਬੰਦ ਦਾ ਨਚੋੜ ਜਾਂ ਅਤਰ ਖਿਚ ਕੇ ਅੰਤ ਵਿਚ ਰਖ ਦਿਤਾ ਹੈ। ਫੇਰ ਸਾਰੀਆਂ ਕਲੀਆਂ ਤਾਂ ਮਸ਼ਾਹੂਰ ਅਖਾਨ ਈ ਹਨ, ਵੰਨਗੀ ਲਈ ਵੇਖੋ:-

ਵਾਰਸ ਜਿਨ੍ਹਾਂ ਨੂੰ ਆਦਤਾਂ ਭੈੜੀਆਂ ਨੀ, ਸਭ ਖਲਕਤਾਂ ਉਸ ਤੋਂ ਨਸਦੀਆਂ ਨੀ ॥ ਵਾਰਸ ਸ਼ਾਹ ਏ ਜਿਨ੍ਹਾਂ ਦਾ ਚੰਦ ਦੇਵਰ, ਡੁਬ ਮੋਈਆਂ ਉਹ ਭਰਜਾਈਆਂ ਨੀ ॥

ਵਾਰਸ ਸ਼ਾਹ ਇਸ ਜਗ ਤੋਂ ਉਠ ਜਾਨਾ, ਦਿਲੋਂ ਕਿਬਰ ਹੰਕਾਰ ਨੂੰ ਮਾਰੀਏ ਜੀ ॥ ਵਾਰਸ ਰੱਬ ਨੇ ਕੰਮ ਬਨਾ ਦਿੱਤਾ, ਪਰ ਉਮਰ ਹੈ ਨਕਸ਼ ਪਤਾਸੜੇ ਤੇ ॥ ਹੱਠ ਰੰਨ ਦੇ ਜੇਡ ਨਾ ਮਰਦ ਕਰਦਾ, ਵਾਰਸ ਸ਼ਾਹ ਨੂੰ ਖਬਰ ਇਸ ਹਾਲ ਦੀ ਏ ਦੌਲਤ ਦੀਨ ਤੇ ਧਰਮ ਈਮਾਨ ਸੱਭੇ, ਵਾਰਸ ਸ਼ਾਹ ਹੈ ਨਾਲ ਕਮਾਈਆਂ ਦੇ ॥ ਵਾਰਸ ਸ਼ਾਹ ਜੋ ਐਬ ਨਾ ਕੱਜਦਾਏ, ਰੱਬ ਉਸਦਾ ਨਹੀਂ ਛਪਾਉਂਦਾ ਓਏ ॥ ਸੂਰਜ ਸਵਾ ਨੇਜ਼ੇ ਉਤੇ ਆਨ ਠੈਹਰੇ, ਰਾਹ ਰੈਹਨਗੇ ਗਾਹ ਸਭਰੈਹਨਗੇ ਨੀ। ।ਵਾਰਸ ਸ਼ਾਹ ਮੀਆਂ ਜਿਨ੍ਹਾਂ ਲਾਈਆਂ ਨੀ, ਸੋਈ ਜਾਨਦੇ ਯਾਰੀਆਂ ਵਾਰੀਆਂ ਨੂੰ ॥ ਜੇਹਾ ਬੀਜੀਏ ਵਾਰਸਾ ਵੱਢ ਲਈਏ, ਹਰਫ ਵਿਚ ਹਦੀਸ ਦੇ ਆਇਆ ਈ ॥ ਵਾਰਸ ਸ਼ਾਹ ਮੀਆਂ ਜਿਨ੍ਹੂੰ ਇਸ਼ਕ ਲੱਗਾ, ਦੀਨ ਦੁਨੀ ਦੇ ਕੰਮ ਥੀਂ ਜਾ ਰਿਹਾ ॥ ਵਾਰਸ

ਯਾਰ ਦਾ ਤਦੋਂ ਦੀਦਾਰ ਪਾਈਏ, ਜਦੋਂ ਆਪਨਾ ਆਪ
ਗਵਾਈਏ ਜੀ ॥

ਵਾਰਸ ਦੀ ਕਵਿਤਾ ਦਾ ਨਮੂਨਾ ਤੇ ਬਤੇਰਾ ਆ ਗਿਆ, ਪਰ ਵਾਰਸ ਹੋਰਾਂ ਦੀ ਕਵਿਤਾ ਵਿਚ ਕਵਿਤਾ ਦੇ ਅਨੇਕ ਰੰਗ ਭਰੇ ਪਏ ਹਨ । ਕਿਧਰੇ ਤਸ਼ਬੀਹਾਂ ਨਵੀਆਂ ਕਿਧਰੇ ਖਿਆਲ ਦੀ ਬਾਰੀਕ ਖਿੱਚ, ਥਾਂ ਥਾਂ ਇਕ ਬੜਾ ਸੋਹਣਾ ਤਮਾਸ਼ਾ ਵਖਾਂਦੀ ਹੈ। ਵੰਨਗੀ ਲਈ ਕੁਝ ਬੈਂਤ ਲਿਖਦੇ ਹਾਂ;–

ਛਾਤੀ ਠਾਠ ਦੀ ਉੱਭਰੀ ਪੱਟ ਖੇਨੂੰ, ਸੇਉ ਬਲਖ ਦੇ ਚੁਨੇ
ਅਨਾਰ ਵਿੱਚੋਂ । ਬਾਹਾਂ ਵੇਲਨੇ ਵੇਲੀਆਂ ਗੁੱਨ੍ਹ ਮੱਖਨ,
ਛਾਤੀ ਸੰਗ ਮਰ ਮਰ ਗੰਗ ਦੀ ਧਾਰ ਵਿਚੋਂ ॥

ਤੁਸਾਂ ਜੇਹੇ ਮਾਸ਼ੂਕ ਜੇ ਹੋਨ ਰਾਜ਼ੀ, ਮੰਗੂ ਨੈਨਾਂ ਦੀ ਧਾਰ
ਵਿਚ ਚਾਰੀਏ ਨੀ ॥ ਬਦਨ ਹੋ ਗਿਆ ਸੁੱਕਕੇ ਕੁਰੰਗ ਤੇਰਾ
ਹੜਬਾਂ ਕੰਗਰੂੜ ਦੇ ਹੱਡ ਵਡੇ । ਜੱਮੀ ਸਿਕਰੀ ਹੋਠਾਂ
ਤੇਰਿਆਂ ਤੇ, ਲੋਹੂ ਫੁਟਦਾ ਤੇ ਪੈਂਦੀ ਜਾਨ ਫੰਡੇ । ਮੂੰਹੋਂ ਖੁਲ੍ਹ
ਕੇ ਗੱਲ ਨਾ ਕਰਨੀਏਂ ਤੂੰ, ਚੁਪ ਕੀਤੜਾ ਵਾਂਗ ਸੁਭਾ ਜੰਡੇ ॥

ਹਿਜਰ ਦੇ ਬਿਰਹੋਂ ਦੀ ਮਾਰੀ ਹੀਰ ਦੀ ਕੇਹੀ, ਸੋਹਣੀ ਤਸਵੀਰ ਖਿੱਚੀ ਹੈ।

ਸੁਰਖੀ ਹੋਠਾਂ ਦੀ ਲੋਹੂ ਦੰਦਾਸੜੇ ਦਾ, ਖੋਜਾ ਖੱਤਰੀ ਕਤਲ
ਬਜ਼ਾਰ ਵਿਚੋਂ ॥

ਏਸ ਬੈਂਤ ਦੀ ਤਸ਼ਬੀਹ ਦਸਦੀ ਹੈ, ਕਿ ਉਸ ਸਮੇਂ ਖੋਜੇ ਤੇ ਖੱਤ੍ਰੀ ਦਾ ਮਾਰ ਦੇਨਾ ਜੱਟਾਂ ਲਈ ਇਕ ਮਾਮੂਲੀ ਗੱਲ ਸੀ। ਦੋਵੇਂ ਜਾਤਾਂ ਬਿਆਜ ਖੋਰ ਹਨ ਤੇ ਅੱਜ ਕੱਲ ਵੀ ਫੇਰ ਏਹੀ ਵਢੀਂਦੇ ਹਨ, ਭਾਗ !

ਜੇਹੜੀਆਂ ਆਦਤਾਂ ਪੈਨ ਤੇ ਰੈਹਨ ਨਾਹੀਂ, ਸਿਰ ਜ਼ਾਏ ਤੇ ਸਿਰੜ ਨਾ ਜਾਇ ਮੀਆਂ ॥ ਨੱਢੀ ਆਖਸਨ ਝਗੜਦੀ ਨਾਲ ਲੋਕਾਂ, ਇਸ ਭੰਬੜੇ ਸੋਹਣੇ ਯਾਰ ਉਤੋਂ ॥ ਜਿਵੇਂ ਸੋਂਹਦੀਆਂ ਛੈਲ ਉਸ ਜੋਗੀੜੇ ਨੂੰ, ਜਿਵੇਂ ਚੰਦ ਦੁਆਲੇ ਘਟਾਂ

੧ ੨ ੩ ੪ ੫

ਛਾਈਆਂ ਨੀ ॥ ਬਿੱਲੀ, ਰੰਨ, ਫਕੀਰ ਤੇ ਅੱਗ, ਬਾਂਦੀ ਤਿਨ੍ਹਾਂ ਫਿਰਨ ਘਰੋ ਘਰੀ ਕਾਰ ਹੋਵੇ। ਠਾਠ ਜੋੜਕੇ ਬੱਦਲਾਂ ਘਟਾ ਬਧੀ, ਵੇਖਾਂ ਕੇਹੜਾ ਦੇਸ ਨਿਹਾਲ ਹੋਵੇ ॥

ਚਮਕੇ ਨੂਰ ਖੁਦਾਇਦਾ ਮੁਖ ਸੁਰਖੀ ਜਿਸ ਤੇ ਪਵੇਗੀ ਨਜ਼ਰ ਖੁਸ਼ਹਾਲ ਹੋਵੇ ॥

ਏਹ ਹੀਰ ਦੇ ਆਉਨ ਦਾ ਨਕਸ਼ਾ ਹੈ ॥

ਕਵੀ ਜੀ ਨੇ ਅਪਨੇ ਕਿੱਸੇ ਵਿਚ ਏਹ ਦੱਸਿਆ ਹੈ ਕਿ ਪੁਰਾਨੇ ਸਮਿਆਂ ਵਿਚ ਵਿਆਹ ਦੇ ਵੇਲੇ ਮੁਸਲਮਾਨ ਵੀ ਨਕਾਹ ਤੋਂ ਛੁਟ ਹੋਰ ਸਭ ਰਸਮਾਂ ਹਿੰਦੂਆਂ ਵਾਲੀਆਂ ਕਰਦੇ ਸਨ। ਉਹੀ ਗਾਨਾ ਬੰਨ੍ਹਨਾ, ਉਹੀ ਖੇਡ ਖੇਡੁੱਕਨੇ ਖੜਾਨੇ। ਹੁਨ ਵੀ ਸ਼ੇਖਾਂ ਵਿਚ ਏਹ ਰਸਮਾਂ ਜਾਰੀ ਹਨ। ਪੁਰਾਨੇ ਸਮੇਂ ਦੇ ਗੈਹਨੇ ਕੱਪੜੇ, ਦਾਜ ਦਾਤ, ਜੰਵ ਦੀ ਆਓ ਭੁਗਤ, ਵਾਜੇ ਗਾਜੇ, ਆਤਸ਼ਬਾਜ਼ੀ ਏਹਨਾਂ ਸਭਨਾਂ ਦਾ ਹਾਲ ਦੱਸਿਆ ਜਿਸ ਤੋਂ ਉਸ ਸਮੇਂ ਦੀਆਂ ਜੰਞਾਂ ਵਿਚ ਜੋ ਰੌਣਕ ਹੁੰਦੀ ਸੀ ਦਸੀ ਹੈ। ਘੋੜੇਦੌੜਾਂ ਨੇਜ਼ੇ ਬਾਜ਼ੀ, ਸ਼ਿਕਾਰ ਆਦਿ ਏਹ ਸਭ ਗੱਲਾਂ ਇਕ ਜਾਂਞੀਆਂ ਦੇ ਜੀ ਸੁਖਾਵੇ ਕੰਮ ਸਨ। ਇਕ ਕਰਤਬ ਦਖਾਨੇ, ਦੂਜਾ ਜੀ ਪਰਚਾਨੇ। ਬਹਾਦਰੀ ਦੇ ਸਮੇਂ ਸਨ, ਹਥਿਆਰਾਂ ਦੀ ਬੰਦਸ਼ ਨਾਂ ਸੀ। ਜੂਹਾਂ, ਬਾਰਾਂ ਤੇ ਬੇਲਿਆਂ ਵਿਚੋਂ ਜੰਞਾਂ ਨੇ ਲੰਘਣਾ ਹੁੰਦਾ ਸੀ, ਹਥਿਆਰ ਨਾ ਹੁੰਦੇ ਤਾਂ ਜਾਂਗਲੀ ਜਨੌਰ, ਸ਼ੇਰ ਬਾਘ ਆਦਿ ਈ ਮਾਰ ਮੁਕਾਂਦੇ। ਜੇ ਧਾੜਵੀ ਆ ਪੈਂਦੇ ਤਾਂ ਲੁਟ ਲੁਟਾ ਜੰਞ ਦਾ ਸਫਾਇਆ ਕਰ ਜਾਂਦੇ॥

ਕਵੀ ਜੀ ਨੇ ਕਿਸੇ ਨੂੰ ਸਵਾਦਲਾ ਬਨਾਨ ਤੇ ਸ਼ੰਗਾਰ ਰਸ ਦਾ ਰੰਗ ਦਵਾਨ ਲਈ ਕਿਨ੍ਹੀ ਥਾਵੀਂ ਅਜੇਹੇ ਬਚਨ ਵੀ ਲਿਖ ਦਿਤੇ ਹਨ ਜੇਹੜੇ ਸ਼ਰਮ ਤੇ ਹੱਯਾ ਤੋਂ ਡਿੱਗੇ ਹੋਏ ਹਨ। ਕਿਨ੍ਹੀਂ ਥਾਂਵੀਂ ਅਪਨੀ ਗੱਲ ਨੂੰ ਆਪੇ ਕਟ ਗਏ। ਕਿਧਰੇ ਹੀਰ ਨੂੰ ਕਾਮ ਦੀ ਭਰੀ ਦੱਸਿਆ, ਤੇ ਏਹ ਦਖਾਇਆ ਹੈ ਕਿ ਰਾਂਝਾ ਤੇ ਹੀਰ ਬੇਲੇ ਵਿਚ ਚਰੋਕਨੀਆਂ ਮੌਜਾਂ ਮਾਨ ਚੁੱਕੇ। ਕਿਧਰੇ ਜਾਕੇ (ਜੱਕਨ ਹੀਰ ਦਾ ਖਤ ਭਰਜਾ-ਈਆਂ ਨੂੰ) ਹੀਰ ਅਪਨੇ ਆਪ ਨੂੰ ਅਨਛੂਤ ਦਸਦੀ ਹੈ ਤੇ ਕਿਧਰੇ ਰਾਂਝੇ ਨੂੰ ਕਾਮ ਭਰੀ ਵਾਸ਼ਨਾ ਨਾਲ ਸਦਦੀ ਹੈ: -

ਅੱਗੇ ਚੂੰਡੀਆਂ ਨਾਲ ਹੰਡਾਇਓਈ; ਜ਼ੁਲਫ ਕੁੰਡਲਾਂ ਦੇ ਹੁਣ ਦੇਖ ਮੀਆਂ ॥

ਜੇ ਰਾਂਝਾ ਕਾਮੀ ਸੀ, ਉਸ ਨੂੰ ਹੀਰ ਦੇ ਉਧਾਲ ਕੇ ਲੈ ਜਾਨ ਵਿਚ ਕੀ ਡਰ ਸੀ। ਜਦ ਲੈ ਨਿਕਲਿਆ ਸੀ ਫੇਰ ਝੰਗ ਜਾਨ ਦੀ ਕੀ ਲੋੜ ਸੀ ? ਕਵੀ ਜੀ ਨੂੰ ਆਪ ਈ ਯਕੀਨ ਨਹੀਂ ਕਿ ਕੀ ਲਿਖਿਆ, ਜੇ ਬੇਲੇ ਵਿਚ ਵਿਸਾਲ ਨਾਂ ਕਰਾਂਦੇ ਜਾਂ ਹੀਰ ਦੇ ਮੁਖੋਂ ਕਾਮ ਭਰੇ ਬਚਨ ਨਾ ਅਖਾਂਦੇ ਤਾਂ ਕਵੀ ਜੀ ਹੀਰ ਤੇ ਰਾਂਝੇ ਦੇ ਆਚਰਨ ਨੂੰ ਬੜਾ ਉਚਾ ਦਸਾਂਦੇ। ਪਰ ਕਵੀ ਜੀ ਦਾ ਮਨ ਇਸ਼ਕ ਤੇ ਕਾਮ ਵਿਚ ਰੱਤਾ ਸੀ, ਉਹੀ ਕਿੱਸੇ ਵਿਚ ਫੋਟੋ ਉਤਰ ਆਇਆ॥

ਫੇਰ ਕਿਧਰੇ ਤੇ ਸੈਹਤੀ ਦੇ ਮੂੰਹੋ ਅਖਾਇਆ ਹੈ ਕਿ "ਵੇਹੜੇ ਵੜੇਂ ਤਾਂ ਜੁੰਡੀਆਂ ਖੋਹ ਸਟੂੰ'। ਪਰ ਆਪ ਈ ਰਾਂਝੇ ਨੂੰ ਘੋਨ ਮੋਨ ਮੁਨਾਇਆ ਦੱਸਿਆ ਹੈ। ਕਿਧਰੇ ਨਰਘੰਟੂ ਨੂੰ ਵੈਦਕ ਦੀ ਕਤਾਬ ਦੱਸਿਆ ਹੈ, ਵਾਰਸ ਨੇ ਅਦਲੀ ਰਾਜੇ ਦਾ ਸਵਾਂਗ ਐਵੇਂ ਬਨਾਇਆ ਹੈ, ਭਲਾ ਉਸ ਰਾਜ ਵਿੱਚ ਰਾਜੇ ਕਿੱਥੇ ? ਅਰ ਓਹ ਵੀ ਝੰਗ ਤੇ ਮਜ਼ੱਫਰ ਗੜ੍ਹ ਦੇ ਇਲਾਕੇ ਵਿਚ, ਫੇਰ ਜੇਦ ਹੀਰ ਨੂੰ ਰਾਂਝਾ ਲੈ ਕੇ ਮੁੜਿਆ ਹੈ ਤਾਂ ਪਹਾੜੀ ਤ੍ਰੀਮਤਾਂ

ਉਸ ਨੂੰ ਮਿਲੀਆਂ ਹਨ, ਜਿਨ੍ਹਾਂ ਦੀ ਪਹਾੜੀ ਬੋਲੀ ਦੀ ਵੰਨਗੀ ਵਾਰਸ ਨੇ ਅਪਨੇ ਬੈਂਤਾਂ ਵਿਚ ਬਧੀ ਹੈ। ਏਹ ਬੋਲੀ ਜੰਮੂੰ ਦੇ ਪਹਾੜਾਂ ਦੀ ਹੈ, ਅਰ ਰਾਂਝੇ ਨੇ ਏਹਨਾਂ ਪਹਾੜਾਂ ਵਿਚ ਕੀ ਕਰਨ ਜਾਨਾ ਸੀ। ਜੇ ਮੰਨੀਏ ਕਿ ਕਿਰਾਨੇ ਤੇ ਚਨਿਓਟ ਦੀਆਂ ਪਹਾੜੀਆਂ ਦੀ ਬੋਲੀ ਹੈ ਤਾਂ ਏਹ ਵੀ ਠੀਕ ਨਹੀਂ। ਉਸ ਸਾਰੇ ਇਲਾਕੇ ਦੀ ਬੋਲੀ ਇਕ ਹੈ ਜੇ ਏਹ ਮੰਨੀਏ ਕਿ ਰਾਂਝਾ ਹੀਰ ਨੂੰ ਕਢ ਜੰਮੂੰ ਦੇ ਪਹਾੜਾਂ ਵਿਚ ਨੱਠ ਗਿਆ ਸੀ, ਅਰ ਉੱਥੇ ਈ ਰਾਜੇ ਕੋਲ ਉਸ ਦਾ ਇਨਸਾਫ ਹੋਇਆ ਤਾਂ ਸਾਨੂੰ ਅਪਨੀ ਮੰਨਨ ਦੀ ਸ਼ਕਤੀ ਨੂੰ ਬੜਾ ਖਿੱਚਨਾ ਪਵੇਗਾ। ਕਿਥੇ ਰੰਗ ਪੁਰ ਤੇ ਕਿੱਥੇ ਜੰਮੂੰ ਰਿਆਸਤ ਦੇ ਪਹਾੜ। ਬਿਨ ਸਾਮਾਨ ਉਥੇ ਕੀਕਨ ਪੁੱਜਾ ਅਰ ਰਾਹ ਵਿੱਚ ਉਹ ਝੰਗ ਜਾਂ ਅਪਨੇ ਇਲਾਕੇ ਤਖਤ ਹਜ਼ਾਰੇ ਈ ਕਿਉਂ ਨਾ ਰੈਹ ਪਿਆ ? ਜਿਥੇ ਉਸ ਦੇ ਜ਼ਾਤ ਭਰਾ ਰਾਂਝੇ ਉਸ ਦੀ ਮਦਦ ਵੀ ਕਰਦੇ। ਫੇਰ ਏਹ ਗੱਲ ਅਨਹੋਨੀ ਵੀ ਹੈ ਕਿਉਂ ਜੋ ਰਾਤੀ ਨੱਠਾ ਸੀ ਸਵੇਰ ਵਾਹਰ ਉਸ ਦੇ ਪਿਛੇ ਦੌੜੀ, ਛੇ ਸੱਤ ਘੰਟੇ ਦਾ ਫਰਕ ਸੀ, ਉਹ ਜ਼ਰੂਰ ਦਰਿਆਓਂ ਉਰੇ ੨ ਈ ਪਕੜਿਆ ਗਿਆ ਹੋਨਾ ਏ। ਏਹ ਕਵੀ ਨੇ ਐਵੇਂ ਖਿੱਚ ਕਰਕੇ ਲਿਖਿਆ, ਮੁਕਬਲ ਨੇ ਨਹੀਂ ਲਿਖਿਆ, ਹਾਂ ਅਦਲੀ ਰਾਜੇ ਦਾ ਜ਼ਿਕਰ ਹੈ। ਖਬਰੇ ਅਦਲੀ ਰਾਜੇ ਦਾ ਅਰਥ ਹਿੰਦੂ ਜਜ ਦਾ ਹੋਵੇ। ਕਾਜ਼ੀ ਤਾਂ ਮੁਸਲਮਾਨ ਸਦਾਉਂਦੇ ਹੋਨਗੇ ਅਰ ਹਿੰਦੂ ਜੱਜ ਅਦਲੀ ਰਾਜਾ ਜਾਂ ਇਨਸਾਫ ਕਰਨ ਵਾਲਾ ਹਾਕਮ॥

ਵਾਰਸ ਨੇ ਰਾਇਬਾਂ ਸਾਇਬਾਂ ਨੂੰ ਐਵੇਂ ਕਿੱਸੇ ਵਿਚ ਘੁਸੇੜਿਆ ਕੋਈ ਲੋੜ ਨਹੀਂ ਸੀ। ਨਾ ਹੀ ਮੁਕਬਲ ਨੇ ਇਹਨਾਂ ਨੂੰ ਲਿਆਂਦਾ ਹੈ ਅਰ ਏਹ ਛੋਕਰੀਆਂ ਹੀਰ ਨਾਲ ਇਸ ਤਰ੍ਹਾਂ ਬੇਹਯਾਈ ਦੀਆਂ ਗੱਲਾਂ ਕਦਾਚਿਤ ਨਾ ਕਰਦੀਆਂ, ਸੈਹਤੀ ਇਕੋ

ਕਾਢੀ ਸੀ। ਹੀਰ ਚੰਗਿਆਂ ਦੀ ਨੂੰਹ ਸੀ, ਘਰ ਘਰ ਦੀ ਛਿੱਟ ਥੋੜੀ ਸੀ।

ਏਸ ਕਿੱਸੇ ਦੀ ਪਲਾਟ ਦਰਿਆ ਝਨਾਂ ਦੇ ਕਿਨਾਰੇ ਤੇ ਈ ਹੈ ਅਤ ਸਮਾਂ ਬਾਬਰ ਤੋਂ ਪੈਹਲੇ ਜਾਂ ਕੋਲ ੨ ਦਾ। ਕੋਈ ਬੈਹਲੋਲ ਦੇ ਰਾਜ ਦੀ ਕਹਾਨੀ ਦਸਦੇ ਹਨ। ਰਾਂਝਾ ਤਖਤ ਹਜ਼ਾਰੇ ਦਾ ਜੋ ਪਿੰਡ ਰਾਂਝਿਆਂ ਦੇ ਕੋਲ ਹੈ, ਅਰ ਹੀਰ ਝੰਗ ਸਿਆਲਾਂ ਦੀ। ੮੦ ਮੀਲ਼ ਦਾ ਫਾਸਲਾ, ਵਿਆਹੀ ਰੰਗ ਪੁਰ, ਜੋ ਅਜ ਕਲ ਮੁਜ਼ਫਰ ਗੜ੍ਹ ਦੇ ਜ਼ਿਲੇ ਵਿਚ, ਝੰਗ ਤੋਂ ੭੦ ਮੀਲ ਦੱਖਨ ਪੱਛਮ ਦੀ ਗੁਠ ਹੈ। ਰਾਂਝੇ ਨੇ ਜੋਗੀਆਂ ਦੇ ਟਿੱਲੇ ਜੋ ਗੋਰਖ ਦਾ ਟਿੱਲਾ ਮਸ਼ਾਹੂਰ ਹੈ, ਅਤ ਜਿੱਥੇ ਇਕ ਪੱਥਰ ਹੈ, ਜਿਸ ਤੇ ਆਖਦੇ ਹਨ ਰਾਂਝੇ ਦੇ ਕੰਨ ਪਾੜੇ ਸਨ, ਜਾਕੇ ਜੋਗ ਲੀਤਾ। ਜਦ ਖੇੜੇ ਹੀਰ ਨੂੰ ਰੰਗਪੁਰ ਲੈ ਗਏ ਏਹ ਉਦਾਸ ਹੋ ਹਜ਼ਾਰੇ ਨੂੰ ਮੁੜਿਆ, ਪਰ ਦਿਲ ਵਿਚ ਭਾਬੀਆਂ ਦੇ ਤਾਨੇ ਯਾਦ ਆਏ। ਬਿਨਾਂ ਹੀਰ ਮੁੜਨਾ ਇਕ ਦਾਗ ਜਾਤਾ। ਕੁਝ ਇਸ਼ਕ ਦਾ ਸਤਾਇਆ, ਕੁਝ ਖੇੜਿਆਂ ਦੇ ਹੀਰ ਲੈ ਜਾਨ ਤੋਂ ਭੁਨਿਆ ਤੇ ਨਿਰਾਸ ਹੋਇਆ ੨ ਟਿੱਲੇ ਜਾ ਕੰਨ ਪੜਾਏ ਅਰ ਏਹ ਅਖਾਨ ਕਿ; "ਇਸ਼ਕੋਂ ਫਿੱਟਾ ਜੋਗੀ ਜਾ ਬਨਦਾ ਹੈ" ਸੱਚ ਕਰ ਦਖਾਇਆ। ਜੋਗੀ ਹਿੰਦੂ ਮੁਸਲਮਾਨ ਦੋਵੇਂ ਜ਼ਾਤਾਂ ਅਕਸਰ ਬਨਦੇ ਸਨ, ਹੁਨ ਵੀ ਮੁਸਲਮਾਨ ਤੇ ਹਿੰਦੂ ਜੋਗੀ ਹੁੰਦੇ ਹਨ। ਚੂੜ੍ਹੇ ਵੀ ਜੋਗੀ ਹਨ ਅਰ ਫ਼ਕੀਰਾਂ ਦਾ ਏਹ ਫਿਰਕਾ ਬੜਾ ਖੁੱਲ੍ਹਾ ਤੇ ਨਸ਼ੰਗ ਹੈ। ਏਸੇ ਭੇਖ ਵਿਚ ਰਾਂਝੇ ਦਾ ਕੰਮ ਸੌਰਨਾ ਸੀ। ਉਸ ਵੇਲੇ ਮੁਸਲਮਾਨ ਫਕੀਰਾਂ ਦੇ ਢੇਰ ਫਿਰਕੇ ਹਿੰਦ ਵਿਚ ਜਾਰੀ ਨਾ ਸਨ, ਸੂਫੀ ਫਕੀਰਾਂ ਦੇ ਫਿਰਕੇ ਸਨ, ਪਰ ਉਹ ਸਨ ਹੋਰ ਢੰਗ ਦੇ, ਰਾਂਝਾ ਸੀ ਹੋਰ ਰੰਙਨ ਵਿਚ ਰੱਤਾ ਤੇ ਮੁੱਲਾਂ ਮੁਲਵਾਨੇ ਬਨਨ ਨਾਲ ਵੀ ਕੰਮ ਨਹੀਂ ਸੀ ਬਨਦਾ। ਉਸ ਜ਼ਮਾਨੇ ਵਿਚ ਜੋਗੀਆਂ ਦੀ ਕਦਰ ਸੀ। ਵੇਖੋ ਜਦ ਰਾਂਝਾ ਜੋਗੀ ਬਨ ਰੰਗ ਪੁਰ ਗਿਆ ਤਾਂ

ਛੋਟੀਆਂ ਵੱਡੀਆਂ ਉਸਦੇ ਦਵਾਲੇ ਆ ਹੋਈਆਂ । ਕੋਈ ਕੁਝ ਪੁਛੇ ਕੋਈ ਕੁਝ । ਕੋਈ ਪੁੱਤ ਦੀ ਆਸ ਕਰੇ, ਕੋਈ ਧਨ ਤੇ ਸੁਖ ਦਾ ਸੁਆਸ ਭਰੇ, ਕੋਈ ਪਤੀ ਵਸ ਕਰਨ ਦਾ ਮੰਤ੍ਰ ਪੁੱਛੇ, ਕੋਈ ਯਾਰ ਮਨਾਨ ਦਾ ਜੰਤ੍ਰ । ਜਦ ਸੈਹਤੀ ਜੋਗੀ ਨਾਲ ਲੜੀ ਤਾਂ ਵੀ ਸਿਆ- ਣੀਆਂ ਨੇ ਆਨ ਮੱਤ ਦਿਤੀ ॥

ਮੰਗ ਖਾਇਕੇ ਸਦਾ ਏਹ ਵੇਸ ਤਿਆਗਨ, ਤੰਬੂ ਵੈਰ ਦੇ ਨਾ
ਏਹ ਤਾਨਦੇ ਨੀ। ਸਦਾ ਰੈਹਨ ਉਦਾਸ ਨਰਾਸ ਨੰਗੇ, ਬ੍ਰਿਛ
ਫੂਕਕੇ ਸਿਆਲ ਗੁਜ਼ਰਾਨ ਦੇ ਨੀ ॥

ਹੁਨ ਵਾਰਸ ਸ਼ਾਹ ਦੀ ਹੀਰ ਦੀਆਂ ਕਿੰਨੀਆਂ (Editions) ਵਖ ਵਖ ਪੋਥੀਆਂ ਹਨ, ਇਕ ਤੇ ਪੁਰਾਨੀ ਹੀਰ ਜੇਹੜੀ ਵਿਸਥਾ ਵਿਚ ਘਟ ਹੈ, ਫੇਰ ਹਦਾਇਤ ਉੱਲ੍ਹਾ ਦੀ ਸੋਧੀ ਹੋਈ, ਮੁਕਬਲ ਹੀਰ, ਤੇ ਕੋਈ ੧੦ ਕੁ ਵਰਿਹਾਂ ਥੀਂ ਪੀਰਾਂ ਦਿਤਾ ਦੀ ਵਡੀ ਹੀਰ ! ਜਿਸ ਵਿਚ ੮੦੦ ਤੋਂ ਵਧੀਕ ਬੈਂਤ ਅਸਲ ਹੀਰ ਨਾਲੋਂ ਵਧੀਕ ਹਨ, ਅਟ, ਛਾਪਨ ਵਾਲੇ ਏਹ ਲਿਖਦੇ ਹਨ ਕਿ ਉਹਨਾਂ ਇਕ "ਕਲਮੀ ਨੁਸਖਾ" ਲਭਾ ਤੇ ਉਸਤੋਂ ਏਹ ਹੀਰ ਛਾਪੀ । ਪਰ ਜਦ ਬੈਂਤਾਂ ਵਲ ਤਕਨੇ ਹਾਂ ਤਾਂ ਪਤਾ ਲਗਦਾ ਹੈ ਕਿ ਢੇਰ ਸਾਰੇ ਬੈਂਤ ਪਿਛੋਂ ਪਾਏ ਹਨ । ਹਦਾਇਤ ਉੱਲਾ ਹੋਰਾਂ ਨੇ ਤੇ ਵਧੀਕ ਬੈਂਤ ਜੇਹੜੇ ਪਾਏ ਸਨ ਉਹਨਾਂ ਤੇ ਨਸ਼ਾਨ ਕਰ ਦਿਤਾ ਸੀ, ਪਰ ਸਾਰੀ ਵਡੀ ਹੀਰ ਵਾਰਸਸ਼ਾਹ ਦੀ ਬਨਾਈ ਦਸੀ ਜਾਂਦੀ ਹੈ, ਸਾਡੇ ਕੋਲ ਇਕ ਕਲਮੀ ਹੀਰ ਸਿਖਾਂ ਦੇ ਵੇਲੇ ਦੀ ਲਿਖੀ ਹੈ, ਉਸ ਨਾਲੋਂ ਵਡੀ ਹੀਰ ਵਿਚ ਕਿੰਨੇ ਈ ਬੈਂਤ ਤੇ ਬੰਦ ਵਾਧੂ ਹਨ । ਹੁਨ ਇਕ ਵਡੀ ਹੀਰ ਈ ਨਹੀਂ ਐਪਰ ਦੋ ਕੁ ਵਰਹੇ ਹੋਏ ਇਕ ਵਾਰਸ ਸ਼ਾਹ ਦੀ ਸੋਹਨੀ ਛਪੀ, ਤੇ ਕੱਲ ਨੂੰ ਵਾਰਸ ਦੀ ਸੱਸੀ ਤੇ ਜ਼ੁਲੈਖਾਂ ਦੀ ਤਾਂਘ ਰੱਖਣੀ ਪਵੇਗੀ, ਕਿਉਂਕਿ ਪੰਜਾਬੀ ਦੀ ਪੁਰਾਨੀ ਲਿਟ੍ਰੇਚਰ ਨੂੰ ਸੁਧ ਰਖਨ ਤੇ ਅਜ ਕਲ ਮਲਾਵਟ ਤੋਂ ਬਚਾਨ ਦਾ

ਕੋਈ ਕਾਨੂੰਨ ਤੇ ਰਾਹ ਨਹੀਂ ਤੇ ਨਾਈਂ ਕੋਈ ਕਮੇਟੀ ਸੁਸੈਟੀ ਅਜੇਹੀ ਹੈ, ਜੇਹੜੀ ਅਜੇਹੀਆਂ ਝੂਠੀਆਂ ਪੁਸਤਕਾਂ ਦੇ ਛਾਪਨ ਨੂੰ ਡੱਕ ਪਾਏ, ਤੇ ਨਾ ਈ ਆਮ ਖਾਸ ਨੂੰ ਏਹਨਾਂ ਗੱਲਾਂ ਵਿਚ ਕੁਝ ਰਸ ਹੈ ॥

ਵੱਡੀ ਹੀਰ ਦੀ ਪੜਤਾਲ ਬੜੀ ਮੁਸ਼ਕਲ ਹੈ ਕਿਉਂ ਜੋ ਜਿਸ ਨੇ ਵਧੀਕ ਬੈਂਤ ਲਿਖਕੇ ਵਿਚ ਮਿਲਾਏ ਹਨ, ਉਸਦੀ ਲਿਆਕਤ ਦਾ ਸ਼ਾਬਾਸ਼ੇ ਕਿ ਨਾਲ ਮਿਲਾ ਦਿਤੇ ਹਨ ਫਰਕ ਪਤਾ ਨਹੀਂ ਲੱਗਦਾ, ਹਾਂ ਕਿਧਰੇ ੨ ਅਜੇਹੇ ਪਦ ਵਰਤੇ ਹਨ ਜੋ ਵਾਰਸ ਵੇਲੇ ਪ੍ਰਚਲਤ ਨਾ ਸਨ ਅਰ ਕਿਧਰੇ ਇਕੋ ਗਲ ਨੂੰ ਦੋਬਾਰਾ ਆਖ ਸੁਨਾਇਆ ਹੈ:-

ਇਸ਼ਕ ਬਾਦਸ਼ਾਹੀ ਅਗੇ ਸ਼ੁਰੂ ਹੋਈ, ਥਾਨਾ ਕੋਤਵਾਲੀ ਜਿਉਂ ਤੈਹਸੀਲ ਯਾਰੋ ॥

ਏਹ ਬੈਂਤ ਪੁਰਾਨੀ ਹੀਰ ਵਿਚ ਨਹੀਂ ਤੇ ਨਾ ਹੀ ਏਹ ਬੰਦ ਹੈ, ਥਾਨਾ ਤੈਹਸੀਲ ਨਵੇਂ ਪਦ ਹਨ ਪੈਹਲੇ ਤੈਹਸੀਲ ਨੂੰ ਪਰਗਨਾ ਆਖਦੇ ਸਨ ਅਰ ਥਾਨੇ ਨਹੀਂ ਸੀ ਹੁੰਦੇ, ਹਾਂ ਵੱਡੇ ਵੱਡੇ ਸ਼ੈਹਰਾਂ ਵਿਚ ਕੋਤਵਾਲੀ ਜਰੂਰ ਸੀ, ਵਾਰਸ ਹੋਰਾਂ ਏਹ ਪਦ ਕਾਨੂੰ ਵਰਤਨੇ ਸਨ, ਫੇਰ ਇਕ ਥਾਂ ਲਿਖਿਆ ਹੈ--

ਸਦੀ ਤੇਰ੍ਹਵੀਂ ਵਾਂਗ ਨਾ ਯਕੜੀ ਹਾਂ, ਹੁਕਮ ਨਾਲ ਰਸੂਲ ਅਲਾਹ ਦੇ ਨੀ ॥

ਵਾਰਸ ਬਾਰ੍ਹਵੀਂ ਸਦੀ ਵਿਚ ਹੋਇਆ ਸੀ, ਸਦੀ ਤੇਰ੍ਹਵੀਂ ਦੀ ਬੁਰਿਆਈ, ਤੇਰ੍ਹਵੀਂ ਸਦੀ ਦੇ ਅੰਤ ਵਿਚ ਸ਼ਾਇਰਾਂ ਨੇ ਕਰਾਨੀ ਸ਼ੁਰੂ ਕੀਤੀ, ਪੈਹਲੇ ਈ ਅਗਲੇ ਆਨ ਵਾਲ਼ੇ ਸਮੇਂ ਦਾ ਕੋਈ ਜ਼ਿਕਰ ਕਰਕੇ ਤਸ਼ਬੀਹ ਨਹੀਂ ਦੇਂਦਾ ਤੇ ਪੁਰਾਨੀ ਹੀਰ ਵਿਚ ਵੀ ਏਹ ਬੈਂਤ ਨਹੀਂ। ਹੋਰ ਵੇਖੋ ਇਕੋ ਗਲ ਨੂੰ ਦੋਬਾਰਾ ਲਿਖਿਆ ਹੈ:--

ਵਾਰਸ ਸ਼ਾਹ ਪਰ ਅਸਾਂ ਮਲੂਮ ਕੀਤਾ, ਜੱਟੀ ਜੋਗੀ ਦੋਵੇਂ ਇਕੋ

ਹਾਨ ਦੇ ਨੀ। ਵਾਰਸਸ਼ਾਹ ਮਨ੍ਹੇ ਕੀਤੇ ਰੈਹਨ ਨਾਹੀਂ ਜੱਟੀ ਜੋਗੀ ਦੋਵੇਂ ਇਕ ਹਾਨ ਦੇ ਨੀ॥

ਏਸ ਗੱਲ ਦਾ ਨਿਰਨਾਂ ਕਰਨਾ ਕਿ ਕੇਹੜੇ ਬੈਂਤ ਨਵੇਂ ਹਨ ਤੇ ਕੇਹੜੇ ਪੁਰਾਨੇ ਢੇਰ ਔਖਾਂ ਹੈ। ਪਰ ਏਨਿਆਂ ਵਰ੍ਹਿਆਂ ਪਿਛੋਂ ਇਕ ਨੁਸਖੇ ਦਾ ਲੱਭਨਾ ਜਿਸ ਵਿਚ ੮੦੦ ਬੈਂਤ ਵਧੀਕ ਹੋਨ ਅਸ-ਚਰਜ ਹੈ। ਸ਼ੇਰ ਖਾਨ ਦਾ ਜੰਡਿਆਲਾ ਸਭ ਜਾਨਦੇ ਸਨ ਕੋਈ ਲੁਕੀ ਛਿਪੀ ਥਾਂ ਨਹੀਂ ਸੀ। ਉਥੋਂ ਜਾਕੇ ਏਹ ਨੁਸਖਾ ਹਰ ਕੋਈ ਲਿਆ ਸਕਦਾ ਸੀ ਅਰ ਜਦ ਮੁਕੱਮਲ ਹੀਰ ਛਪੀ ਜੋ ਮੀਆਂ ਹਦਾਇਤ ਉੱਲਾ ਨੇ ਸੋਧੀ ਤਾਂ ਵੀ ਏਸ ਕਲਮੀ ਨੁਸਖੇ ਦੀ ਪੜਤਾਲ ਹੋਈ, ਖਵਰੇ ਸੱਚ ਕੀ ਹੈ ਲਿਖਨ ਵਾਲੇ ਜਾਨਨ। ਪਰ ਮੀਆਂ ਪੀਰਾਂ ਦਿੱਤਾ ਦੀ ਲਿਖੀ ਹੋਈ ਜ਼ੁਲੈਖਾਂ ਨੂੰ ਵੇਖਨੇ ਹਾਂ ਤਾਂ ਪਤਾ ਲੱਗਦਾ ਹੈ ਕਿ ਉਹ ਚੰਗੇ ਬੈਂਤ ਲਿਖ ਕੇ ਵਿਚ ਪਾ ਸੱਕਨ ਯੋਗ ਹਨ, ਪਰ ਅੱਜ ਕੱਲ ਵਾਕਫ ਕਾਰ ਇਸ ਵੱਡੀ ਹੀਰ ਨੂੰ ਨਿਰੋਲ ਵਾਰਸ ਦੀ ਕ੍ਰਿਤ ਨਹੀਂ ਮੰਨਦੇ (ਵੇਖੋ ਦੀਬਾਚਾ ਕਿੱਸਾ ਹੀਰ ਰਾਂਝਾ, ਕ੍ਰਿਤ "ਕੁਸ਼ਤਾ"] ਅਰ ਲੇਖਕਦੀ ਵੀ ਏਹੀ ਰਾਏ ਹੈ, ਕਿ ਵੱਡੀ ਹੀਰ ਵਿਚ ਢੇਰ ਮਿਲਾਵਟ ਹੈ, ਹਰ ਬੰਦ ਵਿਚ ਬੈਂਤ ਵਧਾਏ ਗਏ ਹਨ॥

ਸੋਹਣੀ ਵਾਰਸ—ਏਹ ਕਿੱਸਾ ਨਵਾਂ ਛਪਿਆ, ਹਕੀਮ ਮਿਰਜ਼ਾ ਅਬਦੁੱਲ ਹਮੀਦ ਦਾ 'ਤਾਲੀਫ'',ਕੀਤਾ ਹੈ, ਪਰ ਅਸਲ ਵਿਚ ਵਾਰਸ ਦਾ ਬਨਾਇਆ ਕਿੱਸਾ ਨਹੀਂ। ਇਸ ਗੱਲ ਦੀ ਪੁਸ਼ਟੀ ਲਈ ਕਈ ਦਲੀਲਾਂ ਹਨ:—(੧) ਦੋ ਸੌ ਵਰੇ ਤੋਂ ਵਧੀਕ ਕਿੱਸੇ ਨੂੰ ਵਾਰਸ ਦੀ ਸੋਹਣੀ ਦਾ ਪਤਾ ਨਾਂ ਲੱਗਾ ਤੇ ਹੁਣ ਏਹ ਕਿੱਥੋਂ ਲੱਭੀ, ਏਸ ਗੱਲ ਦਾ ਪਤਾ ਛਾਪਨ ਵਾਲਿਆਂ ਨਹੀਂ ਦਿੱਤਾ। ਹੀਰ ਦੇ ਬੈਂਤ ਬੱਚੇ ਨੱਢੇ ਵੱਡੇ ਸਭ ਨੂੰ ਯਾਦ ਸਨ। ਦੋ ਸੌ ਸਾਲ ਤੋਂ ਵਧ ਹੋ ਚੁਕੇ ਹੀਰ ਮਸ਼ਹੂਰ ਸੀ, ਕਦੀ ਏਹ ਹੋ ਸਕਦਾ ਹੈ ਕਿ ਓਸੇ ਕਵੀ ਦੀ ਰਚਨਾ ਸੋਹਣੀ ਦਾ ਕਿਸੇ ਨੂੰ ਪਤਾ ਹੀ ਨਾ ਹੋਵੇ। ਕੀ ਵਾਰਸ

ਲਿਖ ਕਿ ਏਹਨੂੰ ਦੱਬ ਗਿਆ ਸੀ 'ਤੇ ਹੁਣ (Archaeological) ਪੁਰਾਤਨ ਵਸਤਾਂ ਢੂੰਡਨ ਤੇ ਖੋਜਨ ਵਾਲੇ ਮਿਹਕਮੇਂ ਨੇ ਕਿਧਰੋਂ ਪੁੱਟ ਕੱਢੀ, ਜੇ ਸੱਚ ਮੁਚ ਇਸ ਤਰ੍ਹਾਂ ਲੱਬੀ ਸੀ ਤਾਂ ਤੇ ਮੁਅੱਲਫ ਕਠਾ ਕਰਕੇ ਪ੍ਰਕਾਸ਼ਤ ਕਰਨ ਵਾਲਿਆਂ ਦੀ ਬੜੀ ਵਡਿਆਈ ਹੈ ਪਰ ਤਾਂ ਜੇ ਅਪਣੀ ਖੋਜ ਦਾ ਸਿਟਾ ਲੋਕਾਂ ਨੂੰ ਵਿਸਥਾਰ ਨਾਲ ਦੱਸਦੇ ॥

(੨) ਏਹ ਸੋਹਣੀ, ਫਜ਼ਲ ਸ਼ਾਹ ਦੀ ਸੋਹਣੀ ਦੀ ਨਕਲ ਜਾਪਦੀ ਹੈ ਜਾਂ ਫਜ਼ਲ ਦੀ ਸੋਹਣੀ ਇਸਦੀ । ਮਜ਼ਮੂਨ ਮਿਲਦੇ ਹਨ, ਹਰ ਬੰਦ ਦੀ ਸੁਰਖੀ ਮਿਲਦੀ ਹੈ, ਸੋਹਣੀ ਦੇ ਪੈਹਲੇ ਦੂਜੇ ਪੰਜਵੇਂ ਆਦ ਵਰ੍ਹਿਆਂ ਦਾ ਜੋ ਹਾਲ ਲਿਖਿਆ ਹੈ ਉਹ ਤਾਂ ਫਜ਼ਲ ਨਾਲ ਬਿਲਕੁਲ ਮਿਲਦਾ ਹੈ ਵੇਖੋ:—

> ਵਰੇ ਪੰਜਵੇਂ ਚੂੰਡੀਆਂ ਸੋਹਣੀ ਦੀਆਂ, ਮਾਉਂ ਗੁੰਦ ਕੇ ਖਾਸ
> ਸੁਵਾਰੀਆਂ ਜੋ ॥ ਵਰੇ ਛੇਵੇਂ ਦੀ ਗੁਡੀਆਂ ਖੇਡਦੀ ਸੀ,
> ਸਦ ਪਿਆਰੀਆਂ ਅਹਿਲ ਸਹੇਲੀਆਂ ਨੂੰ ॥ ਵਰੇ ਸੱਤਵੇਂ
> ਪੜੇ ਕੁਰਾਨ ਸੋਹਣੀ, ਨਾਲ ਨੇਕ ਜ਼ਬਾਨ ਸਫਾ ਮੀਆਂ ॥
>
> [ਫਜ਼ਲ

> ਪੰਜਵੇਂ ਵਰੇ ਸੋਹਣੀ ਸੋਹਣੀ ਹੋਈ ਸੋਹਣੀ, ਚੁਕ ਸੋਹਣੀ
> ਦਾ ਸੀਸ ਗੁੰਦਿਆ ਨੇ ॥ ਛੇਵੇਂ ਵਰੇ ਸੋਹਣੀ ਗੁੱਡੀਆਂ
> ਨਾਲ ਖੇਡੇ, ਸੋਹਣੇ ਹਾਰ ਸ਼ਿੰਗਾਰ ਲਗਾਇਓਿ ਨੇ । ਸਤਵੇਂ
> ਵਰੇ ਸੋਹਣੀ ਬੀਵੀ ਕੋਲ ਬੈਠੀ, ਕਾਇਦਾ ਸ਼ੌਕ ਦੇ
> ਨਾਲ ਉਠਾਇਓਿ ਸੂ ॥
>
> [ਵਾਰਸ ਦੀ ਸੋਹਣੀ

ਪੜ੍ਹਨ ਵਾਲੇ ਸਜਨ ਆਪੇ ਈ ਵੇਖ ਲੈਨ ਕਿ ਦੋਵਾਂ ਵਿਚ ਕੀ ਕੁਝ ਫਰਕ ਹੈ, ਲਫਜ਼ਾਂ ਤੋਂ ਛੁਟ ਮਜ਼ਮੂਨ ਇਕ ॥

ਫੇਰ ਏਸ ਸੋਹਣੀ ਵਿਚ ਵੀ ਸਤ ਫਾਗਨ, ਫਜ਼ਲ ਵਾਂਗੂੰ ਦਿਤੇ

ਹਨ। ਹੁਣ ਏਹ ਸਾਰੀਆਂ ਗੱਲਾਂ ਮਿਲਦੀਆਂ ਹਨ। ਕਿਸ ਨੇ ਅਸਲ ਬਨਾਈ ਅਰ ਕਿਸ ਨੇ ਨਕਲ ? ਫਜ਼ਲ ਸ਼ਾਹ ਨੂੰ ਤੇ ਸੁਪਨੇ ਵਿਚ ਵੀ ਵਾਰਸ ਦੀ ਸੋਹਣੀ ਦਾ ਧਿਆਨ ਨਹੀਂ ਸੀ ਤਾਂ ਉਸ ਨਕਲ ਕਿਦੀ ਕਰਨੀ ਸੀ ਜੇ ਨਕਲ ਹੈ ਤਾਂ ਵਾਰਸ ਦੇ ਨਾਂ ਮੜ੍ਹੀ ਹੋਈ ਸੋਹਣੀ ॥

(੩) ਸੋਹਣੀ ਦੇ ਬੈਂਤਾਂ ਦੀ ਪਰਚੋਲ ਕਰੀਏ ਤਾਂ ਪਤਾ ਲਗਦਾ ਹੈ ਕਿ ਵਾਰਸ ਦਾ ਰਸ ਤੇ ਤਰੀਕਾ ਨਹੀਂ, ਹਾਂ ਇੱਕ ਥਾਂ ਕਰਤਾ ਨੇ ਗੁਲਾਮ ਤੇ ਜਟੀ ਦਾ ਝਗੜਾ, ਸੈਹਤੀ ਤੇ ਜੋਗੀ ਦੇ ਵਾਕ ਵਾਂਗੂੰ ਲਿਆ ਪਾਇਆ ਹੈ ਪਰ ਫਜ਼ੂਲ, ਕਿਸੇ ਹੋਰ ਕਿੱਸੇ ਵਿੱਚ ਜੀਕਨ ਕਾਦਰ ਦੀ ਸੋਹਣੀ ਫ਼ਜ਼ਲ ਦੀ ਸੋਹਣੀ ਵਿਚ ਇਸ ਦਾ ਜ਼ਿਕਰ ਨਹੀਂ, ਜੇ ਬੇਹ ਵਾਰਸੀ ਸੋਹਣੀ ਪੁਰਾਨੀ ਤੇ ਸੱਚੀ ਹੁੰਦੀ ਤਾਂ ਫਜ਼ਲ ਤੇ ਕਾਦਰ ਵੀ ਜ਼ਰੂਰ ਜੱਟੀ-ਗੁਲਾਮ ਦਾ ਜ਼ਿਕਰ ਕਰਦੇ

ਸਾਕੀ ਦੇਹ ਪਿਆਲਾ ਭਰ ਕੇ ਖੁਮਰ ਵਾਲਾ......

(ਸੋਹਣੀ

ਏਹ ਫਾਰਸੀ ਦਾ ਦਸਤੂਰ ਵਾਰਸ ਨੇ ਕਦੀ ਨਹੀਂ ਵਰਤਿਆ ਹੀਰ ਗਵਾਹ ॥

ਬੱਾਜੇ ਨਾਲ ਵਲਾਇਤੀ ਜ਼ੋਰ ਪਾਇਆ ਢੋਲ ਤਾਸ਼ੀਆਂ ਦੀ ਘੁਮਕਾਰ ਬੋਲੀ ॥

ਵਾਰਸ ਦੇ ਵੇਲੇ ਅੰਗਰੇਜ਼ੀ ਬੱਾਜਾ ਨਹੀਂ ਸੀ। ਓ, ਅੰਗਰੇਜ਼ਾਂ ਦੇ ਰਾਜ ਨਾਲ ਜਾਂ ਸਿੱਖਾਂ ਦੇ ਰਾਜ ਵਿਚ ਆਇਆ। ਕਿੱਸੇ ਦੇ ਅੰਤ ਵਿਚ ਕੋਈ ਤਾਰੀਖ ਜਾ ਸੰਨ ਬਨਾਣ ਦਾ ਨਹੀਂ ਦਿਤਾ ਜੀਕਨ ਹੀਰ ਵਿਚ ਦਿਤਾ ਹੈ। ਜੇ ਏਹ ਕਿੱਸਾ ਵਾਰਸ ਲਿਖਦਾ ਅਰ ਲਿਖਦਾ ਵੀ ਹੀਰ ਤੋਂ ਪਿੱਛੋਂ ਤਾਂ ਸੰਨ ਜ਼ਰੂਰ ਲਿਖਦਾ ਅਰ ਜੇ ਪੈਹਲੋਂ ਲਿਖਿਆ ਸਾਸੂ, ਤਾਂ ਹੀਰ ਵਿਚ ਉਸਦਾ ਜ਼ਿਕਰ ਹੁੰਦਾ। ਏਨ੍ਹਾਂ ਸਭ ਗੱਲਾਂ ਤੋਂ ਪਤਾ ਲਗਦਾ ਹੈ ਕਿ ਸੋਹਣੀ ਵਾਰਸ ਦੀ ਲਿਖੀ ਹੋਈ ਨਹੀਂ, ਕਿਸੇ

ਹੋਰ ਕਵੀ ਨੇ ਅਜ ਕਲ ਬਨਾ ਵਾਰਸ ਦਾ ਨਾਮ ਦਾਖਲ ਕਰ ਪਬਲਕ ਤੇ ਲੋਕਾਂ ਨੂੰ ਭੁਲੇਖੇ ਵਿਚ ਪਾਇਆ ਹੈ। ਸ਼ਾਬਾਸ਼ੇ, ਵਾਰਸ ਦੀ ਰੂਹ ਓਸਨੂੰ ਦੁਆ ਦਏਗੀ ਪਰ ਏਨੀਂ ਗੱਲ ਅਸੀਂ ਵੀ ਆਖਨੇ ਹਾਂ ਕਿ ਇਸ ਸੋਹਣੀ ਦੇ ਲਿਖਨ ਵਾਲੇ ਕਵੀ ਨੇ ਹਿੰਮਤ ਚੰਗੀ ਕੀਤੀ ਅਰ "ਸ਼ੇਅਰ" ਚੰਗੇ ਲਿਖੇ ਸੂ, ਪਰ ਵਾਰਸ ਦਾ ਸੋਜ਼ ਤੇ ਰਸ ਹੈ ਨਹੀਂ, ਫਜ਼ਲ ਦੇ ਰੰਗ ਦੀ ਨਕਲ ਹੈ।

ਇਕ ਤਰ੍ਹਾਂ ਦੇ ਕਿੱਸਿਆ ਦਾ ਛਪਨਾ ਜਾਂ ਪੁਰਾਣੇ ਕਿੱਸਿਆਂ ਵਿਚ ਵਾਧਾ ਘਾਟਾ ਹੋਣਾ ਤਦ ਤੀਕ ਬੰਦ ਨਾਂ ਹੋਸੀ ਜਦ ਤਕ ਪੰਜਾਬ ਵਿਚ ਇਕ ਜ਼ਬਰਦਸਤ ਤੇ ਪੱਕੀ ਕਮੇਟੀ ਅਪਨੀ ਲਿਟ੍ਰੇਚਰ ਨੂੰ ਸੁੱਧ ਰੱਖਨ ਤੇ ਹਫਾਜ਼ਤ ਕਰਨ ਦਾ ਜ਼ਿੰਮਾ ਨਾਂ ਉਠਾਏ, ਜੇ ਏਹੀ ਹਾਲ ਰਿਹਾ ਤਾਂ ਥੋੜੇ ਚਿਰਾਂ ਤਕ ਕਿਸੇ ਕਵੀ ਦੀ ਸੁੱਧ ਰਚਨਾਂ ਦਾ ਮਿਲਨਾ ਔਖਾ ਹੋ ਜਾਏਗਾ।

ਵੱਡੀ ਹੀਰ ਦੇ ਪਿੱਛੇ ਇਕ ਮੇਰਾਜ ਨਾਮਾ ਵਾਰਸ ਸ਼ਾਹ ਦਾ ਬਨਾਇਆ ਲਿਖਿਆ ਹੈ। ਏਹ ਕਾਫੀਆਂ ਵਿਚ ਹੈ। ਲਫਜ਼ ਫਾਰਸੀ ਢੇਰ ਵਰਤੇ ਹੈਨ। ਠੇਠ ਪੰਜਾਬੀ ਦਾ ਰੰਗ ਜੋ ਹੀਰ ਵਿਚ ਹੈ ਇਸ ਵਿਚ ਨਹੀਂ ਅਰ ਬੁੱਲ੍ਹੇ ਦੀ ਕਾਫੀ ਦਾ ਜ਼ੋਰ ਵੀ ਨਹੀਂ।
ਵਨਗੀ:—

ਖਿਲਅਤ ਪਾਇਆ ਤੂੰ ਲੌ ਲਾਕੀ, ਪੈਗੰਬਰ ਸਨ ਵਿਚ ਖਾਕੀ।
ਤੇਰੇ ਨਾਲ ਉਨ੍ਹਾਂ ਨੂੰ ਬਾਕੀ, ਤੂੰ ਮਹਬੂਬ ਗਫਾਰੀ ਦਾ॥ ਤੂੰ
ਬਖਸ਼ਸ਼ ਦਾ ਬੈਹਰ ਸਮੁੰਦਰ, ਹੈ ਹਜਾਬ ਸ਼ਰਮ ਤੈਂ ਅੰਦਰ।
ਗੌਸ ਕੁਤਬ ਤੇ ਪੀਰ ਪੈਗੰਬਰ, ਤੈਂ ਸੰਗ ਪਾਰ ਉਤਾਰੀ ਦਾ॥
ਜਿਤ ਵਲ ਜਾਵਾਂ ਮਿਲੇ ਨਾ ਢੋਈ, ਵਾਹਰ ਤੇਰੇ ਬਾਝ ਨਾ
ਕੋਈ। ਜ਼ਿੰਦਗੀ ਮੈਨੂੰ ਭਾਰੂ ਹੋਈ, ਵਾਂਗ ਸੱਗਾਂ ਦੁਰਕਾਰੀ ਦਾ॥
ਗਲੀਆਂ ਦੇ ਵਿਚ ਫਿਰੇ ਅਰਬੇਲਾ, ਚਲ੍ਹਣ ਦਾ ਕਰ ਫਿਕਰ

ਸਵੇਲਾ । ਆਜਜ਼ ਹੋਸੈਂ ਰਹੇ ਅਕੇਲਾ, ਗੈਰ ਨਾ ਪਾਸ ਖਲਾਰੀ ਦਾ ॥ ਏਹ ਜਗ ਜਾਨ ਉਚਾਲੂ ਡੇਰਾ, ਕਰ ਲੈ ਕੋਈ ਅਮਲ ਚੰਗੇਰਾ। ਇਸ ਦੁਨੀਆਂ ਤੇ ਇੱਕੋ ਫ਼ੇਰਾ, ਕੌਲ ਨਾ ਦੂਜੀ ਵਾਰੀ ਦਾ ॥ ਵਾਰਸ ਅਮਲ ਨਾ ਕੀਤੇ ਚੰਗੇ, ਬੇ ਪਰਵਾਹੀ ਕੋਲੋਂ ਸੰਗੇ। ਨਿੱਤ ਦੁਆ ਫਜ਼ਲ ਦੀ ਮੰਗੇ ਰੇਹਮ ਕਰੀਂ ਮੈਂ ਤਾਰੀ ਦਾ ॥

ਇਤਿ

# ਰਸ ਚੌਥਾ

## ਮੁਲਤਾਨੀ ਵੰਡ

ਮੁਲਤਾਨੀ ਬੋਲੀ ਪੰਜਾਬ ਦੇ ਦੱਖਨੀ ਭਾਗ ਵਿਚ ਬੋਲੀ ਜਾਂਦੀ ਹੈ। ਪੰਜਾਬ ਦੇ ਜ਼ਿਲੇ-ਮੁਲਤਾਨ, ਮੁਜ਼ੱਫਰ ਗੜ੍ਹ, ਡੇਹਰਾ ਗਾਜ਼ੀ ਖਾਂ ਤੇ ਰਿਆਸਤ ਬਹਾਵਲ ਪੁਰ, ਇਸੇ ਬੋਲੀ ਦੀ ਵੰਡ ਵਿਚ ਹਨ । ਡੇਹਰਾ ਗਾਜ਼ੀ ਖਾਂ ਵਿਚ ਬਲੋਚੀ ਵੀ ਬੋਲੀ ਜਾਂਦੀ ਹੈ । ਏਹ ਬੋਲੀ ਉਂਦ ਤੇ ਪੰਜਾਬੀ ਤੋਂ ਅੱਡ ਜਾਪਦੀ ਹੈ ਪਰ ਜਦ ਅਸੀਂ ਲੈਂਹਦੀ ਪੰਜਾਬੀ ਨਾਲ ਇਸ ਨੂੰ ਮੇਲਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਹ ਬੋਲੀ ਤੇ ਲੈਂਹਦੀ ਇਕੋ ਹੀ ਮਾਤਾ ਦੀਆਂ ਧੀਆਂ ਹਨ । ਫਰਕ ਥੋੜਾ ਈ ਹੈ, ਸਿਰਫ ਲੈਹਜੇ ਜਾ ਸੰਘ ਦੀ ਅਵਾਜ਼ ਦਾ ਭੇਦ ਹੈ ਅਰ ਏਹ ਭੇਦ ਹਰ ਜਗਾ ਹੁੰਦਾ ਈ ਹੈ। ਬੋਲਨ ਵਿਚ ਤੇ ਭੇਦ ਢੇਰ ਜਾਪਦਾ ਹੈ ਪਰ ਲਿਖਨ ਵਿਚ ਥੋੜਾ । ਇਸ ਫਰਕ ਨੂੰ ਵੇਖ ਕੇ ਉਬ੍ਰਾਇਨ ਸਾਹਿਬ [Mr. E. O. Brien I.C.S.) ਵੀ ਅਪਨੀ ਪੁਸਤਕ "ਮੁਲਤਾਨੀ ਜ਼ਬਾਨ" ਵਿਚ ਲਿਖਦੇ ਹੈਨ:--ਕਿ "ਮੁਲਤਾਨੀ ਬੋਲੀ ਵਿਚ ਕੋਈ ਲਿਖਤ ਦੀਆਂ ਪੁਸਤਕਾਂ ਨਹੀਂ ਅਰ ਜੋ ਲਾਹੌਰ ਦੇ ਛਾਪੇ ਖਾਨਿਆਂ ਵਿਚੋਂ ਮੁਲਤਾਨੀ ਬੋਲੀ ਦੀਆਂ ਕਰਕੇ ਛਪਦੀਆਂ ਹਨ, ਉਹ ਕੇਵਲ ਵਿਗੜੀ ਹੋਈ ਪੰਜਾਬੀ ਹੈ"। ਅਸਲ ਗੱਲ ਤੇ ਏਹ ਹੀ ਹੈ ਕਿ ਲਿਖੀ ਹੋਈ ਮੁਲਤਾਨੀ ਤੇ ਲੈਂਹਦੀ ਵਿਚ ਭੇਦ ਥੋੜਾ ਹੈ । ਇਸ ਕਰਕੇ ਲੈਹਦੀ ਵਾਕੂੰ ਮੁਲਤਾਨੀ ਵੀ ਪੰਜਾਬੀ ਦੇ ਝੰਡੇ ਹੇਠ ਈ ਆਉਨੀ

ਚਾਹੀਦੀ ਹੈ ॥

ਜੇਹੜੇ ਭੇਦ ਬੋਲਨ ਵਿਚ ਪੈਦਾ ਹੋ ਗਏ ਹਨ ਅਰ ਜੋ ਅੰਗ੍ਰੇਜ਼ ਜ਼ਬਾਨ ਦਾਨਾਂ ਨੂੰ ਏਡੇ ਵੱਖਰੇ ਮਾਲੂਮ ਹੋਏ ਕਿ ਉਨ੍ਹਾਂ ਨੇ ਮੁਲਤਾਨੀ ਨੂੰ ਪੰਜਾਬੀ ਵਾਂਙੂ ਇਕ ਵੱਖਰੀ ਬੋਲੀ ਥਾਪਿਆ । ਉਹਨਾਂ ਦੀ ਪੜਤਾਲ ਕਰਨੇ ਹਾਂ ਤਾਂ ਪਤਾ ਲਗਦਾ ਹੈ ਕਿ ਪੰਜਾਬੀ ਪਦਾਂ ਨੂੰ ਮੁਲਤਾਨੀ ਸੰਘਾਂ ਨੇ ਸੰਕੋਚ ਦਿਤਾ ਹੈ, ਜਾਂ ਏਹ ਆਖੋ ਕਿ ਏਡੀ ਕਾਹਲੀ ਉਹ ਪਦ ਬੋਲਦੇ ਹਨ ਜੋ ਇਕ ਵਖਰਾ ਵਾਕ ਨਜ਼ਰ ਆਉਂਦਾ ਹੈ। ਜੀਕਨ ਮੁਲਤਾਨੀ ਵਾਕ "ਬੁਖਾਰ ਹਿੱਸੁ" ਅਸਲ ਵਿਚ ਪੰਜਾਬੀ "ਬੁਖਾਰ ਹੈਸੂ" ਦਾ ਸੰਕੋਚ ਹੈ। ਫੇਰ "ਮਾਰਿਉਸ ਯਾਰ ਤੇ ਨਾਂ ਪੀ ਦਾ" ਪੰਜਾਬੀ ਵਿਚ ਮਾਰਿਓ ਸੂ ਯਾਰ ਤੇ ਨਾਂ ਪੀ ਦਾ" ਹੋ ਜਾਸੀ । ਹੁਣ ਪੀ ਪਦ ਮੁਲਤਾਨੀ ਤੇ ਪੰਜਾਬੀ ਦੋਹਾਂ ਵਿਚ ਓਪਰਾ ਹੈ । ਪੀ, ਪੀਆ, ਖਸਮ, ਏਹ ਪਦ ਪੁਰਾਨੀ ਪੰਜਾਬੀ ਵਿਚ ਕਈ ਸ਼ਕਲਾਂ ਵਿਚ ਵਰਤਿਆ ਜਾਂਦਾ ਸੀ। ਬਾਜ਼ੀ ਥਾਈਂ ਪੀ ਪਿਰ ਅਰ ਇਸ ਤੋਂ ਪਿਰ-ਹੜੀ ਵੀ ਬਨ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਢੇਰ ਵੰਨਗੀ ਮੌਜੂਦ ਹੈ ਏਹ ਸਾਰੇ ਪਦ ਸੰਸਕ੍ਰਿਤ ਪ੍ਰਯਾ ਤੋਂ ਨਿਕਲੇ ਜਾਪਦੇ ਹਨ ॥

ਮੁਲਤਾਨੀ ਬੋਲੀ ਦੇ ਵਾਕ ਜੋ ਉਬਰਾਇਨ ਸਾਹਿਬ ਨੇ ਦਿਤੇ ਹਨ, ਉਹਨਾਂ ਤੋਂ ਹਰ ਇਕ ਪੰਜਾਬੀ ਦੇ ਖੋਜੀ ਨੂੰ ਸਿੱਧ ਹੁੰਦਾ ਹੈ ਕਿ ਮੁਲਤਾਨੀ ਵੀ ਪੰਜਾਬੀ ਦੀ ਸ਼ਰੇਨੀ ਵਿਚ ਖੁਲੀ ਆ ਸਕਦੀ ਹੈ ਇਸ ਦਾ ਵਟਿਆ ਹੋਇਆ ਰੂਪ ਸਿੰਧੀ ਦੀ ਮੇਲਤਾ ਕਰਕੇ ਭਾਸਦਾ ਹੈ। ਏਹ ਵੀ ਸਰਹੱਦੀ ਬੋਲੀ ਹੋਈ॥

ਤੈਂਡੀ ਅਦਾਲਤ ਨਿਸੈ ਚਾਂਹਦੇ। ਤਰਸ ਨਾ ਆਇਓਂ, ਗ ਯਾਰ, ਕੇਹੜੇ ਵੇਲੇ ਦੀ ਖੜੀਆਂ ॥

ਹੁਣ ਏਹਨਾਂ ਵਾਕਾਂ ਵਿਚ ਕੋਈ ਗੱਲ ਵਖਰੀ ਨਹੀਂ ਜੇਹੜੀ ਪੰਜਾਬੀ ਵਿਚ ਨਾਂ ਹੋਵੇ। ਵਾਕਾਂ ਨੂੰ ਛੱਡਕੇ ਅਖਾਨਾਂ ਵਲ

ਵੇਖੋ ਤਾਂ ਏਹੀ ਗੱਲ ਲਭਦੀ ਹੈ:–

ੳ. ਹੁਨਾਲੇ ਦੀ ਝੜੀ ਤੇ ਕਿਹਾ ਪਤਾ ॥
ਮੈਂਹ ਦਾ ਹਿਕ ਸਿੰਗ ਸਿੰਨਾ ਤੇ ਹਿਕ ਸਿੰਗ ਸੁੱਕਾ ॥
ਜੁਤਮ ਜੋੜਾ ਪਾਨੀ ਲਾਇਮੁ ਵਾੜ ਕੂੰ,

ਅ, ਦੁਖੇਂ ਦਾ ਗੋਗੜਾ ਵੰਜ ਦੇਸੂ ਕਰਾੜ ਕੂੰ ।
ਅੰਧੇਰ ਪਿਆ ਸਰਕਾਰ ਕੂੰ ।
ਜੋ ਚੋਰ ਬੱਧੇ ਕਟਵਾਲ ਕੂੰ ।

ੲ, ਆਦਰਾਂ ਭੁੱਖੀਆਂ ਤੇ ਮੁੱਛ ਤੇ ਚਾਵਲ ।

ਹੁਣ ਇਕ ਅਨੋਖੀ ਗੱਲ ਮੁਲਤਾਨੀ ਵਿਚ ਏਹ ਹੈ । ਇਸ ਵਿਚ ਕਰਤਾ (ਫਾਇਲ) ਨੂੰ ਗੁੰਮ ਕਰਕੇ, ਕੇਵਲ "ਕ੍ਰਮ" ( Verb ) ਦੇ ਪਿੱਛੇ ਹਰਫ ਵਧਾ ਕੇ, ਕਰਤਾ ਨੂੰ ਜਨਾਇਆ ਜਾਂਦਾ । ਏਹ ਗੱਲ ਮਿਸਟਰ ਉਬ੍ਰਾਇਨ ਦੇ ਕਥਨ ਅਨੁਸਾਰ, ਹੋਰਨਾਂ ਹਿੰਦੁਸਤਾਨੀ ਬੋਲੀਆਂ ਵਿਚ ਸਿੰਧੀ ਤੋਂ ਛੁੱਟ ਨਹੀਂ ਹੈ। ਫ਼ਾਰਸੀ ਜਾਂ ਪਸ਼ਤੋ ਤੋਂ ਇਹ ਵੇਂਉਤ ਲਿੱਤੀ ਜਾਪਦੀ ਹੈ, ਜੀਕਨ:–

ਮੈਂ ਕੁਆਰੀ, ਮੈਂਡਾ ਯਾਰ ਪਰਨਾਇਓ ਨੇ ।
ਵੰਞ ਕੁਕੇਸਾ ਹਾਕਮਾਂ, ਡਾਢਾ ਜ਼ੁਲਮ ਕੀਤੋ ਨੇ ।

ਏਹ ਗੱਲ ਓਪਰੇ ਖਿਆਲ ਨਾਲ ਤੇ ਠੀਕ ਮਾਲੂਮ ਹੁੰਦੀ ਹੈ ਪਰ ਅਸਲ ਵਿਚ ਏਹ ਪੰਜਾਬੀ ਵਿਚ ਵੀ ਹੈ। ਏਥੇ ਕੇਵਲ "ਕਰਤਾ" ਗੁੰਮ ਕੀਤਾ ਹੋਇਆ ਹੈ ਕਵਿਤਾ ਕਰਕੇ;

ਵੰਨਗੀ.–

(੧) ਅਗੇ ਉਹ ਕੀਤੋਨੇ ਉਸ ਨਾਲ, ਹੁਨ ਵੇਖੋ ਕੀ ਹੁੰਦਾ ।
(ਬਰਖੁਰਦਾਰ

(੨) ਸੱਸੀ ਸਾਫ਼ ਜਵਾਬ ਦਿਤੋਨੇ ਖੋਲ੍ਹ ਹਕੀਕਤ ਸਾਰੀ।
ਰਾਤ ਦਿਨੇ ਫੜ ਰਾਹ ਲਿਓਨੇ, ਪਲਕ ਨਾ ਥੀਵਨ ਮਾਂਦੇ।
[ਹਾਸ਼ਮ

(੩) ਪੁੰਨੂੰ ਪੁੰਨੂੰ ਪੁਕਾਰੇ, ਥਲ ਢੂੰਡੇਂਦੀ।
ਕਹਿ ਕੀ ਕਹਿਰ ਕੀਤੋਈ, ਖੁਦਾਯਾ। (ਗੁਲਾਮ ਰਸੂਲ

ਉਪੱਰਲੀ ਵੰਨਗੀ ਟਕਸਾਲੀ ਪੰਜਾਬੀ ਦੀ ਵੰਨਗੀ ਹੈ। ਔਰੰਗਜ਼ੇਬ ਦੇ ਸਮੇਂ ਤੋਂ ਲੈ ਅਜ ਕਲ ਦੀ ਬੋਲੀ ਵਿਚੋਂ ਉੱਪਰਲੇ ਵਾਕਾਂ ਦੀ ਚੋਣ ਹੈ ਹੋਰ ਜਿੰਨੀ ਚਾਹੋ ਵੰਨਗੀ ਮਿਲ ਸਕਦੀ ਹੈ॥

ਮੁਲਤਾਨੀ ਦੇ ਕਵੀ ਹੋਏ ਤੇ ਬਥੇਰੇ ਹਨ ਪਰ ਮਸ਼ਹੂਰ ਥੋੜੇ ਈ ਨੇ, ਜਿਨ੍ਹਾਂ ਵਿਚੋਂ ਹਜ਼ਰਤ ਅਲੀ ਹੈਦਰ, ਅਬਦੁਲ ਹਕੀਮ, ਹਾਮਦ, ਨੌਂ ਰੋਜ਼ ਤੇ ਬਖਸ਼ ਹਨ। ਏਹਨਾਂ ਦੇ ਕਲਾਮ ਬਚਨਾਂ ਦੀ ਵੰਨਗੀ ਕੁਝ ਤਾਂ **ਹੰਸ ਚੋਗ** ਵਿਚ ਦਿੱਤੀ ਜਾ ਚੁਕੀ ਹੈ, ਕੁਝ ਇਸ ਭਾਗ ਵਿਚ ਦਿੱਤੀ ਜਾਂਦੀ ਹੈ।

ਨਿਰੋਲ ਮੁਲਤਾਨੀ ਕਵੀ ਨੌ ਰੋਜ਼ ਤੇ ਬਖਸ਼ ਹੀ ਹਨ। ਹਾਮਦ ਦੀ ਬੋਲੀ ਸੁੱਧ ਪੰਜਾਬੀ ਅਰ ਅਬਦੁਲ ਹਕੀਮ ਦੀ ਫ਼ਾਰਸੀ ਪੰਜਾਬੀ ਹੈ। ਇਸ ਵਿਸ਼ੇ ਤੇ ਅਜੇ ਹੋਰ ਖੋਜ ਦੀ ਲੋੜ ਹੈ॥

## ਹਾਮਦ

ਮੌਲਵੀ ਹਾਮਦ ਜੀ ਵੀ ਪੰਜਾਬੀ ਦੇ ਪੁਰਾਤਨ ਕਵੀ ਹੋਏ ਹਨ, ਏਹ ਵੀ ਮੁਹੰਮਦ ਸ਼ਾਹ ਦੇ ਸਮੇਂ ਹੋਏ ਜਦ ਪੰਜਾਬ ਵਿਚ ਰਾਜ ਗਰਦੀਸੀ ਅਰ ਸਿੰਘ ਹੌਲੀ ੨ ਦੇਸ ਵਿਚ ਅਪਨਾ ਪੈਰ ਪਕਿਆਈ ਨਾਲ ਜਮਾਈ ਜਾਂਦੇ ਸਨ। ਏਹਨਾਂ ਨੇ ਜੰਗ ਨਾਮਾ ਲਿਖਿਆ। ਕਵੀ ਜੀ ਸੰ: ੧੧੬੧ ਹਿਜਰੀ ਵਿੱਚ ਜੰਮੇਂ ਸਨ ਅਰ ਏਹਨਾਂ ਨੇ ਅਪਨੀ ਪੁਸਤਕ ਦਾ ਅਰੰਭ

੧੧੯੧ ਵਿੱਚ ਕੀਤਾ ਅਰ ੧੧੯੧ ਵਿੱਚ ਮੁਕਾਈ। ਏਹ ਮੁਲਤਾਨ ਦੇ ਰੈਹਨ ਵਾਲੇ ਸਨ:—

ਆਹੀ ਸਨ ਅਠ੍ਹਾਨਵੇਂ ਇਕ ਸੌ ਇਕ ਹਜ਼ਾਰ।
ਹਿਜਰਤ ਬਾਦ ਰਸੂਲ ਦੇ ਹੋਯਾ ਜਦੋਂ ਤਿਆਰ।
ਕੀਤਾ ਸੀ ਏਹ ਸ਼ੁਰੂ ਜਾਂ ਉਮਰ ਆਹੀ ਮੈਂ ਵੀਹ।
ਕੀਤਾ ਜਦੋਂ ਤਮਾਮ ਮੈਂ ਉਮਰ ਆਹੀ ਸੀ ਤ੍ਰੀਹ।
ਕਿੱਸਾ ਹੋਯਾ ਖਤਮ ਜਾਂ ਕੀਤੇ ਬੈਂਤ ਸ਼ੁਮਾਰ।
ਪੰਜ ਵੀਹਾਂ ਤੇ ਪੰਜ ਸੈ ਹੋਯਾ ਪੰਜ ਹਜ਼ਾਰ॥

ਏਹ ਕਿੱਸਾ ਲਿਖ ਕੇ ਉਹ ਨੂਰਪੁਰ ਦੁਆਬਾ ਬਿਸਤ ਜਲੰਦਰ ਦੀ ਇਕ ਛੋਟੀ ਜੇਹੀ ਰਿਆਸਤ ਵਿੱਚ ਆਏ, ਜਿਥੋਂ ਦਾ ਰਾਜਾ ਪ੍ਰਿਥੀ ਸਿੰਘ ਸੀ। ਉਸ ਦਾ ਇਕ ਵਜ਼ੀਰ ਅਲਾਹ ਬਖਸ਼ ਸੀ। ਏਸ ਵਜ਼ੀਰ ਦੇ ਕੋਲ ਆਨ ਕੇ ਕਵੀ ਜੀ ਨੇ ਅਪਨਾ ਜੰਗਨਾਮਾ ਨਜ਼ਰ ਗੁਜ਼ਾਰਿਆ ਅਰ ਵਜ਼ੀਰ ਜੀ ਨੇ ਬੜੇ ਸਤਿਕਾਰ ਨਾਲ ਏਹਨਾਂ ਦਾ ਆਦਰ ਕੀਤਾ ਅਰ ਇਨਾਮ ਦਿੱਤਾ।

ਕਵੀ ਜੀ ਦੀ ਬੋੱਲੀ ਠੇਠ ਪੰਜਾਬੀ ਨਹੀਂ। ਫਾਰਸੀ ਦਾ ਬੜਾ ਜ਼ੋਰ ਹੈ। ਕਵੀ ਜੀ ਨੇ ਉਰਦੂ ਵਿੱਚ ਵੀ ਕਵਿਤਾ ਲਿਖੀ ਹੈ, ਤਿੰਨ ਚਾਰ ਮਰਸੀਏ, ਪਰ ਉਹ ਵੀ ਠੇਠ ਉਰਦੂ ਨਹੀਂ ਤੇ ਨਾ ਈ ਕਵਿਤਾ ਦਾ ਰੰਗ ਈ ਚੰਗਾ ਹੈ, ਅਜੇਹੇ ਜੀ ਹਿਲਾਨ ਵਾਲੀ ਕਹਾਨੀ ਨੂੰ ਲਿਖਦਿਆਂ ਹੋਇਆਂ ਕੋਈ ਖਾਸ ਲਿਆਕਤ ਨਹੀਂ ਦੱਸੀ, ਜੋ ਕਰਨਾ ਰਸ *ਅਨੀਸ ਤੇ ਦਬੀਰ ਦੀ ਕਵਿਤਾ ਵਿੱਚ ਹੈ, ਏਥੇ ਨਹੀਂ ਤੇ ਬੀਰ ਰਸ ਤੋਂ ਤੇ ਏਹ ਕਿੱਸਾ ਕੋਰਾ ਈ ਹੈ। ਕਿਸੇ ਥਾਂ ਵੀ ਪੜ੍ਹਨ ਵਾਲੇ ਦੇ ਜੀ ਵਿਚ ਬੀਰ ਰਸ ਨਹੀਂ ਉਪਜਦਾ। ਹਾਂ ਕਰਨਾ

ਨੋਟ *ਅਨੀਸ ਤੇ ਦਬੀਰ ਉਰਦੂ ਦੇ ਮਸ਼ਹੂਰ ਕਵੀ ਹਨ ਜਿਨ੍ਹਾਂ ਨੇ ਮਰਸੀਏ ਲਿਖਨ ਵਿਚ ਕਮਾਲ ਕਰ ਵਖ ਇਆ।

ਰਸ ਜ਼ਰੂਰ। ਦੱਸਾਂ ਅਸ਼ੂਰਇਆਂ ਦੀ ਲੜਾਈ ਦਾ ਹਾਲ ਪੜ੍ਹਦਿਆਂ, ਅਰ ਕਾਸਮ, ਅਕਬਰ ਅਰ ਹੁਸੈਨ ਦੀਆਂ ਸ਼ਹੀਦੀਆਂ ਦਾ ਬਿਤਾਂਤ ਪੜ੍ਹਕੇ, ਜੀ ਤੇ ਅਸਰ ਹੁੰਦਾ ਹੈ ਅਰ ਕੋਈ ਅਜੇਹਾ ਕਠੋਰ ਹਿਰਦਾ ਹੋਵੇਗਾ ਜੇਹੜਾ ਇਕ ਵਾਰੀ ਏਹ ਕਹਾਨੀ ਸੁਨਕੇ ਹਿੱਲ ਨਾ ਜਾਏ॥

ਬੱਸ ਏਸ ਥਾਂ ਤੇ ਕਵੀ ਜੀ ਨੇ ਕੁਝ ਕਰਨਾ ਰਸ ਦਾ ਚਮਤਕਾਰ ਦੱਸਿਆ ਹੈ, ਪਰ ਢੇਰ ਸਾਰਾ ਅਸਰ ਓਸ ਪੀੜ ਭਰੀ ਕਥਾ ਦਾ ਹੈ ਜੋ ਜੀ ਕੰਬਾ ਦੇਂਦੀ ਹੈ। ਏਹ ਕਥਾ ਚਾਹੇ ਕਿਨ੍ਹਾਂ ਅੱਖਰਾਂ ਵਿਚ ਆਖੀ ਜਾਏ, ਜੀ ਤੇ ਅਸਰ ਕੀਤੇ ਬਿਨਾਂ ਨਹੀਂ ਰੈਹ ਸਕਦੀ। ਹਾਂ ਕਵੀ ਜੀ ਦੀ ਏਹ ਵਡਿਆਈ ਜ਼ਰੂਰ ਹੈ ਕਿ ਕਿੱਸੇ ਦਾ ਬਿਰਤਾਂਤ ਬੜੀ ਚੰਗੀ ਤਰ੍ਹਾਂ ਕੀਤਾ ਹੈ। ਪੜ੍ਹਨ ਵਾਲੇ ਦੇ ਸਾਮ੍ਹਣੇ ਉਸ ਸਮੇਂ ਦਾ ਨਕਸ਼ਾ ਕੁਝ ਖਿੱਚ ਜਾਂਦਾ ਹੈ। ਕਿਧਰੇ ੨ ਏਸ ਕਿੱਸੇ ਦਾ ਹੋਰਨਾਂ ਕਿੱਸਿਆਂ ਨਾਲੋਂ ਵੇਰਵਾ ਵੀ ਹੈ, ਜੀਕਨ ਹਾਮਦ ਨੇ ਲਿਖਿਆ ਹੈ ਕਿ ਹਜ਼ਰਤ ਹਸਨ ਨੂੰ ਜ਼ੈਹਰ ਉਹਦੀ ਲੌਂਡੀ ਅਸਮਾਨੇ ਦਿੱਤਾ ਸੀ, ਜੋ ਉਸਨੇ ਹਜ਼ਰਤ ਦੇ ਪਾਣੀ ਪੀਣ ਵਾਲੇ, ਅਸਤਾਵੇ ਵਿਚ ਘੋਲਿਆ ਸੀ। ਪਰ ਹੋਰਨਾਂ ਨੇ ਲਿਖਿਆ ਹੈ ਕਿ ਹਜ਼ਰਤ ਦੀ ਬੀਵੀ ਨੇ ਜ਼ੈਹਰ ਸ਼ਰਬਤ ਪਿਆਲੇ ਵਿਚ ਘੋਲਕੇ ਦਿੱਤਾ ਸੀ, ਜਦ ਹਜ਼ਰਤ ਸ਼ਿਕਾਰ ਖੇਡਕੇ ਆਏ ਸਨ ਅਰ ਤਿਰਹਾਏ ਸਨ ਪਰ ਏਹ ਹਦੀਸ ਦਾ ਮੁਆਮਲਾ ਹੈ। ਇਸਦਾ ਨਿਰਨਾ ਮੌਲਵੀਆਂ ਤੇ ਈ ਛੱਡਨਾ ਚੰਗਾ ਹੈ।

ਕਵੀ ਜੀ ਦੇ ਕਿੱਸੇ ਵਿਚੋਂ ਚੋਣਵੇਂ ੨ ਬਚਨ ਲਿਖਦੇ ਹਾਂ:-

ਹਜ਼ਰਤ ਕਾਸਮ ਦੀ ਸ਼ਹੀਦੀ ਇਕ ਅਣੋਖੀ ਸ਼ਹੀਦੀ ਹੈ, ਅਰ ਸ਼ਹੀਦ ਹੋਣ ਤੋਂ ਪੈਹਲੇ ਹਜ਼ਰਤ ਹੁਸੈਨ ਨੇ ਅਪਨੀ ਸਪੁੱਤ੍ਰੀ ਦਾ ਨਿਕਾਹ ਕਾਸਮ ਨਾਲ ਕਰਨਾ। ਇਤਿਹਾਸ ਵਿਚ ਇੱਕੋ ਹੀ

ਵਿਆਹ ਹੈ ਜੋ ਲੜਾਈ ਦੇ ਮੈਦਾਨ ਤੇ ਉਸ ਵੇਲੇ ਜਦ ਨੌਸ਼ਾਹ ਪਲੋ ਪਲੀ ਜੰਗ ਵਿਚ ਜਾਕੇ ਸ਼ਹੀਦ ਹੋਣ ਨੂੰ ਤਿਆਰ ਸਨ । ਵੇਖੋ ਹਜ਼ਰਤ ਦਾ ਜਿਗਰ:–

ਕਾਸਮ ਤਾਈਂ ਨਾਲ ਲੈ ਬੈਠਾ ਤੰਬੂ ਜਾ ।
ਕੁਲ ਭਤੀਜੇ ਵੀਰ ਜੋ ਪਿਆਰੇ ਪਾਸ ਸਦਾ ।
ਕੱਢ ਜੋੜਾ ਜ਼ਰਬਫ਼ਤ ਦਾ ਕਾਸਮ ਨੂੰ ਪਨ੍ਹਾ ।
ਜੰਗੀ ਚੀਰਾ ਸੀਸ ਤੇ ਧਰਿਆ ਕੰਗੂ ਲਾ ।
ਹੋਰ ਜ਼ਰੀ ਜ਼ਰ ਬਾਦਲਾ ਬੇਟੀ ਨੂੰ ਪਨ੍ਹਾ ।
ਕਾਸਮ ਤਾਈਂ ਉਠਕੇ ਦੇਵੇ ਬਾਂਹ ਫੜਾ ।

ਏਹ ਵਿਆਹ ਹੋਇਆ ਪਰ ਕੇਹਾ:–

ਕਾਸਮ ਦਾ ਵਿਚ ਕਰਬਲਾ ਹੋਇਆ ਅੱਜ ਵਿਆਹ ।
ਜਾਂਞੀ ਕਾਸਮ ਸ਼ੇਰ ਦੇ ਦਿਲ ਸੋਜ਼ੀ ਤੇ ਆਹ ।
ਹੈ ਹੈ ਤੇ ਦਿਲਗੀਰੀਆਂ, ਬੇਸਬਰੀ ਆਜ਼ਾਰ ।
ਬੇਅਰਾਮੀ ਜੰਞ ਸੀ ਆਈ ਜ਼ਾਰੋ ਜ਼ਾਰ ।
ਜ਼ੁਲਮ ਅਤੇ ਖੰਦੇਜ਼ੀਆਂ ਨਾਰਾ ਹੈਬਤ ਨਾਕ ।
ਬੇ ਤਰਸੀ ਬੇ ਰੈਹਮੀਆਂ ਗਮ ਗਜ਼ਬ ਦਾ ਸਾਕ ।
ਲਾਗੀ ਹੋ ਤਕਦੀਰ ਤੇ ਕੀਤੇ ਸਭ ਸਮਾਨ ।
ਖੱਬਰ ਹੋਈ ਜੰਞ ਦੀ ਸਾਰੇ ਮੁਲਕ ਜਹਾਨ ।
ਗੰਡੀ ਮੂਲ ਨਾ ਪਾਈਆਂ ਤੇਲ ਨਾ ਚੜ੍ਹਿਆ ਮੂਲ ।
ਵਟਨਾ ਮੂਲ ਨਾ ਲਾਇਆ, ਵਿਆਹ ਹੋਇਆ ਅਤਸੂਲ ।
ਸ਼ੈਹਰੀਂ ਭਾਜੀ ਨਾ ਫਿਰੀ ਨਾ ਹੋਇਆ ਸਾਮਾਨ ।
ਦਰ ਸ਼ਦਿਆਨੇ ਨਾ ਵੱਜੇ ਨਾ ਵਿਚ ਖਬਰ ਜਹਾਨ ।
ਗਾਨਾ ਦਸਤੀ ਨਾ ਬਧਾ ਮੈਂਹਦੀ ਮੂਲ ਨਾ ਲਾ ।
ਜੋ ਮੀ ਵਿਲ ਦੀ ਦਿਲ ਰਹੀ ਡਾਢੀ ਰਬ ਰਜ਼ਾ ।

ਬੀਬੀ ਧੜੀ ਨਾ ਲਾਈਆਂ ਨਾ ਡੋਲੀ ਅਸਵਾਰ।
ਮੂਲ ਨਾ ਆਈ ਸਾਹੁਰੇ ਆਲਮ ਦੀ ਸਰਦਾਰ।

ਜਦ ਨਿਕਾਹ ਹੋ ਗਿਆ ਤਾਂ ਜੰਗ ਵਿਚ ਯਜ਼ੀਦੀਆਂ ਨੇ ਕੂਕਿਆ, ਹੁਣ ਕੋਈ ਸੂਰਾ ਨਹੀਂ ਰਿਹਾ ਜੋ ਬਾਹਰ ਨਹੀਂ ਨਿਕਲਦਾ ਏਹ ਗੱਲ ਸੁਨ ਕਾਸਮ ਮੈਦਾਨ ਨੂੰ ਦੌੜਦਾ ਹੈ, ਤੇ ਉਸਦੀ ਸੁਪਤਨੀ ਪੱਲਾ ਫੜਕੇ ਆਖਦੀ ਹੈ:—

ਕਿੱਧਰ ਚਲਿਓਂ ਉੱਠਕੇ ਕਿੱਧਰ ਚੱਲਿਓ ਹੈਂ।
ਜੇ ਚੱਲਿਓ ਹੁਨ ਜੰਗ ਨੂੰ ਕੀ ਕਰਾਂਗੀ ਮੈਂ॥

ਉੱਤਰ ਕੀ ਮਿਲਿਆਃ—

ਹੁਨ ਬੀਬੀ ਤੂੰ ਸਬਰ ਕਰ ਰੋਜ਼ ਕਿਆਮਤ ਨੂੰ।
ਮੈਂ ਬੈਹਸਾਂ ਉੱਪਰ ਸੇਜ ਦੇ ਰੋਜ਼ ਕਿਆਮਤ ਨੂੰ॥
ਹੂਰਾਂ ਹੋਸਨ ਖ਼ਿਦਮਤੀਂ ਵਿਚ ਬਹਿਸ਼ਤੀ ਕੁਲ।
ਚੜੀਂ ਮੈਹਲੀਂ ਬੈਠਸੇਂ, ਰੋ ਰੋ ਪਾ ਨਾ ਗੁਲ।

ਇਕ ਨਵੀਂ ਵਿਆਹੀ ਲਾੜੀ ਲਈ ਕੇਹੇ ਚੰਗੇ ਗੈਹਨੇ ਤੇ ਵਰੀ ਹੈ॥

ਕਾਸਮ ਸ਼ੇਰ ਝਟ ਮੈਦਾਨ ਵਿਚ ਜਾਂਦਾ ਹੈ ਅਤੇ ਵੈਰੀਆਂ ਦੇ ਸੱਥਰ ਲਾਂਹਦਾ ਹੈ। ਜਦ ਮੁੜਕੇ ਡੇਰੇ ਆਉਂਦਾ ਹੈ ਤਾਂ ਮਾਂ ਬੇਨਤੀ ਕਰਦੀ ਹੈ ਕਿ ਤੂੰ ਮੁੜ ਜੰਗ ਵਿਚ ਨਾ ਜਾਹ, ਪਰ ਕਾਸਮ ਨਹੀਂ ਰੁਕਦਾ। ਪਾਣੀ ਮੰਗਦਾ ਹੈ ਪਰ ਕਤਰਾ ਨਹੀਂ ਲੱਭਦਾ। ਫੇਰ ਜੰਗ ਵਿਚ ਜਾਂਦੇ ਹਨ, ਲੜਦੇ ਹਨ ਤੇ ਸ਼ਹੀਦੀ ਦਾ ਸ਼ਰਬਤ ਪੀਂਦੇ ਹਨ।

ਤੰਬੂ ਅੰਦਰ ਨਵੇਂ ਲਾੜ੍ਹੇ ਦੀ ਲੋਥ ਆਂਵਦੀ ਅਰ ਉਹ ਬੀਬੀ ਜਿਸਨੂੰ ਵਿਆਹੇ ਅਜੇ ਚਾਰ ਪੈਹਰ ਨਹੀਂ ਹੋਏ ਸਨ, ਅਪਨੇ ਨੌਸ਼ਾਹ ਦੀ ਲੋਥ ਸ਼ਹੀਦੀ ਦੇ ਰੰਗਨ ਵਿਚ ਰੰਗੀ, ਸੂਰਬੀਰਤਾ ਦੇ ਸੁਹਾਨੇ ਲਿਬਾਸ ਵਿਚ ਲਪੇਟੀ, ਅਪਨੇ ਸਾਹਮਨੇ ਵੇਖਦੀ ਹੈ। ਹਾਏ। ਲਾੜੀ

ਲਈ ਏਹੀ ਅਨੋਖੀ ਸੇਜ ਹੈ, ਏਹੀ ਸ਼ਗਨ ।

ਬੀਬੀ ਕਾਸਮ ਸ਼ੇਰ ਦੀ ਰੋਂਦੀ ਕਰੇ ਸ਼ਗੂਨ ।
ਧੜੀ ਸਿਰੇ ਨੂੰ ਲਾਂਵਦੀ ਲਾ ਸਿਰੇ ਦਾ ਖ਼ੂਨ ॥

ਕਾਸਮ ਦੀ ਮਾਤਾ ਦੇ ਵੈਨ, ਅਪਨੇ ਪੁੱਤਰ ਦੀ ਲੋਥ ਗੋਦੀ ਵਿਚ ਲੈਕੇਃ—

ਅੱਖੀਆਂ ਕਾਸਮ ਸ਼ੇਰ ਦੀਆਂ ਮੀਟੇ ਹੱਥਾਂ ਨਾਲ ।
ਰੀਸ਼ ਮੁਬਾਰਕ ਉਪਰੋਂ ਪੂੰਜੇ ਖ਼ੂਨ ਰਵਾਲ ॥
ਜ਼ੁਲਫ ਕਾਸਮ ਸ਼ੇਰ ਦੀ ਜੋ ਸੀ ਗਰਦ ਗੁਬਾਰ ।
ਕੰਘੀ ਜ਼ੁਲਫਾਂ ਪਾਕ ਕਰ ਹੋਈ ਬੋਹਤ ਭੰਜਾਲ ॥
ਕੈਂਹਦੀ ਮੇਰਿਆ ਕਾਸਮਾਂ ਹੋਇਓਂ ਅੱਜ ਸ਼ਹੀਦ ।
ਕੀ ਖੜਿਆ ਤੁੱਧ ਸੀ ਏਸ ਸ਼ਰੀਰ ਯਜੀਦ ॥
ਬੇ ਤਕਸੀਰਾ ਮਾਰਿਓਂ ਕੋਈ ਨਾ ਗੁਨਾਹ ।
ਨਾ ਸੀ ਦੁਸ਼ਮਨ ਕਿਸੇ ਦਾ ਬੰਦਾ ਨੇਕ ਅਲਾਹ ॥
ਉੱਠੀਂ ਮੇਰਿਆ ਕਾਸਮਾਂ, ਨਾਲ ਮੇਰੇ ਲਗ ਗੱਲ ॥
ਜਿਗਰ ਦੋ ਫਾਲਾ ਹੋਗਿਆ ਗਿਆ ਕਲੇਜਾ ਸੱਲ ॥

ਵੈਨਾਂ ਨੂੰ ਛੱਡ ਕੇ ਕਵੀ ਜੀ ਦੇ ਉਰਦੂ ਮਰਸੀਆਂ ਦਾ ਹਾਲ ਵੇਖੋ ਹਜਰਤ ਬੀਬੀ ਜ਼ੈਨਬ ਨੇ ਮਰਸੀਆ ਆਖਿਆ। ਬੀਬੀ ਜੈਨਬ ਹਜਰਤ ਹੁਸੈਨ ਦੀ ਸੁਪਤਨੀ ਹੈ:—

ਮੇਰਾ ਚੱਲ ਗਿਆ ਅੱਜ ਦਿਲਦਾਰ ਹੈ ।
ਯੇਹ ਖਾਨੇ ਲਗਾ ਮੁਝ ਕੋ ਘਰਬਾਰ ਹੈ ।
ਅਕੇਲੇ ਯਹਾਂ ਰੈਹ ਗਏ ਆਜ ਹਮ ।
ਨਾ ਕੋਈ ਮੇਰੇ ਪਾਸ ਗਮਖਵਾਰ ਹੈ ॥
ਪੜੀ ਅਬ ਤੋ ਯਾਂ ਅਪਨੇ ਸਿਰ ਪਰ ਬਲਾ ।

ਗਮੋਂ ਕਾ ਦੀਆ ਸਿਰ ਮੇਰੇ ਭਾਰ ਹੈ ॥
ਮੇਰੇ ਸਿਰ ਕਾ ਵਾਲੀ ਜੋ ਥਾ ਚਲ ਗਿਆ ।
ਮੁਝੇ ਜ਼ਿੰਦਗੀ ਕੁਛ ਨਾ ਦਰਕਾਰ ਹੈ ॥
ਯੇ ਮੈਦਾਨੇ ਕਰਬਲਾ ਔਰ ਹਮ ਹੈਂ ਯਤੀਮ ।
ਮੇਰੇ ਪੀਛੇ ਦੁਸ਼ਮਨ ਸਿਤਮ ਗਾਰ ਹੈ ।
ਬਹਾ ਫੂਟ ਆਂਖੋਂ ਸੇ ਦਰਿਆ ਅਬ ।
ਗੁਜ਼ਰਨਾ ਪਿਆ ਮੁਝ ਕੋ ਲਾਚਾਰ ਹੈ ॥

ਪਿਆ ਪਦ ਨੂੰ ਚੰਗੀ ਤਰ੍ਹਾਂ ਨੋਟ ਕਰੀਏ । ਸ਼ੇਕ ਆਬੇ ਹਿਯਾਤ ਵਿਚ ਏਹਨਾਂ ਦਾ ਨਾਂ ਉਰਦੂ ਦੇ ਕਵੀਆਂ ਵਿਚ ਨਾ ਆਇਆ । ਇਕ ਹੋਰ ਮਰਸੀਏ ਵਿਚ ਲਿਖਿਆ ਹੈ:—

ਪੜਾ ਗਮ ਨਬੀ ਕਾ ਹੈ ਮੁਝ ਪਰ ਮੁਦਾਮ ।
ਪੜੀ ਮੇਰੇ ਦਿਲ ਪਰ ਗਿਰ੍ਹਾ ਹੋ ਜਾਵੇ ਸ਼ਾਮ ॥
ਐ ਪਿਆਰੇ ਖੁਦਾ ਕੇ ਐ ਰੱਬ ਕੇ ਹਬੀਬ ।
ਐ ਮੇਰੇ ਗਮਖ੍ਵਾਰ ਐ ਮੇਰੇ ਆਰਾਮ ॥
ਸਵਾ ਤੇਰੇ ਮੰਬਰ ਬਹੈ ਖਲੋਵੇਗਾ ਕੌਨ ।
ਉੱਮਤ ਕੋ ਸੁਨਾਵੇਗਾ ਵਾਜ਼ੇ ਕਲਾਮ ॥
ਨਬੂਅਤ ਕੀ ਰਿਸ਼ਮਾਂ ਸੂਰਜ ਜ਼ਰ ਨਗਾਰ ।
ਸਿਯਾਹੀ ਹੋਈ ਜਗਤ ਅੰਦਰ ਤਮਾਮ ॥

ਕੇਹਾ ਸੋਹਨਾ ਉਰਦੂ ਦਾ ਮਰਸੀਆ ਹੈ । ਅਨੀਸ ਮਾਤ ਹੁੰਦਾ ਹੈ, ਸਕਤੇ ਦਾ ਨਾਂ ਨਹੀਂ ਅਰ ਖਲੋਵੇ, ਰਿਸ਼ਮਾਂ, ਵੀ ਠੇਠ ਉਰਦੂ ਦੇ ਪਦ ਹਨ । ਕਵੀ ਜੀ ਨੇ ਧਿੰਗਾਂ ਜ਼ੋਰੀ ਅਪਨੀ ਪੰਡਤਾਈ ਵਖਾਨ ਲਈ ਉਰਦੂ ਨੂੰ ਵਿਚ ਘੁਸੇੜਿਆ ਅਰ ਖਰੇ ਬਾਸਮਤੀ ਦੇ ਥਾਂ, ਮੋਟੇ ਚਾਵਲਾਂ ਤੇ ਮੋਠਾਂ ਦੀ ਖਿਚੜੀ ਬਨਾ ਛੱਡੀ, ਠੇਠ ਪੰਜਾਬੀ ਵਰਤਦੇ ਤਾਂ ਸਵਾਦ ਦੂਨਾ ਹੁੰਦਾ ਜੀਕਨ:--

ਦਾੜ੍ਹੀ ਪਕੜ ਗੁਲਾਮ ਨੇ ਉਸਦੀ ਖੋਹੀ ਕੁਲ।
ਦੋਵੇਂ ਘੁਲਦੇ ਜ਼ੋਰ ਕਰ ਕਰਨ ਉਥੱਲ ਪਥੱਲ॥
ਹੈਦਰ ਮੁਕੀ ਵਜਦੀ ਹੂਰਾ ਪਵੇ ਤਮਾਮ।
ਘੁਲਨ ਦੋਵੇਂ ਦਰਿਆ ਤੇ ਖਾਵੰਦ ਅਤੇ ਗੁਲਾਮ॥

ਉੱਪਰਲਿਆਂ ਬੈਂਤਾਂ ਵਿਚ ਕਵੀ ਜੀ ਨੇ ਪੰਜਾਬੀ ਵਰਤੀ ਤਾਂ ਕੁਝ ਸਵਾਦਲੀ ਲੜਾਈ ਬਨ ਗਈ। ਕਵੀ ਜੀ ਨੇ ਵੀ ਤੋਪ, ਤਫੰਗ ਅਰ ਗੋਲੇ ਦਾ ਵਰਨਨ ਕੀਤਾ ਹੈ, ਪਰ ਉਸ ਸਮੇਂ ਏਹ ਸ਼ਸਤ੍ਰ ਲੜਾਈ ਦੇ ਨਹੀਂ ਸੀ। ਕਵੀ ਜੀ ਨੇ ਅਪਨਾ ਸਮਾਂ ਸਮਝ ਲਿਆ ਹੈ:--

ਗੁਸੇ ਨਾਲ ਬੰਦੂਕ ਦਾ ਅੰਦਰ ਹੋਇਆ ਕੋਰ।
ਮੇਹਰ ਨਾ ਦਿਲ ਵਿਚ ਬਾਨ ਦੇ ਬੈਠਾ ਹੈ ਮੂੰਹ ਮੋੜ॥
ਤੋਪਾਂ ਚੱਲਨ ਰੈਹਕਲੇ ਘਰ ਘਰ ਚੱਲਨ ਬਾਨ।
ਲਮਛ ਰਾਤੇ ਜੰਜਾਇਲਾ ਵਾਹਨ ਕਰੇ ਕਰ ਤਾਨ॥
ਖੈਬਰ ਮਾਰ ਗਵਾਇਆ ਜਿਸਨੇ ਕਿਲ ਜ਼ਬੂਨ।
ਭੀਮ ਜੇਹਾ ਜਿਸ ਮਾਰਿਆ ਛਮਸ ਜੇਹਾ ਹਰੂਨ॥

ਫੇਰ ਇਕ ਜਗਾ ਮਦੀਨੇ ਤੇ ਦਮਿਸ਼ਕ ਵਿਚ ਇਕ ਰਾਤ ਦੇ ਸਫਰ ਦਾ ਫਾਸਲਾ ਦਸਦੇ ਹਨ ਅਸਲ ਫਾਸਲਾ ੭੦੦ ਮੀਲ ਦੇ ਕੋਲ ਕੋਲ ਹੈ। ਖਾਂਜ਼ਾਨ ਜਦ ਅਮਾਮ ਹਨੀਫ ਦਾ ਖਤ ਲੈਕੇ ਜਾਂਦਾ ਹੈ:-

ਢਾਲ ਯਮਾਨੀ ਪਿੱਠ ਤੇ ਜਮਧਰ ਲਏ ਉਤੰਗ।
ਦਿਨ ਚੜ੍ਹਦੇ ਨੂੰ ਜਾ ਫਿਰੇ ਵਿਚ ਦਮਿਸ਼ਕ ਨਸ਼ੰਗ॥

ਅਮਾਮ ਹਨੀਫ ਦੀ ਲੜਾਈ ਲਿਖਦੇ ਹੋਏ ਵੀ ਕਵੀ ਜੀ ਨੂੰ ਥਾਵਾਂ ਤੇ ਸ਼ੈਹਰਾਂ ਦਾ ਬੋਹ ਨਹੀਂ ਰਿਹਾ। ਪੈਹਲੇ ਦਮਿਸ਼ਕ ਲੜਾਈ ਕਰਾਂਦੇ ਹਨ। ਜਿਥੇ ਯਜ਼ੀਦ ਸੀ, ਫਤੇਹ ਦਵਾ ਕੇ ਤੁਰਤ ਮਦੀਨੇ ਪੁਚਾਂਦੇ ਹਨ:--

ਉਸ ਦਿਨ ਹੇਠ ਦਮਿਸ਼ਕ ਦੇ ਹੋਇਆ ਆਹ ਜੰਗ।
ਮਿਹਲਾਂ ਤੇ ਚੜ੍ਹ ਵੇਖਦਾ ਸ਼ਿਹਰ ਉਹਨਾਂ ਦਾ ਰੰਗ॥
ਫੌਜ ਅਮਾਮ ਹਨੀਫ ਦੀ ਪਿਛੇ ਵਾਹੋ ਦਾਹ।
ਅਗੇ ਜਾਨ ਯਜ਼ੀਦੀਏ ਨੱਠੇ ਸਭ ਗੁਮਰਾਹ॥
ਵਿਚ ਮਦੀਨੇ ਜਾ ਵੜੇ ਰੋਂਹਦੇ ਦੁਸ਼ਮਨ ਦੀਨ।
ਰੋਂਦੇ ਅੰਦਰ ਸ਼ਿਹਰ ਦੇ ਹੋ ਸਾਰੇ ਗਮਗੀਨ॥
ਆਂਦਾ ਪਾਸ ਅਮਾਮ ਦੇ ਜ਼ਿੰਦਾ ਪਗੜ ਵਲੀਦ।
ਰੋ ਰੋ ਢਾਈਂ ਮਾਰਦਾ ਬੰਦੀ ਵਿਚ ਪਲੀਤ॥

ਦਮਿਸ਼ਕ ਨੂੰ ਛੱਡ ਕੇ ਮਦੀਨੇ ਆਨ ਦੀ ਕੀ ਲੋੜ ਸੀ। ਰਾਜ-ਧਾਨੀ ਨੂੰ ਪਿਹਲੋਂ ਫਤੇਹ ਕਰਨਾ ਲੋੜੀਦਾ ਸੀ, ਜਦ ਕਿ ਫ਼ੌਜ ਭਾਂਜ ਖਾ ਚੁੱਕੀ ਸੀ ਯਜ਼ੀਦ ਦਾ ਫੜਨਾ ਅਸਾਨ ਸੀ ਪਰ ਕਵੀ ਜੀ ਨੇ ਮਦੀਨੇ ਤੇ ਦਮਿਸ਼ਕ ਨੂੰ ਰਲਾ ਦਿੱਤਾ ਹੈ। ਵਲੀਦ ਮਦੀਨੇ ਦਾ ਗਵਰਨਰ ਸੀ। ਮਦੀਨਾ ਫਤੇਹ ਕਰਕੇ ਫੇਰ ਦਮਿਸ਼ਕ ਤੇ ਚੜ੍ਹਾਈ ਹੋਈ ਸੀ ਅਮਾਮ ਹਨੀਫ ਅਰਾਕ ਤੋਂ ਆਇਆ, ਹਾਮਦ ਦੀ ਲਿਖਤ ਮੂਜਬ ਪਿਹਲੇ ਮਦੀਨੇ ਲੜਾਈ ਹੋਈ, ਫੇਰ ਦਮਿਸ਼ਕ ਫਤੇਹ ਪਾਈ, ਜਦ ਦਮਿਸ਼ਕ ਵਿੱਚ ਸ਼ਮਰ ਨੂੰ ਤ੍ਰਾਢੀ ਭਾਂਜ ਦਿੱਤੀ ਤਾਂ ਦਮਿਸ਼ਕ ਕਿਉਂ ਨਾ ਲਿੱਤਾ, ਫੇਰ ਮਦੀਨੇ ਕਿਉਂ ਆਏ ਤੇ ਫੇਰ ਲੜਾਈ ਕਰਕੇ ਫਤੇਹ ਕੀਤਾ। ਮਦੀਨਾ ਫ਼ਤਹ ਕਰਕੇ ਫੇਰ ਦਮਿਸ਼ਕ ਜਾਕੇ ਫਤੇਹ ਕੀਤਾ ਅਰ ਯਜ਼ੀਦ ਨੱਸ ਗਿਆ। ਹੋਰ ੦ ਵੀ ਏਹ ਨਹੀਂ ਦਸਦਾ ਕੇਵਲ ਮਦੀਨਾ ਜ਼ਰੂਰ ਫਤੇਹ ਹੋਇਆ, ਫੇਰ ਯਦੀਜ਼ ਦੀ ਫੌਜ ਨੇ ਡਾਢਾ ਘੇਰਾ ਪਾਇਆ ਅਰ "ਕਾਬਾ" ਖਰਾਬ ਕੀਤਾ। ਓਸੇ ਸਮੇਂ ਯਜ਼ੀਦ ਮਰ ਗਿਆ ਅਰ ਘੇਰਾ ਉਠਾ ਲਿੱਤਾ। ਯਜ਼ੀਦ ਦਾ ਪਕੜਨਾ ਅਰ ਉਸਦੇ ਹਰਮਾਂ ਨੂੰ ਮਦੀਨੇ ਲਿਆਨਾ ਹੋਰ ਜੰਗ ਨਾਮੇਂ ਵਿਚ ਨਹੀਂ ਲਿਖਿਆ, ਫੇਰ ਜਦ ਖਾਰਜੀਆਂ ਨੂੰ ਫਤੇਹ ਕੀਤਾ ਅਰ ਯਜ਼ੀਦ ਨਠਿਆ

ਅਰ ਹਜ਼ਰਤ ਹੁਸੈਨ ਦਾ ਪੁੱਤਰ ਅਮਾਮ ਜ਼ੈਨਉਲ ਆਬ ਦੀਨ ਤਖਤ ਤੇ ਬਠਾਇਆ ਏਹੀ ਆਖਰੀ ਸਿੱਟਾ ਸੀ, ਜੋ ਹਾਸ਼ਮੀ ਚਾਹੁੰਦੇ ਸਨ, ਜਿਸ ਕਰਕੇ ਲੱਖਾਂ ਜਾਨਾਂ ਦੇ ਸੱਥਰ ਲੱਥੇ ਪਰ ਫ਼ੇਰ ਜ਼ੈਨਉਲ ਆਬਦੀਨ ਨੇ ਓਵੇਂ ਤਖਤ ਛੱਡ ਦਿਤਾ। ਅਪਨੀ ਉਮਰ ਰੱਬ ਦੀ ਯਾਦ ਵਿਚ ਬਿਤਾਨ ਲਈ, ਪਰ ਫੇਰ ਤਖਤ ਯਜ਼ੀਦ ਦੇ ਪੁੱਤਰ ਮੁਆਵੀਆਂ ਨੂੰ ਕਿਉਂ ਦਿੱਤਾ। ਏਹ ਸਮਝ ਨਹੀਂ ਆਉਂਦੀ, ਕਿ ਵੈਰੀ ਨੂੰ ਫੇਟ ਤਖਤ ਦਿੱਤਾ ਚਾਹੇ ਸੁਲਾਹ ਹੀ ਹੋ ਗਈ ਸੀ। ਹਾਸ਼ਮੀ ਅਜੇ ਹੋਰ ਕਿੰਨੇ ਸਨ। ਹਜ਼ਰਤ ਅਲੀ ਦੇ ਪੁੱਤਰ, ਹਜ਼ਰਤ ਹੁਸੈਨ ਦੇ ਪੁੱਤਰ ਵੀ ਸਨ। ਇਤਿਹਾਸ ਵਿਚ ਅਬਦੁਲਾ ਦਾ ਮਦੀਨਾਂ ਫਤੇਹ ਕਰਨਾ ਲਿਖਿਆ ਹੈ ਪਰ ਹਾਮਦ ਹਨੀਫ਼ ਦਾ ਲਿਖਦਾ ਹੈ ਕਿਸੇ ਬਨਾਨ ਵਾਲੇ ਕਵੀ ਇਤਿਹਾਸਾਂ ਵੱਲ ਧਿਆਨ ਨਹੀਂ ਦਿੰਦੇ॥

ਜੁੱਧ ਦਾ ਨਕਸ਼ਾ ਖਿੱਚਦੇ ਹਾਮਦ ਹੋਰੀ ਲਿਖਦੇ ਹਨ:-

ਤੀਰਾਂ ਦੀ ਅਵਾਜ਼ ਨੇ ਐਸਾ ਕੀਤਾ ਜੋਸ਼।
ਨੱਠਾ ਮਗ਼ਜ਼ ਯਜ਼ੀਦ ਦਾ ਛੱਡ ਛੜਾਂਦੇ ਹੋਸ਼॥
ਸੰਖ ਵਜਾ ਯਜ਼ੀਦੀਆਂ ਪਾ ਦਿੱਤੀ ਘਨਘੋਰ।
ਮਾਲਕ ਸੁਣ ਇਸ ਸ਼ੋਰ ਨੂੰ ਹੋ ਗਿਆ ਬੇ ਤੌਰ।
ਵੱਜਨ ਟਲੀਆਂ ਘੁੰਗਰੂ ਊਠਾਂ ਦੇ ਜੋ ਗਲ।
ਸਜੇ ਖੱਬੇ ਗੁਲ ਗੁਲਾ ਫੌਜਾਂ ਦੇ ਵਿਚ ਹਲ।
ਸੁੰਬ ਵਜਾਏ ਤਾਜ਼ੀਆਂ ਉੱਡੀ ਜ਼ਿਮੀਂ ਪਛਾਂਨ।
ਅੱਠਵਾਂ ਉਤੇ ਹੋ ਗਿਆ ਘੱਟੇ ਦਾ, ਅਸਮਾਨ।
ਹਥਿਆਰਾਂ ਦੀ ਚਮਕ ਥੀਂ ਜ਼ਿਮੀਂ ਹੋਈ ਅਸਮਾਨ।
ਘੱਟੇ ਨਾਲ ਅਸਮਾਨ ਸੀ ਹੋਇਆ ਜ਼ਿਮੀ ਪਛਾਨ।

ਜ਼ੁਲਫਾਂ ਵਾਂਗੂ ਕਮਚੀਆਂ ਬੋਲਨ ਸੜਕ ਸੜਾਕ।
ਬਾਂਗਾਂ ਵਾਂਗੀ ਧਗਦੀਆਂ ਹਲਬੀ ਕਰਦੀਆਂਚਾਕ।
ਬੱਦਲ ਗੱਜਨ ਫ਼ੌਜ ਵਿਚ ਹਾਥੀ ਕਰਨ ਅਵਾਜ਼।
ਖੰਗਨ ਬੋਲਨ ਪੱਥਰਾਂ ਰੱਤਾਂ ਉੱਤੇ ਸਾਜ਼।
ਚਾਲ ਛਪਾਈ ਘੋੜਿਆਂ ਦਿੱਤੀ ਧਰਤ ਉਠਾ।
ਤਬਕਾ ਇਕ ਜਮੀਨ ਦਾ ਉਡਿਆ ਵਿਚ ਹਵਾ॥

ਇਕ ਥਾਂ ਇਕ ਇਸਤਰੀ ਕੱਤਿਆ ਦੇ ਰੂਪ ਦੀ ਵਡਿਆਈ ਕਰਦੇ ਲਿਖਦੇ ਹਨ:-

ਸੂਰਤ ਦਾ ਕੁਝ ਅੰਤ ਨਾ ਰੌਸ਼ਨ ਵਾਂਗੂ ਚੰਦ।
ਜ਼ੁਲਫ਼ਾਂ ਉਪਰ ਆਸ਼ਕਾਂ ਮੋਤੀ ਆਹੇ ਚੰਦ॥
ਅਬਰੂ ਜਾਨ ਕਮਾਨ ਤੂੰ ਪਲਕਾਂ ਵਾਂਗੂ ਤੀਰ।
ਇਕ ਨਿਗਾਹੇ ਮਾਰਦੀ ਫਾਹੀ ਘਤ ਸਰੀਰ॥
ਸੁਆਂਵੇ ਵਾਂਗੂ ਅੱਖੀਆਂ ਯਾ ਆਹੇ ਬਾਦਾਮ।
ਕੱਛ ਮਾਰੇ ਆਸ਼ਕਾਂ ਵੱਜਨ ਗੁਜ਼ਰ ਤਮਾਮ॥
ਗਿਰਦ ਆਹਾ ਮੂੰਹ ਉਸਦਾ ਮੀਮੇ ਵਾਂਗ ਪਛਾਨ।
ਦੰਦ ਆਹੇ ਜੋ ਸੀਨ ਸੀ ਰੌਸ਼ਨ ਤਾਰੇ ਜਾਨ॥
ਠੋਡੀ ਸੋਬੇ ਉਸਦੀ ਖਾਸਾ ਖ਼ੂਹ ਅਜੀਬ।
ਜੋ ਵੇਖੇ ਡਿਗ ਪਵੇ, ਉਸਦੇ ਵਿਚ ਗਰੀਬ॥

ਕਵੀ ਜੀ ਦੀਆਂ ਤਸ਼ਬੀਹਾਂ ਕੁਝ ਸੋਹਣੀਆਂ ਨਹੀਂ ਹੈਨ ਏਹਨਾਂ ਨੇ ਫਾਰਸੀ ਉਰਦੂ ਦਾ ਬੇਰੜਾ ਬਨਾ ਛਡਿਆ ਏ ਜੋ ਕੰਨ ਦੇ ਰਸ ਨੂੰ ਖਰਾਬ ਕਰਦਾ ਹੈ। ਕਵੀ ਜੀ ਨੇ ਭਾਰ ਤੇ ਪੰਜਾਬੀ ਕਿੱਸਾ ਲਿਖਨ ਦਾ ਚੁਕਿਆ ਸੀ, ਪਰ ਜਿਥੋਂ ਤੀਕ ਹੋਇਆ ਪੰਜਾਬੀ ਨਾਮ ਵਰਤ ਕੇ ਭਾਰ ਹੌਲਾ ਈ ਕਰਾਇਆ। ਕਵੀ ਜੀ ਆਖਦੇ ਹੈਨ:-

ਨਾ ਜਾਨਾ ਮੈਂ ਸ਼ਾਇਰੀ ਸ਼ੇਅਰ ਅੰਦਰ ਅਸਲੂਬ।

ਵਿਚ ਪੰਜਾਬੀ ਆਪਨੀ ਕਿੱਸਾ ਹੈ ਮਤਲੂਬ।
ਹੈਗੀ ਅਰਬੀ ਫਾਰਸੀ ਅਸਾਂ ਨਾਂ ਮਤਲੂਬ।
ਆਮ ਲੋਕਾਂ ਵਾਸਤੇ ਹੈ ਪੰਜਾਬੀ ਖੂਬ॥
ਇਕਸੇ ਰਾਤੀ ਆਖਿਆ ਕਿੱਸਾ ਸਾਰਾ ਜਾਨ।
ਵਾਅਜ਼ ਨੇ ਜੋ ਲਿਖਿਆ ਰੋਜ਼ੇ ਵਿਚ ਖਿਆਨ॥

ਪਰ ਅੰਤ ਵਿਚ ਲਿਖਦੇ ਹਨ ਕਿ ਦਸਾਂ ਵਰਿਹਾਂ ਵਿਚ ਕਿੱਸਾ ਲਿਖਿਆ। ਏਹ ਕਵੀ ਕੋਈ ਮਸ਼ਹੂਰ ਨਹੀਂ। ਅਹਿਮਦ ਯਾਰ ਕਵੀ ਨੇ ਅਪਨੀ ਜ਼ਲੈਖਾਂ ਵਿਚ ਪੁਰਾਣੇ ਕਵੀਆਂ ਦੇ ਨਾਮ ਗਿਣਦਿਆਂ ਲਿਖਿਆ ਹੈ:-

"ਹਾਮਦ ਵੀ ਅਖਵਾਇਆ ਸ਼ਾਇਰ ਅਪਨੀ ਨਾਲ ਜ਼ਬਾਨ"

ਜਿਸਦਾ ਅਰਥ ਏਹ ਨਿਕਲਦਾ ਹੈ ਕਿ ਅਸਲ ਵਿਚ ਹਾਮਦ ਕੋਈ ਵੱਡਾ ਸ਼ਾਇਰ ਨਹੀਂ ਸੀ। ਕੇਵਲ ਇਕ ਜੰਗ ਨਾਮਾ ਲਿਖ ਕੇ ਸ਼ਾਇਰ ਬਨ ਬੈਠਾ। ਹਾਮਦ ਨੇ ਆਪ ਲਿਖਿਆ ਹੈ:-

ਨਾ ਹੀਂ ਦਾਵਾ ਸ਼ੇਅਰ ਦਾ ਨਾ ਹੀਂ ਸ਼ਾਇਰ ਮੂਲ।
ਗੰਡ ਤੁਪ ਮੇਰਾ ਹੋ ਗਿਆ ਵਿਚ ਜਨਾਬ ਕਬੂਲ।

ਖਬਰ ਨਹੀਂ ਕਵੀ ਜੀ ਨੂੰ ਏਹ ਕੀਕਨ ਪਤਾ ਲੱਗਾ ਕਿ ਉਹਨਾਂ ਦਾ ਕਿੱਸਾ ਦਰਗਾਹੇ ਕਬੂਲ ਹੋ ਗਿਆ। ਖਵਰੇ ਵਜ਼ੀਰ ਆਲਹ ਬਖਸ਼ ਦੇ ਕਦਰ ਕਰਨ ਤੋਂ ਏ ਸਿੱਟਾ ਕਢਿਆ ਪਰ ਵਜੀਰ ਅਲਾ ਬਖਸ਼ ਕਵੀਆਂ ਦਾ ਪਾਰਖੂ ਕਦ ਬਨਿਆਂ ਸੀ, ਪਤਾ ਨਹੀਂ ਵਜ਼ੀਰ ਦੀ ਕਵੀ ਨੇ ਬੜੀ ਵਡਿਆਈ ਕੀਤੀ ਹੈ, ਇਸ ਕਰਕੇ ਅਚਰਜ ਨਹੀਂ ਜੋ ਵਜ਼ੀਰ ਹੋਰਾਂ ਅਨਾਮ ਦਿੱਤਾ ਹੋਵੇ॥

‡ † † § ‡ *

# ਮੀਆਂ ਅਬਦੁਲ ਹਕੀਮ ਬਹਾਵਲ ਪੁਰੀ

ਏਹ ਕਵੀ ਬਹਾਵਲ ਪੁਰ ਦੇ ਵਸਨੀਕ ਸਨ। ਏਹਨਾਂ ਨੇ ਅਪਨੀ ਕਿਤਾਬ ਜ਼ੁਲੈਖਾਂ ੧੨੧੮ ਹਿਜਰੀ ਵਿਚ ਲਿਖੀ ਸੀ। ਜਦ ਨਵਾਬ ਬਹਾਵਲ ਖਾਨ ਰਿਆਸਤ ਵਿਚ ਰਾਜ ਕਰਦੇ ਸਨ ਅਰ ਸ਼ਾਹ ਸ਼ੁਜਾ ਕਾਬਲ ਦਾ ਬਾਦਸ਼ਾਹ ਸੀ ਅਰ ਇੱਸੇ ਬਾਦਸ਼ਾਹ ਦੀ ਏਹ ਰਿਆਸਤ ਟਕੇ ਭਰਦੀ ਸੀ॥

ਕਵੀ ਜੀ ਨੇ ਨਾਮ ਮਾਤ੍ਰ ਪੰਜਾਬੀ ਵਰਤੀ ਹੈ। ਫ਼ਾਰਸੀ ਦਾ ਢੇਰ ਜ਼ੋਰ ਹੈ। ਜਾਮੀ ਦੀ ਜ਼ੁਲੈਖਾਂ ਤੋਂ ਸਾਰਾ ਮਜ਼ਮੂਨ ਲੀਤਾ ਹੈ। ਕਵਿਤਾ ਦੀ ਬਹਰ ਵੀ ਜਾਮੀ ਦੀ ਮਸਨਵੀ ਦੀ ਹੀ ਹੈ, ਫਾਰਸੀ ਦੀ ਵਿਦਿਆ ਚੰਗੀ ਹੈ ਅਰ ਬਾਜੇ ਬੈਂਤ ਨਿਰੋਲ ਫਾਰਸੀ ਵਿਚ ਹੀ ਹਨ ਪਰ ਡੂੰਘੇ ਮਤਲਬ ਦੇ। ਜੀਕਨ:-

ਬਹਾਰੇ ਸੀਨਾ ਅਸ਼ ਦਰ ਖਾਰ ਦਰ ਜੈਬ।
ਗੁਲੇ ਨਾਕਸ ਮਹੀਤੇ ਆਲਮ ਉਲ ਗੈਬ॥
ਮਜ਼ਮੂਨ ਜਾਮੀ ਦਾ ਪਰ ਪਦ ਬਦਲੇ ਹੋਏ॥

ਜਿਓਂ ੨ ਜਾਮੀ ਦੀ ਜ਼ੁਲੈਖਾਂ ਪੜ੍ਹੋ ਅਰ ਕਵੀ ਜੀ ਦੀ ਰਚਨਾ ਨਾਲ ਮੁਕਾਬਲਾ ਕਰੋ ਤਾਂ ਪਤਾ ਲਗਦਾ ਹੈ ਕਿ ਮਜ਼ਮੂਨ ਇਕ ਹੀ, ਸਿਰਫ ਹਰਫਾਂ ਦਾ ਹੇਰ ਫੇਰ ਹੈ। ਜੀਕਨ:-

ਸਭੇ ਪਿਸਤਾਂ ਦਿਹਾਂ ਉਨਾਜ਼ ਪਿਸਤਾਂ।
ਤੇ ਰੁਖਸਾਰ ਗੁਲਿਸਤਾਂ ਦਰ ਗੁਲਿਸਤਾਂ॥ (ਅ: ਹ:

ਹਮਾਂ ਪਿਸਤਾਂ ਦਹਾਨੋ ਨਾਜ਼ ਪਿਸ਼ਤਾਂ।
ਅਜ਼ਾਰੇ ਸ਼ਾ ਗੁਲਸਤਾ ਦਰ ਗੁਲਿਸਤਾਂ॥ (ਜਾਮੀ

ਕਵਿਤਾ ਦਾ ਵਜ਼ਨ "ਬਲੋਚਾ ਜ਼ਾਲਮਾਂ ਸੁਨ ਵੈਨ ਮੇਰੇ" ਵਾਲਾ ਹੈ ਅਰ ਹੁਣ ਪਤਾ ਲੱਗਾ ਹੈ ਕਿ ਸਭ ਤੋਂ ਪੈਹਲੋਂ ਏਹ "ਬੈਹਰ" ਅਬਦਲ ਹਕੀਮ ਨੇ ਵਰਤੀ । ਪਰ ਇਸਦੀ ਮਸ਼ਾਹੂਰੀ ਗੁਲਾਮ ਰਸੂਲ ਦੇ ਵੇਲੇ ਹੀ ਹੋਈ । ਕਵੀ ਜੀ ਦੇ ਚੋਨਵੇਂ ਬੈਂਤ ਲਿਖਦੇ ਹਾਂ ॥

ਰੂਪ ਦੀ ਵਡਿਆਈ:–

ਅਜਬ ਜ਼ੁਲਫਾਂ ਜੋ ਅੰਬਰ ਮੁਸ਼ਕ ਪਰਵਰ ।
ਅਜਬ ਮੂਏ ਸਿਆਹ ਗੈਬੂ ਮੁਅੰਬਰ ॥
ਭਲਾ ਜ਼ੁਲਫਾਂ ਅਯਾਨੇ ਨਾਗ ਕਾਲੇ ।
ਜਿਨ੍ਹਾਂ ਦੇ ਡੰਗਿਆਂ ਜੀਵਨ ਮੁਹਾਲੇ ॥
ਲਬਾਂ ਨੇ ਆਸ਼ਕਾਂ ਦਾ ਖ਼ੂਨ ਪੀਤਾ ॥
ਤੇ ਨੈਨਾਂ ਨੇ ਕੋਈ ਮਾਜੂਨ ਕੀਤਾ ॥
ਅਜਬ ਪੁਰ ਨੂਰ ਦੋਹ ਰੌਸ਼ਨ ਚਿੱਟੇ ਦੰਦ ।
ਹੋਏ ਉਹ ਖ਼ੂਬ ਮੁਹਕਮ ਸੱਖਤ ਪੈਵੰਦ ॥
ਦੋ ਲੜੀਆਂ ਮੋਤੀਆਂ ਦੇ ਵਾਂਗ ਜੜੀਆਂ
ਜੌਹਰੀਆਂ ਇਕ ਸਪੈਦੀ ਸਾਂਗ ਘੜੀਆਂ ॥
ਰੁਖ ਉਸਦਾ ਗੋਯਾ ਇਕ ਬਾਗ ਆਹਾ ।
ਗਲੋਲਾ ਵਿਚ ਉਸ ਦੇ ਜ਼ਾਗ ਆਹਾ ॥
ਤਲੋਲੇ ਜੋ ਲਗਾਏ ਸਾਂਗ ਉਸਨੂੰ ।
ਹੋਈ ਕੁਰਬਾਨ ਹਰਮਲ਼ ਵਾਂਗ ਉਸਤੋਂ ॥

ਵਿਛੋੜੇ ਤੇ ਮੌਜੇ ਇਸ਼ਕ:–

ਕਦੇ ਆਹੀਂ ਕਰੇ ਧਾਹੀਂ ਫਿਰਾਕੋਂ ।
ਕਬਾਬੇ ਦਿਲ ਕੁਨੋਂ ਸੀਨਾ ਹਰਾਤੋਂ ॥

ਚੋਲੀ ਨੂੰ ਪਾੜ ਕੇ ਕੀਤਾ ਸੌ ਲੀਰਾਂ।
ਹਿਜਰ ਇਸ ਦੇ ਕੁਨੋਂ ਖਾਤਰ ਹੈ ਮੀਰਾਂ॥
ਜੁਲਫ ਚਟ ਪਟ ਸੁਟੇ ਸਟ ਹਟ ਹਿਜਰ ਨੂੰ।
ਕਮਰ ਨਾਜ਼ਕ ਹੋਈ ਕੀਤਾ ਸਬਰ ਨੂੰ।
ਨਵਾਰਾਂ ਵੰਜਲੀਆਂ ਫਿਰੇ ਸੰਦੋਕੇ।
ਆਵੇ ਦਿਲਦਾਰ ਤਾਂ ਏ ਸ਼ੋਰ ਮੁਕੇ॥
ਉਠਾ ਗਲ ਘੁੰਘਰੂ ਘੰਘਾਰ ਲਾਯਾ।
ਜਲਾਜਲ ਆਸਮਾਂ ਤੇ ਸ਼ੋਰ ਪਾਯਾ॥ ੨॥
ਜੰਗੋਲੇ ਖਡੀਆਂ ਘੰਘੋਰ ਲਾਈ।
ਹੱਥਾਂ ਵਿਚ ਛੈਨਿਆਂ ਛਨਕਾਰ ਲਾਈ॥ ੧॥

ਏਹ ਵਾਜਿਆਂ ਤੇ ਖੁਸ਼ੀ ਦਾ ਨਕਸ਼ਾ ਹੈ॥

ਸਵੇਰ ਦਾ ਸਮਾਂ ਬੰਨ੍ਹਦੇ ਹੋਏ ਲਿਖਦੇ ਹਨ:-

ਜਦੋਂ ਕਾਉ ਰਾਤ ਦੇ ਪਰਵਾਜ਼ ਕੀਤਾ।
ਫ਼ਜ਼ਰ ਵੇਲੇ ਕੁਕੜ ਆਵਾਜ਼ ਕੀਤਾ॥
ਹੋਯਾ ਆਵਾਜ਼ ਖ਼ਸ਼ ਉ ਬੁਲਬਲਾਂ ਦਾ॥
ਪਿੱਛੇ ਜ਼ਾਹਰ ਹੋਯਾ ਜਲਵਾ ਗੁਲਾਂ ਦਾ॥

ਹੋਰ ਚੰਗੇ ਬੈਂਤ। ਜੁਲੈਖਾਂ ਦਾ ਰੂਪਃ-

ਕੀ ਹੋਸੀ ਮਾਹ ਬਲਕ ਉਹ ਆਫਤਾਬੇ।
ਜੋ ਹੈ ਸਿਸਤੋਂ ਆਫਤਾਬ ਅੰਦਰ ਹਜਾਬੇ॥
ਪਰੀ ਦੀ ਗਲ ਉਸੇ ਗਲ ਗਲ ਨਾ ਭਾਵੇ।
ਪਰੀ ਦੀ ਗਲ ਉਸੇ ਗਲ ਵੰਜੇ ਤੇ ਗਲ ਨਾ ਆਵੇ॥
ਜੇ ਵੇਖੇ ਹੋਰ ਉਸਦੇ ਨੂਰ ਤਾਈਂ।
ਰਹੇ ਮਜਨੂ ਤੇ ਮਫਤੂੰ ਹੋ ਉਥਾਈਂ॥

ਯੂਸਫ ਦਾ ਰੂਪ:--

ਡਿਠਾ ਨਾ ਜੋ ਹੁਸਨ ਦੀ ਬੈਹਰ ਦੀ ਝੁਲ ॥
ਗਿਆ ਝੁਲ ਝੁਲ ਗਿਆ ਝੁਲ ਝੁਲ ਗਿਆ ਝੁਲ ॥
ਜ਼ੁਲਫ਼ ਦੇ ਨਾਗਾਂ ਨੇ ਪਾਏ ਅਜਬ ਵਲ।
ਡੰਗਨ ਵਲ ਵਲ, ਡੰਗਨ ਵਲ ਵਲ ਡੰਗਨ ਵਲ ॥

ਕਵੀ ਜੀ ਨੇ ਅਪਨੀ ਰਚਨਾਂ ਵਿਚ "ਚਲੋ ਅਬਦੁਲ ਹਕੀਮਾ ਤਾਂ ਚਲਾਈ" ਤੁਕ ਨੂੰ "ਤਕੀਆ ਕਲਾਮ" ਬਨਾਇਆ ਹੈ। ਜਦੋਂ ਨਵਾਂ ਹਾਲ ਸ਼ੁਰੂ ਕਰਦੇ ਹਨ ਤਾਂ ਪੈਹਲੋਂ ਏਹੀ ਤੁਕ ਆਉਂਦੀ ਹੈ ਤੇ ਪੜ੍ਹਨ ਵਾਲਾ ਵੀ ਇਸ ਬੇ ਸਵਾਦਲੀ ਤੁਕ ਤੋਂ ਥੱਕ ਜਾਂਦਾ ਹੈ। ਕਵੀ ਜੀ ਦੀ ਬੋਲੀ ਪੱਛਮੀ ਪੰਜਾਬੀ ਹੈ ਅਰ ਸਿੰਧੀ ਨਾਲਵੀ ਟੱਕਰ ਖਾਂਦੀ ਹੈ। ਕਈ ਥਾਵਾਂ ਡਿਠੋਸੁ, ਦਿਤੋਸੁ, ਕੀਤੁਸ ਆਹੁਸ ਆਦਿ ਪਦ ਵਰਤੇ ਹਨ। ਇਹਨਾਂ ਦੀ ਰਚਨਾਂ ਨੇ ਪੰਜਾਬੀ ਬੋਲੀ ਦੇ ਖਜ਼ਾਨੇ ਨੂੰ ਕੋਈ ਵਧਾਇਆ ਨਹੀਂ, ਅੰਤਲੇ ਬੈਂਤਾਂ ਤੋਂ ਪਤਾ ਲਗਦਾ ਹੈ ਕਿ ਕਵੀ ਜੀ "ਮੁਅਲਮ" ਅਥਵਾ ਮੁੰਡੇ ਪੜ੍ਹਾਂਦੇ ਸਨਃ—

ਪੜ੍ਹਾਯੋ ਨਾਮ ਰੱਬ ਸਨ ਦੇ ਇਲਮ ਬੋਹਤਾ।
ਹੋਵੇ ਜੋ ਕਦਰ ਤੈਨੂੰ ਇਲਮ ਬੋਹਤਾ ॥
ਮਗਰ ਇਕ ਤੌਰ ਮੈਨੂੰ ਯਾਦ ਰਖਨਾਂ।
ਕਮੀਨਾਂ ਤੇ ਅਸੀਲਾਂ ਨੂੰ ਪਰਖਨਾਂ ॥
ਸਬਕ ਗੁਮਰਾਹ ਸਗ ਨੂੰ ਨਾਂ ਪੜ੍ਹਾਈਂ।
ਕੁਤੇ ਤੋਂ ਲਿੰਗ ਅਪਨਾ ਨਾ ਚਰਾਈਂ ॥
ਕਮੀਨਾਂ ਆਕਬਤ ਹੋਵੇ ਕਮੀਨਾਂ।
ਜੋ ਰਖਸੀ ਨਾਲ ਉਸਤਾਦਾਂ ਦੇ ਕੀਨਾ ॥

ਕਵੀ ਜੀ ਕਿਸੇ ਸ਼ਗਿਰਦ ਦੇ ਸਤਾਏ ਹੋਏ ਏਹ ਲਿਖਦੇ ਦਿਸਦੇ ਹਨ।

# ਮੀਆਂ ਨੌ ਰੋਜ਼

ਮੀਆਂ ਮੁਹੰਮਦ ਬਖਸ਼ ਤਖੱਲਸ "ਨੌ ਰੋਜ਼" ਮੁਲਤਾਨੀ ਦੇ ਮਸ਼ਹੂਰ ਕਵੀ ਹੋਏ ਹਨ। ਏਹ ਮੁਬਾਰਕ ਪੁਰ ਰਿਆਸਤ ਬਹਾਵਲ ਪੁਰ ਦੇ ਵਸਨੀਕ ਸਨ। ਏਹਨਾਂ ਦੀ ਕਵਿਤਾ ਕਾਫੀਆਂ ਤੇ ਡੋਹੜਿਆਂ ਵਿਚ ਹੈ ਅਰ ਮੁਲਤਾਨੀ ਦੇ ਸ਼ੌਕੀਨ ਇਸ ਨੂੰ ਬੜੀ ਕਦਰ ਨਾਲ ਵੇਖਦੇ ਹਨ ॥

ਕਵਿਤਾ ਦਾ ਰੰਗ ਕੁਝ ਕੁਝ ਸੂਫੀਆਂ ਨਾਲ ਮਿਲਦਾ ਹੈ ਸ਼ਿੰਗਾਰ ਰਸ ਵੀ ਚੰਗਾ ਬੱਧਾ ਹੈ, ਡੋਉੜੇ ਹਾਸ਼ਮ ਨਾਲ ਮਿਲਦੇ ਜੁਲਦੇ ਹਨ। ਏਹਨਾਂ ਨੇ ਚੋਖੀ ਕਵਿਤਾ ਲਿਖੀ ਅਰ ਇਕ ਦੀਵਾਨ ਵੀ ਬਨਾਇਆ, ਫਾਰਸੀ ਕਵਿਤਾ ਦੇ ਨਮੂਨੇ ਤੇ ਬੋਲੀ ਸਾਫ ਸੁਥਰੀ ਮੁਲ-ਤਾਨੀ ਹੈ।

ਵੰਨਗੀ:—

ਡੋਹੜੇ

ਸੂਲੀ ਚੜ੍ਹਨ ਤੋਂ ਅੜਨ ਕਨੇਵੇਂ ਜਿੱਥੇ ਸਾਂਗ ਦਿਲਾਂ ਦੇ ਅੜਦੇ, ਦੂਰ ਨਾ ਖੜਦੇ। ਝਲ ਝਲ ਚੋਟਾਂ ਚਾਟਾਂ. ਮੂੰਹ ਤੇ ਜ਼ੋਰੀ ਜ਼ੋਰ ਛੜਦੇ, ਦੂਰ ਨ ਖੜਦੇ। ਹਿਕ ਵਜ਼ਕੀ ਮਾਹਬੂਬਾਂ ਦੇ ਬਿਯਾ ਦੁੱਖ ਦੁੱਖ ਝੜ ਝੋਲੀ ਵੜਦੇ, ਦੂਰ ਨ ਖੜਦੇ। ਸਿਕ ਸਾਂਵਲ ਦੀ ਸਾੜੇ ਨਿੱਤ ਦਿਲ ਤਝਦੇ ਸੀਨੇ ਸੜਦੇ ਦੂਰ ਨ ਖੜਦੇ॥

ਸਿਕ ਸੁਨਾਇਆ ਉਭਾ ਟੁਰ ਟੁਰ ਸਾਂਗ ਪਿਉਸੇ ਲੰਮੇ, ਡੇਖੋ ਸਮੇਂ। ਦਿਲ ਕੌਂ ਦੋਸਤ ਨ ਘਨ ਦੇ ਤੋੜੇ ਡੇਵਾ ਬਾਝ ਦਹੱਮੇ ਡੇਖੋ ਸਮੇਂ। ਕਥ ਛੋੜੇ ਸੰਗਸੰਗੀਆਂ ਦੇ ਕਥ ਛੋੜੇ ਜਾਏ ਜੱਮੇ, ਡੇਖੋ ਸਮੇਂ। ਏ ਰੌਲੇ ਗਲ ਪਾਵੇ ਮੋਠੜੇ ਗੋਲ ਕਵਾਰੀ ਕੰਨੋਂ ਡੇਖੋ ਸਮੇਂ।

ਸੱਸੀ ਜਾਂਦੀ ਚੰਦਰ ਜੇਹੀ ਪਰ ਇਸ਼ਕ ਪਵਾਏ ਵੱਟੇ। ਵੱਟੇ ਜਿਸ ਨੂੰ ਮੂਲ ਨਾ ਲੱਗਨ ਮਾਸਾ ਰੱਤੀ ਨਾ ਘੱਟੇ ॥ ਪੱਟੇ ਵਾਲੇ ਤੇ ਫੁਲਵਾਲੇ ਪਾਵੇ ਸੌਜ਼ ਦੇ ਵਟੇ। ਪਏ ਨਾ ਨੌ ਰੌਜ਼ ਸੱਸੀ ਤੇੜੇ ਸਿਰ ਪੌਨ ਲੱਖ ਵੱਟੇ ॥ ਇਕ ਲੋਕਾਂ ਦੇ *ਤਾਂਘਨੜੇ ਬੇਈਆ ਬਿਰਹੋਂ ਦੀ ਭਾਂਹੀਂ ਬੱਲੀਆਂ। ਸੜ ਗਿਆ ਬਦਨ ਸੜੇਂਦਾ ਸੈ ਸੈ ਸੇਕ ਹਵਾੜਾਂ ਝੱਲੀਆਂ। ਯਾਰ ਨਾ ਆਣ ਸੁਹਾਈਆ ਅਸਲੋਂ ਸ਼ੈਹਰ ਸਾਡੇ ਦੀਆਂ ਗਲੀਆਂ। ਵੇਂਦੇਂ ਮਿਨਤ ਕਰੇਂਦੇ ਥਕ ਗਈਆਂ ਰੋਜ਼ ਪੈਰਾਂ ਦੀਆਂ ਤਲੀਆਂ। ਨੌ ਰੌਜ਼ ਆਨ ਸੁਹਾਏ ਹਾ ਹਿਕ ਵਾਰ ਜਵਾਨੀਆਂ ਢਲੀਆਂ ॥

ਹਾਸ਼ਮ ਦਾ ਰੰਗ ਹੈ। ਕਹੀ ਸੋਹਣੀ ਕਵਿਤਾ ਹੈ:—

ਮਾਹੀ ਮਿਠੜਾ ਕੋਲ ਹੋਵੇ ਤਾਂ ਮੈਂ ਦੌੜੇ ਵੇਸ ਕਰੇਸਾਂ ਕਰ ਡਖਲੇਸਾਂ। ਮੈਲੇ ਵੇਸ ਲਹੇਂਸਾ ਦਹੂਸਰ ਜਟੇ ਪੁਛਸਨ ਬੈਸਾਂ ਕਰ ਡਖਲੇਸਾਂ। ਦਿਲਬਰ ਕੌਨ ਵਿਚ ਗੋਸ਼ ਦਿਲਦੇ ਜਾਂਈ ਹੂਰ ਬਲਹੇਸਾਂ ਕਰ ਡਖਲੇਸਾਂ। ਦੁਸ਼ਮਨ ਦੂਤੀਆਂ ਸਾਰੀਆਂ ਕੂੰ ਹਿਕ ਨੋਂਹ ਨਾ ਡੇਖਨ ਡੇਸਾਂ। ਨੌ ਰੋਜ਼ ਏਹੋ ਦਰਦ ਦਰਦਾ ਮੈਂ ਮਿਠੜੀਆ ਸਿਰ ਚਲੇਸਾਂ ਕਰ ਡਖਲੇਸਾਂ। ਬੇਈ ਬੇ ਅਮਲੀ ਕਮਲੀ ਹਿਕੋ ਤੌਖ ਮਹੱਬਤ ਪਾਵਾਂ। ਨੌ ਰੋਜ਼ ਹੱਥ ਸੋਹਣਿਆਂ ਏ ਵੰਵ ਬਾਝ ਖਰੀਦ ਵਖਾਵਾਂ। ਕਿਸਮਤ ਸਾਂਗ ਬਨਾਏ ਆ ਵਲ ਨੈਨ ਨੈਨਾਂ ਦੇ ਵੇਖਨ। ਮੂੰਝ ਕੁਣੋਂ ਤਨ ਤਰੁਟਨ ਦੀਦਾ ਰਾਹ ਸਜਨਾ ਦਾ ਵੇਖਨ। ਤਾਂਘ ਸਤਾਈਆਂ ਦਿਲੀਂ ਅਸਾਡੀਆਂ ਨਿਤ ਪਤਨਾਂ ਦੇ ਵੇਖਨ ॥

---

†ਤਨਾੜੇ, ਨਿਹੋਰੇ।

ਸੂਲ ਪਏ ਸਿਰ ਪੁਰ ਮੈਂਡੇ ਬਧ ਇਸ਼ਕ ਚੁਆਈਆਂ ਪੰਡਾਂ।
ਪੈਰੀਂ ਖਾਰ ਰੇ ਬਾਰ ਬਿਰਹੋਂ ਖਾਣੀ ਹਥ ਲਵਾਈਆਂ ਕੰਡਾਂ।
ਤੂੰਦ ਫਰਾਕ ਨ ਪਾਵਨ ਡੇਵੇ ਸੌ ਸੌ ਗੀਤ ਪਲੰਡਾਂ।
ਨੇਂਹੁ ਨੌ ਰੋਜ਼ ਮਹਾਂਗਾ ਤੋੜੇ ਤਰੁਟੇ ਤਾਂਵਲ ਗੰਡਾਂ॥

ਏਹ ਕਵੀ ਫਾਰਸੀ ਦੇ ਚੰਗੇ ਜਾਨੂੰ ਸਨ ਇਸ ਕਰਕੇ ਏਹਨਾਂ ਅਪਨੀ ਕਵਿਤਾ ਨੂੰ ਫਾਰਸੀ ਦੀ ਰੰਙਨ ਦਿਤੀ ਹੈ ਅਰ ਕਿਧਰੇ ਵਜ਼ਨ ਵੀ ਗਜ਼ਲ ਦਾ ਵਰਤਿਆ। ਜੀਕਨ:-

ਰੁਤ ਆਈ ਰੁਖਸਾਰ ਚਮਨ ਤੇ ਗੁਲ ਫੁਲ ਖਿਲੇ ਤਾਜ਼ੇ।
ਗੁੰਚਾ ਤੰਗ ਤੇ ਰੰਗ ਗੁਲਾਬੀ ਗਇਆ ਨਰਗਸ ਬਾ ਨਾਜ਼ੇ।
ਬੁਲ ਬੁਲ ਥਈ ਖੁਸ਼ਹਾਲ ਸੁਣਾਏ ਐਨ ਵਸਾਲ ਆਵਾਜ਼ੇ।
ਦਾਇਮ ਦਰਦ ਮੰਦਾ ਕੌਂ ਐਵੇ ਨਾਜ਼ ਦੇ ਨਾਲ ਨਿਯਾਜ਼ੇ।
ਨੌਬਤ ਇਸ਼ਕ ਹਰ ਇਜ਼ਹਾਰੇ ਨਿਤ ਨਿਤ ਨੌ ਆਗਾਜ਼ੇ।
ਨੌ ਰੋਜ਼ਾ ਐ ਇਸ਼ਕ ਕਦੀਮੀ ਦਰ ਦਰਸਾਂ ਦਮ ਬਾਜ਼ੇ॥

ਗਜ਼ਲ ਤੇ ਬਨਾਈ, ਪਰ ਅਲੂਨੀ ਖਿਚੜੀ ਕਰ ਵਖਾਈ, ਨਾ ਪੜ੍ਹਨ ਵਾਲੇ ਨੂੰ ਸਵਾਦ ਨਾਂ ਸੁਨਣ ਵਾਲੇ ਨੂੰ। ਨੌ ਰੋਜ਼ ਹੋਰਾਂ ਦਾ ਜ਼ੋਰ ਡੋਹੜਿਆਂ ਵਿਚ ਈ ਹੈ। ਏਹਨਾਂ ਨੇ ਕਾਫੀਆਂ ਵੀ ਲਿਖੀਆਂ ਹਨ, ਪਰ ਅੰਤਕ ਪਦ ਵੱਖਰੇ ਢੰਗ ਈ ਵਰਤੇ ਹਨ ਪੰਜਾਬੀ ਕੰਨ ਨੂੰ ਰਸ ਘਟ ਆਉਂਦਾ ਹੈ, ਪਰ ਮੁਲਤਾਨੀ ਮੋਹਤ ਫਾਰਸੀ ਪਦ ਵੀ ਢੇਰ ਵਰਤਨ ਕਰਕੇ ਸਵਾਦ ਉਡ ਗਿਆ॥

ਵੰਨਗੀ ਕਾਫੀਆਂ:---

ਪਈ ਬਾਦੇ ਸ਼ੁਮਾਲ ਦੀ ਲੁਰਿਕ ਲੁਰਿਕ।
ਲੰਘ ਆਵਨ ਬਦਲੇ ਸੁਰਕ ਸੁਰਕ॥
ਅਖੀਂ ਠੱਕੀਆਂ ਵਲ ਵਲ ਫੁਰਕ ਫੁਰਕ।

ਲਗੇ ਬਦਲ ਗੱਜਨ ਆਈ ਸਾਵਨ ਰੁਤ ॥
ਇਕ ਵਾਰ ਸੇਹਨ ਤੇ ਬਈ ਚਿਕ ਚਿਕ।
ਰਲ ਟੁਰਨ ਸਈਆਂ ਸਭ ਵਿਲਕ ਵਿਲ਼ਕ ॥
ਮਿਠੀ ਦਿਲ ਕੌਂ ਸਿਕ ਤੈਂ ਯਾਰ ਦੀ ਛਿਕ।
ਕਰ ਸਾਂਗ ਮਿਲਨ ਆਈ ਸਾਵਨ ਰੁਤ ॥

ਪਤਨੋ, ਜੀਵੇਂ ਪਾਰ ਲੰਘਾ, ਬੇੜੀ ਵਾਲਿਆ ਮੀਰ ਮਲਾਹ। ਵੰਞਣਾ ਯਾਰ ਦੀ ਝੋਕ ਜਰੂਰ, ਲੰਘਣਾ ਸਾਂਕੋ ਪੈਹਲੜੇ ਪੂਰ, ਨਾ ਕਰ ਝਗੜਾ ਵੰਞ ਉਠਾ ॥ ਲੰਘ ਪਾਰੋਂ ਵਿਲਦਾਰ ਦੇ ਢੈਸਾਂ, ਜਿਥ ਕਥ ਤੈਂ ਕੌਂ ਯਾਦ ਕਰੈਸਾਂ, ਅਜਨ ਦੀ ਹੁਨ ਥੀਸੋ ਰਾਲਾ ॥ ਜੀਵੇਂ ਬੇੜੀ ਨਾਲ ਹਮੇਸਾ, ਵੈਹਨੇ ਵੈਹਨ ਨ ਗਾਲ ਹਮੇਸ਼ਾਂ, ਵੈਹਲਕ ਸਾਕੌਂ ਪਾਰ ਪੌਂਚਾ ॥ ਵੰਞ ਤੇਰਪੇ ਸੰਭਲ ਤੇ ਚੋਲੀ, ਸਾਕੋਂ ਅੱਧ ਦਰਿਆ ਨਾ ਰੋਂਲੀ, ਹੈ ਗਲ਼ ਤੈਂਡੇ ਲਾਜ ਏਹਾ ॥ ਤੂੰ ਸਰਦਾਰ ਪਤਨ਼ ਦਾ ਸਾਈਂ, ਸਾਕੌਂ ਕੰਦੀ ਪਾਰ ਪੌਂਚਾਈ, ਡੇਸੀ ਤਾਂ ਕੌਂ ਅਜਰ ਖੁਦਾ ॥ ਪੱਤਨ ਤੇਰੇ ਤੋਂ ਆਸੇਂ ਵੈਸਂ, ਪਏ ਤਿੜ ਤੇ ਵਝ ਪੈਰ ਨ ਡੇਸੌਂ, ਡੇਖੀ ਸਾਡਾ ਜੁਹਟ ਵਫਾ ॥ ਮੀਰ ਮਲਾਹ ਹੈਂ ਚੰਦਲ ਝਨ਼ਾਂ ਦਾ, ਸੁਹਾਂ ਸਾਡੀਆਂ ਘੜੀਆਂ ਡੇਹਾਂ ਦਾ, ਆ ਵਿਛੜੇ ਕੌਂ ਦੋਸਤ ਮਲਾ ॥ ਜੇ ਨੌ ਰੋਜ਼ ਕੌਂ ਬੇੜਾ ਲਾਵੈਂ, ਚੜ੍ਹਦੇ ਸਾਨੂੰ ਪਾਰ ਪੁਚਾਵੈਂ, ਡੇਖਾਂ ਦਿਲਬਰ ਨਾਜ਼ ਅਦਾ ॥

ਕੇਹਾ ਸੋਹਨਾ ਰੰਗ ਬੱਧਾ ਹੈ। ਪੱਤਨ ਤੇ ਮਲਾਹ ਅਗੇ ਅਰਜ਼ੋਈ, ਦਿਲ ਦੀ ਤਾਂਘ ਪਿਆਰੇ ਨੂੰ ਮਿਲਨ ਦੀ, ਛੇਤੀ ਪਾਰ ਲੰਘਨ ਦੀ ਛਿਕ ਨੂੰ ਕੇਹੀ ਸੋਹਣੀ ਤਰ੍ਹਾਂ ਨਭਾਇਆ ਹੈ ॥

ਮੰਨ ਸਾਡੀ ਦਿਲਬਰ ਯਾਰ ਸਲਾਹ,
ਨਾ ਫਿਰ ਮੁੜ ਹੋ ਖੈਰਖ੍ਵਾਹ ਮਲਾਹ ॥

ਧੱਮੀ ਰਾਤ ਤੇ ਸੇਜ ਤਿਆਰ ਹੋਵੇ,
ਹਿੱਕੋ ਢੰਗ ਤੇ ਸੰਗ ਸੰਗ੍ਰਾਰ ਹੋਵੇ,
ਬਯਾ ਲਟ ਪਟ ਬੋਸ ਕਨਾਰ ਹੋਵੇ,
ਮਨਜ਼ੂਰ ਕਰੋ ਇਕ ਵਾਰ ਸਲਾਹ ॥
ਲਿਖਿਆ ਹੋਸੀ ਕਿਸਮਤ ਮਾੜੀ ਕੋਂ,
ਚਸੀ ਵਾੜਾ ਸੌਲਾ ਸਾੜੀ ਕੋਂ,
ਹੈ ਜੀਵਨ ਗੇੜ ਉਜਾੜੀ ਕੋਂ,
ਯਾ ਤਾ ਮਾਰਨ ਹੈ ਤਲਵਾਰ ਸਲਾਹ ॥
ਨੌ ਰੋਜ਼ ਜੇ ਕਿਸਮਤ ਫੇਰ ਫਿਰੀ,
ਹੁਨ ਸਾਂਵਲ ਸਾਡੇ ਨਿਰੀ ਪਰੀ ।
ਏਹੋ ਵਾ ਰਾਜੇ ਨਾ ਫੇਰ ਫਿਰੀ,
ਕਰੇ ਅਸਲੋਂ ਪੀਤ ਪਿਆਰ ਸਲਾਹ ॥
ਠਮ ਠਮ ਕਰ ਆਇ ਮਾਹ ਬਦਰ,
ਜ਼ਰਾ ਖ਼ੂਬ ਨਿਗਰ ਦਰ ਹਰ ਲਹਰ ॥
ਕਿਆ ਜ਼ੁਲਫ਼ ਦੇ ਪੇਚ ਅਵੱਲੜੇ ਨੀ,
ਕਿਆ ਵਲ ਵਲ ਛਲ ਛਲ ਛੱਲੜੇ ਨੀ ।
ਹਰ ਵੇਲੜੇ ਜਾਦੂ ਭਲੜੇ ਨੀ,
ਹੱਥ ਲਾਵੇਂ ਡੇਖਾਂ ਫ਼ਿਕਰ ਕਰ ਕਰ ।
ਮੱਥੇ ਮਾਂਗ ਸੰਧੂਰੀ ਲਾਲੜੇ ਨੀ,
ਕੰਨੀ ਪੁਰ ਪੁਰ ਚਿਨੇ ਵਾਲੜੇ ਨੀ ।
ਕਿਆ ਸਬਜ਼ੇ ਅਬਰੂ ਵਾਲੜੇ ਨੀ,
ਵਾਹ ਨਕਸ਼ ਮੋਹਨ ਦਿਲਕਸ਼ ਦਿਲਬਰ ॥
ਦੋ ਨੈਨ ਮਿੱਠੇ ਮਦੂਵੇ ਮਸ਼ਰਬ,
ਮਿਯਗਾਂ ਤਿੱਖੇ ਜਿਵੇਂ ਨੇਸ਼ ਅਕਰਬ ।
ਤਰ ਤਰ ਨਿਗਾਹਾਂ ਖ਼ੂਨ ਤਲਬ,

ਤਰਫੈਨ ਲੜਨ ਹੱਥ ਕਰ ਖੰਜਰ ॥
ਰੁਖਸਾਰ ਉਤੋਂ ਗੁਲਜ਼ਾਰ ਸਦਕ ।
ਗੁਲਕਾਰ ਹਜ਼ਾਰ ਬਹਾਰ ਸਦਕ ।
ਯਲਗਾਰ ਤੇ ਮੁਸ਼ਕ ਅੰਬਾਰ ਸਦਕ,
ਹਮ ਖਾਲੇ ਸਿਆਹ ਖਾਦਮ ਬਰਦਰ।
ਨੱਕ ਨੱਥ ਵੇਖੋ ਬੋਲਾ ਬੈਨਸਰ,
ਬੰਦ ਬੰਦ ਥੀਏ ਜ਼ਿਚ ਹਰ ਗੌਹਰ ।
ਅਬਰੂ ਗਮਜ਼ੇ ਭਰ ਜ਼ੋਰ ਕਹਰ,
ਵਾਹ ਮਰਕ ਮੁਬਕ ਲਬ ਬੀਰ ਬਕਰ ।
ਬਾਂਹ ਲੋੜ ਡੇਖੋ ਧਜ ਟੋਰ ਡੇਖੋ ।
ਵਾਹ ਪਤਲੀ ਕਮਰ ਬਾ ਜ਼ੋਰ ਡੇਖੋ ।
ਲਬਕਰ ਸੰਗਾਰ ਦਾ ਹੋਰ ਡੇਖੋ ।
ਕਮ ਕਮ ਕਰ ਘਨ ਘਨ ਨੇਵਟ ॥
ਚਲ ਗੈਰ ਕਨੋਂ ਕਰ ਸਾਫ ਅੱਖਨ,
ਨੌ ਰੋਜ਼ ਕਰੋ ਨਿਤ ਨੌ ਦਰਸਨ ।
ਹੈ ਮੇਹਜ਼ ਜਦੀਦ ਨਾ ਸ਼ੇਅਰ ਕੁਹੱਨ,
ਏਹਾ ਘਾਬ ਡਸੀ ਵਾ ਵਾਹ ਰਾਬਰ ॥

ਕਵੀ ਜੀ ਦੀ ਕਵਿਤਾ ਬੜੀ ਸੁੰਦਰ ਅਰ ਰਸਦਾਇਕ ਹੈ। ਪੰਜਾਬੀ ਦੇ ਉਚੇ ਕਵੀਆਂ ਨਾਲ ਟਾਕਰਾ ਖਾਂਦੇ ਹਨ ਅਰ ਮੁਲਤਾਨੀ ਵਿੱਚ ਤੇ ਏਹਨਾਂ ਦੇ ਨਾਲ ਦਾ ਕੋਈ ਈ ਕਵੀ ਹੋਸੀ॥

# ਮੀਆਂ ਬਖਸ਼

ਏਹ ਕਵੀ ਵੀ ਮੁਲਤਾਨੀ ਦੇ ਮਸ਼ਹੂਰ ਕਵੀਆਂ ਵਿਚੋਂ ਹਨ ।

ਏਹਨਾਂ ਦੀ ਬਾਨ਼ੀ ਨੌਰੋਜ਼ ਨਾਲ ਕੁਝ ਕੁਝ ਮਿਲਦੀ ਹੈ ਅਰ ਉ...
ਰੰਙਨ ਤੇ ਵੈਹਨ ਵੀ ਹੈ। ਸੂਫੀਆਂ ਦਾ ਰੰਗ ਬਾਜ਼ੀਆਂ ਕਾਫੀਆਂ
ਵਿਚ ਝਲਕ ਮਾਰਦਾ ਹੈ ਬੋਲੀ ਫੇਰ ਪੰਜਾਬੀ ਨਾਲ ਮਿਲਦੀ ਹੈ,

ਸ਼ੁੱਧ ਮੁਲਤਾਨੀ ਨਹੀਂ, ਵੰਨਗੀ:–

## ਦੋਹੜੇ–

ਭੱਠ ਭਾਗ ਰਾਜ ਬਾਬਲ ਦਾ ਭਾਨੇ ਚਾਕ ਦੇ ਰੈਸਾਂ।
ਝੋਕ ਰਾਂਝਣ ਦੀ ਹੂਕ ਲਗੀ ਤਨ ਚੀਰ ਚਾਕ ਕਰੈਸਾਂ ॥
ਲਿਟਾਂ ਬਿਰਾਗਨ ਥੀਆਂ ਅੰਗ ਅੰਗ ਖਾਕ ਰਲੈਸਾਂ।
ਬਖਸ਼ ਪਿਆਰੇ ਚਾਕ ਬਾਝੋਂ ਉਠ ਪਈ ਗਮਨਾਕ ਜਲੈਸਾਂ ॥
ਚੜ੍ਹਦੇ ਸਾਂਵਨ ਮੀਂਹ ਬਰਸਾਵਨ ਕੋਇਲ ਬੋਲੇ ਰਾਤੀਂ ॥
ਅਗਨ ਪਪੀਹੇ ਚਿਲਕਨ ਚੇਹੇ ਗੂਨਾ ਗੂਨਦੀਆਂ ਬਾਤੀ ॥
ਝਲਕ ਲਿਸ਼ਕ ਲਿਸ਼ਕਾਰ ਬਦਲ ਗਜ ਝਿਮਝਿਮਮੀਂਹਬ੍ਰਸਾਂਤੀ।
ਬਖਸ਼ ਭੌਂ ਮਸਰੂਰ ਥੀਵਾਂ ਏ ਦੇਖ ਲੈ ਨੂਰ ਸਫਾਤੀਂ॥

ਬਰਸਾਤ ਦਾ ਕੇਹਾ ਸੋਹਨਾ ਰੰਗ ਬੱਧਾ ਹੈ ਕਮਾਲ ਕੀਤਾ ਹੈ ॥

ਹਾਲ ਬੇਹਾਲ ਕੰਗਾਲ ਫਿਰਾਂ ਗਿਆ ਫਟ ਝਨਾਂ ਦਾ ਜੱਟ ਸਾਨੂੰ।
ਲੱਗਾ ਫੱਟ ਅਲੱਟ ਕੁਲੱਟ ਕਰਾਂ ਗਿਆ ਝੱਟ ਵਿਚ ਫਟਕੇ ਸਟ ਸਾਨੂੰ।
ਏਨ ਫਟ ਕੌਂ ਝਟ ਕੀਤਾ, ਅੱਚਾ ਚੇਤ ਲੱਗੀ ਸਿਰ ਸੱਟ ਸਾਨੂੰ।
ਬਖਸ਼ ਸੱਈਆਂ ਸਿਰ ਚਾਂਵਨ ਮਟੀਆਂ ਇਸ਼ਕ ਚਵਾਏ ਮੱਟ ਸਾਨੂੰ।
ਦਰਦ ਸਿਆਲੇ ਪਾਇਮ ਆਪੇ ਫੇਰ ਕੇਂਦੇ ਗਲ ਘੱਤਾਂ।
ਸਵਲੜੇ ਦਰਦ ਰੰਞਾਨੀ ਕੌਂ ਖੜੇ ਮਾਰਨ ਪਲ ਪਲ ਲੱਤਾਂ।
ਨੈਂਨ ਨ ਰੈਂਹਦੇ ਝ੍ਰਿਮਨੋ ਬੈਠਾਂ ਵੈਨ ਕਜਾਂ ਕੇ ਕੱਤਾਂ।
ਇਸ਼ਕ ਵੰਞਾਈਆਂ ਮੱਤਾਂ ਕੁਝ ਹੁਨ ਬਖਸ਼ ਨਾਂ ਲਕਸਾਂ ਮੱਤਾਂ ॥

.ੲ ਨਾਹ ਕੁਫਰ ਗਲ ਪਾਕੇ ਤਾਰਕ ਹੋਏ ਈਮਾਨੋ।
ਤਸਬੀਹ ਤੋੜ ਵੜੇ ਤਿੰਦਨਾ ਨੇ ਗੁਜ਼ਰੇ ਬੇਦ ਗਿਆਨੋ।
.ਫਰ ਇਸਲਾਮ ਦੀ ਜਾ ਨਹੀਂ ਜੇਹੜੇ ਟਪ ਖੜੇ ਇਮਕਾਨੋ॥
ਬਖਸ਼ ਈਮਾਨ ਕੌਂ ਖਬਰ ਨਾ ਕਾਈ ਇਸ਼ਕ ਆਇਆ ਹੋਰ ਮਕਾਨੋ।
ਸੋਹਣੇ ਮੁਖ ਮਾਹਤਾਬ ਉਤੋਂ ਘੁੰਡ ਖੋਲ੍ਹ ਤਾਂ ਜਾਨ ਕੁਰਬਾਨ ਕਰਾਂ।
ਮੈਂ ਤੇ ਇਜਜ਼ ਨਿਆਜ਼ ਤੇ ਅਰਜ਼ ਭਾਵਨ ਢੋਲ ਤਾਂ ਜਾਨ ਕੁਰਬਾਨਕਰਾਂ।
ਮੈਂ ਤੇ ਹਾਲ ਬੇਹਾਲ ਤੇ ਮੇਹਰ ਸੇਤੀ ਮੂੰਹੋਂ ਬੋਲ ਤਾਂ ਜਾਨ ਕੁਰਬਾਨਕਰਾਂ।
ਮੈਂ ਤੇ ਬਖਸ਼ ਦੇ ਸਾਮ੍ਹਨੇ ਲਕ ਢੋਲ ਕਕਰ ਜੋਲ ਤਾਂ ਜਾਨ ਕੁਰਬਾਨਕਰਾਂ।
ਆਪੇ ਆਪ ਸਹੀ ਕਰ ਜਾਨੋ ਤੁਮ ਗੰਗਾਤੁਮ ਬੈਤ ਅਲਾਹ।
ਬੇਦ ਗਿਆਨ ਤੁਮਾਰੇ ਅੰਦਰ ਤੁਮ ਹੋ ਖਾਸ ਕਲਾਮ ਅਲਾਹ।
ਕਿਸ਼ਨ ਕਹੂੰ ਓਂਕਾਰ ਕਹੂੰ ਯਾ ਕਹੂੰ ਅਲੈਕ ਸਲਾਤ ਅਲਾਹ॥
ਬਖਸ਼ ਕਹੂੰ ਹਰਨੰਦ ਗੁਰੂ ਖੁਦ ਕਹੂੰ ਸ਼ਫੀ ਨਬੀ ਅਲਾਹ॥

ਸਾਰਾ ਸੂਫ਼ੀਆਂ ਦਾ ਰੰਗ ਹੈ, ਕਵੀ ਜੀ ਨੂੰ ਸੂਫੀਆਂ ਦੀ ਸੰਗਤ ਸੀ, ਤਾਂਹੀ ਬੁਲ੍ਹੇ ਵਾਂਗੂ ਖੁਲ੍ਹੇ ਬੋਲਦੇ ਹਨ॥

## ਕਾਫ਼ੀਆਂ –

ਟੇਕ:– ਜੋਗੀ ਡੇਖ ਕਿਵੇਂ ਉਠ ਆਂਦਾ ਸੱਈਆਂ। ਮਿਠੜੇ ਮਿਠੜੇ ਬੈਨ ਵਜਾਵੇ ਠੁਮਕ ਠੁਮਕ ਠੁਮਕਾਂਦਾ ਸੱਈਆਂ। ਇਸ ਜੋਗੀ ਦੇ ਨਾਜ਼ ਅਵਲੜੇ ਮੁਸਕ ਮੁਸਕ ਮੁਸਕਾਂਦਾ ਸੱਈਆਂ। ਮਦਵੇ ਮਦਵੇ ਨੈਨ ਬਨਾਕੇ ਜ਼ੋਰੀ ਜ਼ੋਰੀ ਮਨ ਭਾਂਦਾ ਸੱਈਆਂ। ਜੋਗੀ ਮੈਂ ਘਰ ਮੂਲ ਨਾਂ ਆਂਦਾ ਜੋ ਨਾਗ ਬਿਰਹੋਂ ਖਾਂਦਾ ਸੱਈਆਂ। ਇਸ ਜੋਗੀ ਦੀ ਦਰਦ ਟੰਢਾਲੀ ਗਲ ਗਿਆ ਮਾਸ ਹੱਡਾਂ ਦਾ ਸੱਈਆਂ। ਆ ਜੋਗੀ ਬਾਲਾ ਹਰਦਮ ਆਵੇਬਾਝ ਤੇਰੇ ਜਿਉੜਾ ਮਾਂਦਾ ਸੱਈਆਂ। ਹੁਨ ਜੋਗੀ ਕੋ ਮੈਂ ਸੰਞਾਤਾ ਰਾਂਝਨ ਚਾਕ ਤਾ

ਗਾਂਦਾ ਸੱਈਆਂ। ਇਸ ਜੋਗੀ ਕੋ ਮੈ ਰਜ ਰਜ ਲੱਸਾਂ ਵਿਛੜੀਆਂ ਗੇਈਆਂ ਡੇਹਾਂਦਾ ਸੱਈਆਂ। ਘੋਲਾਂ ਜੋਗੀ ਯਾਰਵੇ ਨਾਮ ਤੋਂ ਰੰਗਪੁਰ ਸ਼ੈਹਰ ਖੇੜਿਆਂ ਦਾ ਸੱਈਆਂ। ਯਾਰ ਮੇਰੇ ਸਿਰ ਆਨ ਲਹਾਇਆ ਬਖਸ਼ ਏਹ ਬਾਰ ਗਮਾਂ ਦਾ ਸੱਈਆਂ।

ਹੀਰ ਦੀ ਜਬਾਨੀ ਜੋਗੀ ਦੇ ਭੇਸ ਵਿਚ ਰਾਂਝਨ ਵੀ ਜੀ ਅ... ਕਰਾਈ ਪਰ ਡਾਢੀ ਸੋਹਣੀ। ਹੀਰ ਦਾ ਜੀ ਫੋਲਕੇ ਸਾਮ੍ਹਣੇ ਰਖ ਦਿਤਾ ਵਾਰਸ ਵਾਂਗਰ ਅੰਦਰ ਝਾਤੀ ਪਾਈ ਹੈ।

ਅਸੀ ਰੰਜੀਆਂ ਨੂੰ ਮਸਰੂਰ ਕਰੋ। ਦਰ ਆਈਆਂ ਨਾ ਦੂਰ ਕਰੋ। ਕਰ ਗੌਰ ਤੇ ਚਾ ਮਨਜ਼ੂਰ ਕਰੋ। ਅਸਾਂ ਭਾਂਦੀਆਂ ਖਾਹ ਨ ਭਾਂਦੀਆਂ ਕੋਂ॥ ਲਗੀ ਪੀਤ ਪ੍ਰੀਤ ਮਜ਼ੀਦ ਕਰੋ। ਨਾ ਆਪ ਕੋਂ ਸਾਫ਼ ਬਈਦ ਕਰੋ। ਤੁਸਾਂ ਬੇਸ਼ਕ ਯਾਰ ਖਰੀਦ ਕਰੋ। ਅਸਾਂ ਬਾਂਦੀਆਂ ਮੁਫਤ ਵਕਾਂਦੀਆਂ ਕੋਂ॥ ਕਰ ਮੇਹਰ ਪਿਆ ਦਿਲਯਾਦ ਕਰੋ, ਏਹ ਉਜੜੇ ਥਾਨ ਅਬਾਦ ਕਰੋ। ਬੇਚਾਰਿਆਂ ਤੇ ਅਮਦਾਦ ਕਰੋ, ਹੋਈ ਮੁਦਤ ਬੌਹ ਕੁਰਲਾਂਦਿਆਂ ਕੇ। ਕਡੀ ਬਖਸ਼ ਅਸਾਂ ਵਲ ਭਾਲ ਕਰੋ, ਆ ਨਾਲ ਵਿਸਾਲ ਨਿਹਾਲ ਕਰੋ। ਜ਼ਰਾ ਭਾਲ ਬਹੌਂ ਖੁਸ਼ਹਾਲ ਕਰੋ, ਅਸੀ ਫਟੀਆਂ ਦਰਦਾਂ ਦੀਆਂ ਕੌਂ॥

ਆਈ ਰੁਤ ਸਾਵਨ ਮਨ ਪਿਆਰੀ

ਅਬਰ ਘਟਾ ਘਟ ਗਜ ਗਜਕਾਰੇ। ਪਲ ਪਲ ਬਿਜਲੀ ਦੇ ਚਮਕਾਰੇ ਬਰਸਨ ਮੋਤੀ ਬੂੰਦ ਫਵਾਰੇ। ਕਰ ਬਾਦਲ ਹਫਤਾਰੀ॥

ਆਈ ਰੁਤ ਸਾਵਨ ਮਨ ਪਿਆਰੀ

ਮਿਠੜੀ ਪੌਨ ਮੇਰੇ ਮਨ ਭਾਵੇ। ਕੋਇਲ ਮਸਤ ਅਵਾਜ਼

ਸੁਨਾਵੇ। ਕੈਸੇ ਗੀਤ ਪਪੀਹਾ ਗਾਵੇ। ਰਿਮ ਝਿਮ ਮੇਘ ਮਲਹਾਰੇ। ਮਨ ਭਾਂਵਤ ਰੁਤ ਸਾਵਨ ਆਈ। ਕੁਲ ਸ਼ੈ ਤਰ੍ਹਾਂ ਸ਼ਿੰਗਾਰ ਬਨਾਈ। ਹੋਈ ਖੁਸ਼ਹਾਲ ਰਜ ਨਾ ਕਾਈ। ਪਾ ਫੁਰਹਤ ਯਕ ਬਾਰੀ॥ ਅਜ ਕਲ ਡੇਖ ਰੁਤੀ ਰੰਗ ਭਰੀਆਂ। ਹੁਨ ਗੁਲਸ਼ਨ ਮੈਂ ਸਬਜ਼ੀਆਂ ਤਰੀਆਂ। ਜੰਗਲ ਝਾੜਾਂ ਹੋਈਆਂ ਹਰੀਆਂ। ਹਰ ਕਸ ਖੂਬ ਸ਼ਿੰਗਾਰੇ॥ ਬਖਸ਼ਆਇਆ ਸਾਵਨ ਘਰ ਘਰ। ਖੂਬ ਸੁਹਾਵਨ ਖੁਸ਼ੀਆਂ ਕਰ ਕਰ। ਕਾਦਰ ਪੀਰ ਪਿਆਰੇ ਕੇ ਦਰ ਪਰ। ਕਰ ਸਿਸਦਾ ਲਖ ਵਾਰੀ॥

ਲਾਈ ਅਲਫ ਅਗਨ ਮੋਰੇ ਤਨ ਮਨ।
ਭੁਲ ਗਈ ਅਨ ਗਨ, ਇਨ ਬਿਨ ਉਨ ਬੁਨ॥

ਪਿਰਮ ਕੀ ਮੁਰਲੀ ਕਾਨ ਬਜਾਵੇ। ਗੂਨਾ ਗੂਨ ਅਵਾਜ ਸੁਨਾਵੇ। ਹਰ ਹਰ ਪਾਸਿਓਂ ਧੂਮ ਮਚਾਵੇ। ਹੈ ਅਨਹਦ ਕੀ ਧੁਨ ਧੁਨ ਘੁਨ ਘੁਨ॥

ਸੀਨੇ ਅੰਦਰ ਕੁਮ ਕੁਮ ਦੇਖੋ, ਯੇਹ ਤਮਾਸ਼ਾ ਘੁਮ ਘੁਮ ਵੇਖੋ। ਲੂੰ ਲੂੰ ਰੰਗ ਰਗ ਤੁਮ ਤੁਮ ਦੇਖੋ। ਹੈ ਘੁੰਗਰੂ ਕੀ ਛਮ ਛਮ ਛਨ ਛਨ॥ ਹੋਨ ਤੰਬੂਰ ਮਿਸਲ ਤਨ ਸਾਰੇ। ਕਿਆ ਬਮ ਜ਼ਬਰ ਖੁਲੀ ਹਰ ਤਾਰੇ। ਹਰ ਰਗ ਅਪਨਾ ਰਾਗ ਪੁਕਾਰੇ। ਅੱਖੀਆਂ ਖੋਲ ਡੇਖੋ ਕਲ ਘਣ ਘਣ। ਵਾਹਦਤ ਕਾ ਵੰਜਾਰਾ ਹੂੰ ਮੈਂ। ਹਰ ਰੰਗ ਢੰਗ ਮੈਂ ਸਾਰਾ ਹੂੰ ਮੈਂ। ਕਿਆ ਰੌਸ਼ਨ ਰੁਖਸਾਰਾ ਹੂੰ ਮੈਂ। ਰੰਗ ਰੂਪ ਦੇਖੋ ਜੋਬਨ ਧਨ। ਜਬ ਸੇ ਅਲਫ ਪੜ੍ਹਾਇਆ ਰਾਹਬਰ। ਕਰਕੇ ਨਜ਼ਰ ਮੁਨੱਵਰ ਅਨਵਰ। ਖੁਲੇ ਰਾਜ਼ ਰਮੂਜ਼ ਦੇ ਦਫਤਰ। ਦੇਖੀ ਸ਼ਕਲ ਖੂਬ ਜੜ ਬਨ ਤਨ। ਦੇਖੋ ਅਲਫ ਆਇਆ ਰੰਗ

ਭਰਿਆ । ਅਗੇ ਕਦਮ ਮੇਰੇ ਘਰ ਧਾ ।
ਖ ਦਨ ਕਾ ਹਰਿਆ । ਵਾਹਵਾ ਠਾ
ਬਨ ੯੯ । ਬਖਸ਼ ਯੇਹ ਜੋਤ ਜੱਗੀ ਜਬ । ਜਾਂਊ
ਕਿਆ ਫਿਰ ਮਸਜਦ ਮੰਦਰ । ਦੇਖੇ ਕਾਦਰ
ਪਾਂਊ ਸੁਖ ਤਨ ਚੈਨ ਅਮਨ ਮਨ ।।

ਕਵੀ ਜੀ ਏਕਤਾ ਦੇ ਘਰ ਵਿਚ ਬੁਲ੍ਹੇ ਵਾਂਗੂੰ ਨਸ਼ੰਗ ਹੋ ਬੋਲੇ ਸ਼ਰ੍ਹਾ ਤੋਂ ਪਾਰ ਲੰਗ ਗਏ । ਮਸਜਦ ਮੰਦਰ ਦਾ ਭੇਦ ਉਠ ਗਿਆ ਪਰ ਸਭ ਕੁਝ ਹੁੰਦਿਆਂ ਵੀ ਅਪਨੇ ਪੀਰ ਗੁਰੂ ਕਾਦਰ ਕਲੰਦਰ ਮੋਹਮਾ ਤੋਂ ਬਾਹਰ ਨਹੀਂ ਹੋਏ ।।

ਮੀਆਂ ਬਖਸ਼ ਜੀ ਦੀ ਕਵਿਤਾ ਉਚੀ ਪਦਵੀ ਦੀ ਹੈ । ਪ੍ਰਤੋਂ ਤੋਂ ਅੰਦਰਲੀ ਵੰਨੇ ਝਾਤੀ ਪਾਂਵਦੀ ਹੈ । ਰਚਨਾਂ ਤੋਂ ਰਚਨ ਹਾਰੇ ਵ ਲੈ ਜਾਂਦੀ ਹੈ । ਇਹਨਾਂ ਦੀ ਬੋਲੀ ਵੀ ਪੰਜਾਬੀ ਹੈ ਐਪਰ ਮੁਲਤਾ ਰੰਙਣ ਜ਼ਰੂਰੀ ਹੈ ਜੇ ਨੌ ਰੋਜ਼ ਹੋਰਾਂ ਸ਼ੰਗਾਰ ਰਸ ਵਿਚ ਕਮਾ ਵਖਾਇਆ । ਤਾਂ ਮੀਆਂ ਬਖਸ਼ ਹੋਰਾਂ ਵਾਹਦਤ ਵਿਚ ਰੁਤਬਾ ਪਾਇਆ ਏਹੀ ਨਹੀਂ ਰੁੱਤਾਂ ਦਾ ਰੰਗ ਵੀ ਚੰਗਾ ਬੱਧਾ, ਬਿਰਹਾਂ, ਤੇ ਇਸ਼ਕ ਨਹੀਂ ਭੁਲਾਇਆ ।

BKSNL-PUP
58758
ਬੁਧ ਸਿੰਘ